ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਜੁਲਾਈ - ਅਗਸਤ 2020




ਜਾਰਜ ਫਲਾਇਡ ਦੀ ਮੌਤ 'ਤੇ ਲੋਕ ਰੋਹ (2)

₹20



ਜਦੋਂ ਕੋਰੋਨਾ ਸਾਡੇ ਘਰ ਆ ਵੜਿਆ (10)

ਲਾਲ ਸਲਾਮ !

ਇੱਕ ਜੁਰਮ ? (13)



ਆਈਨਸਟੀਨ ਦਾ ਖਤ (47)

ਸਾਡੇ ਕੋਲ ਲੁੱਟ ਤੋਂ ਮੁਕਤੀ ਲਈ ਸੰਘਰਸ਼ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ...ਨਿਕੋਲ ਕਜ਼ਾਨ ਜਾਕਿਸ

## ਤੱਤੀ ਤਵੀ ਦਾ ਧਿਆਨ ਧਰਦਿਆਂ

ਵਕਤ ਦੀ ਤੱਤੀ ਤਵੀ 'ਤੇ
ਸੜਦੇ ਭੁੱਜਦੇ ਮਜ਼ਦੂਰੋ
ਮਰਦੇ ਬਜ਼ੁਰਗੋ
ਵਿਲਕਦੇ ਬੱਚਿਓ

ਤੁਹਾਡਾ ਗੁਨਾਹ ਹੈ ਕਿਰਤੀ ਹੋਣਾ
ਇਸ ਸਜ਼ਾ ਲਈ ਇਹ ਗੁਨਾਹ
ਕਾਫ਼ੀ ਹੈ ਅੱਜ ਕੱਲ੍ਹ
ਕਾਨੂੰਨ ਤੋਂ ਨਾਬਰ ਜਾਂ
ਹਕੂਮਤ ਤੋਂ ਬਾਗੀ ਹੋਣ ਦੀ ਸ਼ਰਤ ਨਹੀਂ
ਮੁਲਕ ਬਹੁਤ ਤਰੱਕੀ 'ਤੇ ਹੈ



ਗੁਰਪ੍ਰੀਤ ਬਠਿੰਡਾ

ਤੁਸੀਂ ਕਿਰਤੀ ਹੋਣ ਦੀ ਬਜਾਏ
ਹੁੰਦੇ ਹਿੰਦੂ, ਸਿੱਖ ਜਾਂ ਮੁਸਲਮਾਨ
ਨਹੀਂ ਨਹੀਂ, ਮੁਸਲਮਾਨ ਵੀ ਨਾ ਹੁੰਦੇ
ਅੱਜ ਕੱਲ੍ਹ ਸਰਕਾਰੀ ਹਵਾ ਤੰਤਰ
ਮੁਸਲਮਾਨੀ ਨੂੰ ਸੁੰਘ ਕੇ
ਆਦਮ ਬੋਅ ਆਦਮ ਬੋਅ ਕਰਦਾ

ਕਿਰਤੀ ਹੋਣ ਦੀ ਬਜਾਏ
ਕੋਰੋਨਾ ਕਾਲ ਦੇ ਹਿੰਦੂ ਜਾਂ ਸਿੱਖ ਹੁੰਦੇ
ਕਿਰਤ ਦੀ ਬਜਾਏ ਕਰਨ ਨਿਕਲੇ ਹੁੰਦੇ
ਦੂਰ ਦੁਰਾਡੇ ਦਰਸ਼ਨ ਦੀਦਾਰੇ
ਜਾਂ ਤੀਰਥ ਯਾਤਰਾ
ਫਿਰ ਤਾਂ ਕਰਦੀਆਂ 'ਸੈਕੂਲਰ' ਸੰਵਿਧਾਨ ਦੀਆਂ ਸਰਕਾਰਾਂ
ਤੁਹਾਨੂੰ ਘਰੀਂ ਪਹੁੰਚਾਉਣ ਲਈ
ਸਪੈਸ਼ਲ ਏ.ਸੀ. ਬੱਸਾਂ ਦਾ ਪ੍ਰਬੰਧ
ਪੂਰੀ ਸ਼ਰਧਾ ਸਹਿਤ

ਵਕਤ ਦੀ ਤੱਤੀ ਤਵੀ 'ਤੇ
ਸੜਦੇ ਭੁੱਜਦੇ ਮਰਦੇ ਮਜ਼ਦੂਰੋ
ਤੁਹਾਡਾ ਕਸੂਰ ਹੈ ਮਜ਼ਦੂਰ ਹੋਣਾ
ਏਨਾ ਕਸੂਰ ਇਸ ਸਜ਼ਾ ਲਈ ਕਾਫ਼ੀ ਹੁਣ
ਦੁਨੀਆਂ ਤਰੱਕੀ ਕਰ ਗਈ ਹੈ



ਜਸਵੰਤ ਜ਼ਫ਼ਰ

*ਜੋ ਵਿਅਕਤੀ ਧਰਮ ਦਾ ਡੂੰਘਾ ਅਧਿਐਨ ਕਰ ਲੈਂਦਾ ਹੈ ਉਹ ਨਾਸਤਿਕ ਹੋ ਜਾਂਦਾ ਹੈ ਜਾਂ ਫਿਰ ਧਰਮ ਨੂੰ ਆਪਣਾ ਹਥਿਆਰ ਬਣਾ ਲੈਂਦਾ ਹੈ। ... ਆਸਕਰ ਵਾਈਲਡ*


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ (94174 27538)

ਸਰਵਰਕ : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਔਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਤਕਰਾ


1. ਸੰਪਾਦਕੀ.......................... 1
2. ਜਾਰਜ ਫਲਾਇਡ ਦੀ ਮੌਤ 'ਤੇ ਲੋਕ ਰੋਹ .......................... 2
3. ਕੋਰੋਨਾ ਸੰਕਟ ਤੇ ਮੋਦੀ ਦੀ 'ਆਤਮ-ਨਿਰਭਰਤਾ' ............ 6
4. ਜਦੋਂ ਕੋਰੋਨਾ ਸਾਡੇ ਘਰ ਆ ਵੜਿਆ .................... 10
5. ਖ਼ਬਰ ਹੈ ਕਿ ...................... 12
6. ਲਾਲ ਸਲਾਮ-ਇੱਕ ਜ਼ੁਰਮ ....... 13
7. ਮਨੋਰੋਗ ਮਾਹਿਰ ਦੀ ਕਲਮ ਤੋਂ ... 15
8. ਹੱਡ ਬੀਤੀ ...................... 18
9. ਕੇਸ ਰਿਪੋਰਟ ...................... 19
10. ਪਾਰਟੀਸ਼ਨ ....................... 22
11. ਪੈੜਾਂ........................ 26-27
12. ਪਾਣੀ ........................... 28
13. ਮੈਂ ਤਰਕਸ਼ੀਲ ਕਿਵੇਂ ਬਣਿਆ .... 30
14. ਇਤਿਹਾਸਕ ਦਿਨ ............... 31
15. ਜੇਲ੍ਹਾਂ 'ਚ ਬੰਦ ਬੁੱਧੀਜੀਵੀ ........ 32
16. ਆਓ ਵਿਗਿਆਨਕ ਕਾਰਣ ਜਾਣੀਏ ......................... 35
17. ਬਾਲ ਪੰਨੇ ........................ 37
18. ਅੰਧ-ਵਿਸ਼ਵਾਸਾਂ ਦਾ ਹਨੇਰਾ ..... 40
19. ਕੋਰੋਨਾਵਾਇਰਸ- ਆਸਥਾ ਅਤੇ ਵਿਗਿਆਨ ....... 41
20. ਡਾ. ਜੀ. ਵਿਜਿਅਮ ............. 43
21. ਸਰਮਾਏਦਾਰੀ ਇੰਜਣ ............ 44
22. ਮੌਤ ਤੋਂ ਬਾਅਦ ਦਾ ਅਖੌਤੀ ਰਸਤਾ ........................... 46
23. ਆਈਨਸਟੀਨ ਦਾ ਖਤ .......... 47
24. ਪਾਠਕਾਂ ਦੇ ਖਤ .................. 48
25. ਪੇਸ਼ਕਦਮੀਆਂ .................... 50
26. ਆਖਰੀ ਪੰਨਾ .................... 52



**ਕੰਪੋਜ਼ਿੰਗ : ਹਰਪ੍ਰੀਤ ਰੂਬੀ (ਸ਼ਾਹਕੋਟ)**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਮੌਜੂਦਾ ਕੋਰੋਨਾ ਦੇ ਦੌਰ ਵਿੱਚ ਖੌਫ਼ ਅਤੇ ਪਾਬੰਦੀਆਂ ਦਾ ਮਾਹੌਲ ਬਣਾ ਕੇ ਸਾਡੇ ਰਾਜਨੀਤਕ ਪ੍ਰਬੰਧ ਵੱਲੋਂ ਲਗਾਤਾਰ ਕਿਰਤੀ ਜਨਤਾ ਨੂੰ ਦਰੜਿਆ ਜਾ ਰਿਹਾ ਹੈ। ਲੰਬੇ ਸਮੇਂ ਤੋਂ ਆਪਣੇ ਸੰਘਰਸ਼ਾਂ ਨਾਲ ਮਿਹਨਤਕਸ਼ ਜਨਤਾ ਵੱਲੋਂ ਆਪਣਾ ਖ਼ੂਨ ਵਹਾ ਕੇ ਬਣਵਾਏ ਕਿਰਤ ਕਾਨੂੰਨ ਖਤਮ ਕੀਤੇ ਜਾ ਰਹੇ ਹਨ। ਇੱਕ ਫੀਸਦੀ ਅਮੀਰਾਂ ਕੋਲ ਦੇਸ ਦੇ 60 ਫੀਸਦੀ ਲੋਕਾਂ ਤੋਂ ਜਿਆਦਾ ਦੌਲਤ ਇਕੱਠੀ ਹੋ ਚੁੱਕੀ ਹੈ ਅਤੇ ਮੌਜੂਦਾ ਪ੍ਰਬੰਧ ਵੱਲੋਂ ਆਪਣੀਆਂ ਨੀਤੀਆਂ ਨਾਲ ਹੋਰ ਦੌਲਤ ਉਹਨਾਂ ਵੱਲ ਧੱਕੀ ਜਾ ਰਹੀ ਹੈ। ਦੂਜੇ ਪਾਸੇ ਦੇਸ਼ ਦਾ ਅਸਲ ਸਰਮਾਇਆ ਕਿਰਤੀ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਕੇ ਤੜਫ ਤੜਫ ਕੇ ਮਰ ਰਹੇ ਹਨ। ਰੁਜ਼ਗਾਰ ਹੀਣ ਹੋਏ ਮਜ਼ਦੂਰਾਂ ਨੂੰ ਆਪਣੇ ਘਰਾਂ ਤੱਕ ਅਪੜਣ ਲਈ ਕੀ-ਕੀ ਜ਼ਫ਼ਰ ਘਾਲਣੇ ਪਏ ਅਤੇ ਰਸਤਿਆਂ ਵਿੱਚ ਉਹਨਾਂ ਨਾਲ ਕੀ-ਕੁਝ ਵਾਪਰਿਆ ਇਹ ਲੂੰ ਕੰਡੇ ਖੜੇ ਕਰਦਾ ਹੈ ਅਤੇ ਹਰ ਸੰਵੇਦਨਸ਼ੀਲ ਮਨੁੱਖ ਦੇ ਮਨ ਨੂੰ ਝੰਜੋੜਦਾ ਹੈ। ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲ੍ਹੇ ਵਿੱਚ ਆਪਣੇ ਘਰਾਂ ਨੂੰ ਪੈਦਲ ਪਰਤ ਰਹੇ ਥੱਕੇ ਹਾਰੇ ਆਰਾਮ ਕਰਨ ਲਈ ਰੇਲਵੇ ਪਟੜੀ 'ਤੇ ਸੁੱਤੇ ਪਏ 16 ਮਜ਼ਦੂਰਾਂ ਨੂੰ ਇੱਕ ਮਾਲ ਗੱਡੀ ਵੱਲੋਂ ਕੁਚਲ ਕੇ ਮਾਰ ਦਿੱਤਾ ਗਿਆ। ਮਹਾਂਰਾਸ਼ਟਰ ਵਿੱਚ ਨਾਸਿਕ ਤੋਂ ਸਤਨਾ (1000 ਕਿਲੋਮੀਟਰ ਦੂਰੀ) ਜਾਣ ਲਈ ਇੱਕ ਗਰਭਵਤੀ ਔਰਤ ਨੇ 70 ਕਿਲੋਮੀਟਰ ਤੁਰਨ ਤੋਂ ਬਾਅਦ ਮੁੰਬਈ-ਆਗਰਾ ਮਾਰਗ 'ਤੇ ਹੀ ਇੱਕ ਬੱਚੇ ਨੂੰ ਜਨਮ ਦਿੱਤਾ ਅਤੇ ਬੱਚੇ ਦੇ ਜਨਮ ਤੋਂ ਇੱਕ ਘੰਟੇ ਬਾਅਦ ਫਿਰ ਉਹ ਵਿਜਾਸਨ ਸਰਹੱਦ 'ਤੇ ਪਹੁੰਚਣ ਲਈ 160 ਕਿਲੋਮੀਟਰ ਪੈਦਲ ਤੁਰੀ। ਮੁਜੱਫਰਾਬਾਦ (ਬਿਹਾਰ) ਰੇਲਵੇ ਸਟੇਸ਼ਨ 'ਤੇ ਲੰਬੇ ਸਫਰ, ਭੁੱਖ ਪਿਆਸ ਤੋਂ ਪੀੜਤ ਇੱਕ ਔਰਤ ਰੇਲ ਗੱਡੀ ਤੋਂ ਉਤਰਣ ਬਾਅਦ ਰੇਲਵੇ ਸਟੇਸ਼ਨ 'ਤੇ ਅਰਾਮ ਕਰਨ ਲਈ ਬੈਠੀ ਹੀ ਜਾਨ ਤਿਆਗ ਗਈ ਅਤੇ ਮੌਤ ਤੋਂ ਅਣਜਾਣ ਉਸਦਾ 2-3 ਸਾਲ ਦਾ ਬੱਚਾ ਲਗਾਤਾਰ ਕੁਰਲਾ-ਕੁਰਲਾ ਕੇ ਉਸਦੇ ਕੱਪੜੇ ਖਿੱਚਦਾ ਰਿਹਾ। ਸਾਡਾ ਪ੍ਰਬੰਧ ਕਿੰਨਾ ਸੰਵੇਦਨਹੀਣ ਹੋ ਚੁੱਕਾ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕੇਂਦਰ ਸ਼ਾਸਿਤ ਰਾਜਾਂ ਅਤੇ ਭਾਜਪਾ ਸ਼ਾਸਿਤ ਰਾਜਾਂ ਵਿੱਚ ਪਰਵਾਸੀ ਕਾਮਿਆਂ ਦੀਆਂ ਤਕਲੀਫ਼ਾਂ ਨਾਲ ਜੁੜੇ ਮੁੱਦੇ ਅਤੇ ਮੌਜੂਦਾ ਸੰਕਟ ਨਾਲ ਨਜਿੱਠਣ ਲਈ ਸਰਕਾਰ ਦੀਆਂ ਨਾਕਾਮੀਆਂ ਨੂੰ ਪ੍ਰੈੱਸ ਵਿੱਚ ਲਿਆਉਣ ਵਾਲੇ ਪੱਤਰਕਾਰਾਂ 'ਤੇ ਵੱਖ-ਵੱਖ ਸਰਕਾਰਾਂ ਵੱਲੋਂ ਪਰਚੇ ਦਰਜ ਕੀਤੇ ਗਏ ਹਨ। ਗੁਜਰਾਤੀ ਖ਼ਬਰ ਪੋਰਟਲ, ਹਿਮਾਚਲ ਪ੍ਰਦੇਸ਼ ਦੇ ਛੇ ਪੱਤਰਕਾਰਾਂ ਖਿਲਾਫ਼ ਦਰਜ ਦਸ ਐੱਫ.ਆਈ.ਆਰਜ਼ ਅਤੇ ਹੋਰ ਕਿੰਨੇ ਹੀ ਮਾਮਲੇ ਸਾਡੇ ਸਾਹਮਣੇ ਹਨ। ਕਿਰਤੀਆਂ ਲਈ ਇਸ ਪ੍ਰਬੰਧ ਕੋਲ ਕੁਝ ਨਹੀਂ, ਦੂਜੇ ਪਾਸੇ ਭਾਰਤ ਨੇ ਨੇਪਾਲ ਦੇ ਪਸ਼ੂਪਤੀ ਨਾਥ ਮੰਦਰ ਕੰਪਲੈਕਸ ਵਿੱਚ 2.33 ਕਰੋੜ ਦੀ ਲਾਗਤ ਨਾਲ ਸੈਨੀਟੇਸ਼ਨ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਕਰਾਰ ਕੀਤਾ ਹੈ, ਕੇਦਾਰ ਨਾਥ ਵਿੱਚ ਪੁਨਰ ਉਸਾਰੀ ਪ੍ਰੋਜੈਕਟ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੰਡਾਂ ਦੀ ਕੋਈ ਘਾਟ ਨਾ ਆਉਣ ਦੇਣ ਦਾ ਭਰੋਸਾ ਦਿੱਤਾ ਹੈ। ਰਾਮਬਨ ਅਤੇ ਕੇਦਾਰ ਨਾਥ ਵਿੱਚ ਪੈਂਦੇ ਹੋਰ ਧਾਰਮਿਕ ਸਥਾਨਾਂ ਦੇ 'ਹੋਰ ਵਿਕਾਸ' ਦੇ ਵੀ ਨਿਰਦੇਸ਼ ਦਿੱਤੇ ਹਨ, ਅਤੇ ਮੰਦਰ ਨੇੜੇ ਬਣੀਆਂ ਸਮਾਧੀ ਗੁਫਾਵਾਂ ਨੂੰ ਹੋਰ ਆਕਰਸ਼ਤ ਬਨਾਉਣ ਦੀ ਗੱਲ ਕਹੀ ਹੈ। ਕੀ ਫਿਰ ਵੀ ਕੋਈ ਸ਼ੱਕ ਰਹਿ ਜਾਂਦਾ ਹੈ ਕਿ ਇਹ ਪ੍ਰਬੰਧ ਕਿੰਨ੍ਹਾਂ ਦਾ ਹੈ - ਲੋਕਾਂ ਦਾ ਜਾਂ ਜੋਕਾਂ ਦਾ?



# ਜਾਰਜ ਫਲਾਇਡ ਦੀ ਮੌਤ 'ਤੇ ਲੋਕ ਰੋਹ

**ਰਾਜਪਾਲ ਸਿੰਘ**

25 ਮਈ 2020 ਦੀ ਸ਼ਾਮ ਨੂੰ, 46 ਸਾਲਾਂ ਅਫਰੀਕੀ ਮੂਲ ਦੇ ਵਿਅਕਤੀ ਜਾਰਜ ਫਲਾਇਡ ਦੀ ਧੌਣ ਉੱਤੇ ਇੱਕ ਅਮਰੀਕੀ ਪੁਲੀਸ ਅਫ਼ਸਰ ਡੈਰੇਕ ਸ਼ੌਵਿਨ ਵੱਲੋਂ ਗੋਡਾ ਰੱਖੀ ਰੱਖਣ ਕਰਕੇ ਉਸਦੀ ਦਮ ਘੁਟਣ ਨਾਲ ਮੌਤ ਹੋ ਗਈ। ਜਾਰਜ ਫਲਾਇਡ ਉੱਤੇ ਦੋਸ਼ ਸੀ ਕਿ ਉਸ ਨੇ ਸਿਗਰਟਾਂ ਖਰੀਦਣ ਲਈ ਇੱਕ ਸਟੋਰ 'ਤੇ 20 ਡਾਲਰ ਦਾ ਨਕਲੀ ਨੋਟ ਚਲਾਇਆ ਸੀ ਜਿਸਦਾ ਪਤਾ ਚੱਲਣ 'ਤੇ ਸਟੋਰ ਮਾਲਕ ਨੇ ਪੁਲੀਸ ਬੁਲਾ ਲਈ ਸੀ। ਜਦ ਹੱਥਕੜੀ ਲੱਗੇ ਫਲਾਇਡ ਨੂੰ ਪੁਲੀਸ ਵੈਨ ਵਿੱਚ ਸੁੱਟਣ ਲੱਗੇ ਤਾਂ ਉਸ ਨੇ ਕੁੱਝ ਵਿਰੋਧ ਕੀਤਾ, ਤਦ ਡੈਰੇਕ ਨੇ ਉਸਨੂੰ ਹੇਠਾਂ ਸੁੱਟ ਕੇ ਉਸ ਦੀ ਧੌਣ ਨੂੰ ਆਪਣੇ ਗੋਡੇ ਨਾਲ ਦਬਾ ਲਿਆ ਜਿਸ ਨਾਲ ਉਸ ਦਾ ਦਮ ਘੁਟਣ ਲੱਗਾ ਅਤੇ ਉਹ ਹੇਠੋਂ ਰੌਲਾ ਪਾਉਂਦਾ ਰਿਹਾ ਕਿ 'ਮੈਨੂੰ ਸਾਹ ਨਹੀਂ ਆ ਰਿਹਾ, ਮੇਰੇ 'ਤੇ ਰਹਿਮ ਕਰੋ'। ਉਥੋਂ ਲੰਘ ਰਹੇ ਕੁਝ ਰਾਹਗੀਰਾਂ ਨੇ ਵੀ ਪੁਲੀਸ ਨੂੰ ਕਿਹਾ ਕਿ ਹੁਣ ਤਾਂ ਇਹ ਮਰ ਰਿਹਾ ਹੈ, ਕੋਈ ਵਿਰੋਧ ਨਹੀਂ ਕਰ ਰਿਹਾ, ਇਸ ਦੀ ਧੌਣ ਛੱਡ ਕੇ ਇਸ ਨੂੰ ਵੈਨ ਵਿੱਚ ਸੁੱਟ ਕੇ ਲੈ ਜਾਓ, ਪਰ ਡੈਰੇਕ ਉੱਤੇ ਉਸ ਨੂੰ ਗ੍ਰਿਫਤਾਰ ਕਰਨ ਨਾਲੋਂ ਕਾਲੇ ਲੋਕਾਂ ਪ੍ਰਤੀ ਨਫ਼ਰਤ ਦਿਖਾਉਣ ਦੀ ਭਾਵਨਾ ਭਾਰੂ ਹੋ ਚੁੱਕੀ ਸੀ। ਸੋ ਉਸ ਨੇ ਉਨ੍ਹਾਂ ਲੋਕਾਂ ਦੀ ਕੋਈ ਗੱਲ ਨਾ ਸੁਣੀ ਅਤੇ ਫਲਾਇਡ ਦੇ ਮਰ ਜਾਣ ਦੇ ਬਾਵਜੂਦ 8 ਮਿੰਟ 46 ਸੈਕਿੰਡ ਲਈ ਗੋਡਾ ਉਸ ਦੀ ਧੌਣ ਉਤੋਂ ਪਾਸੇ ਨਾ ਕੀਤਾ। ਉਸ ਦੇ ਕੋਲ ਖੜ੍ਹੇ ਤਿੰਨ ਹੋਰ ਪੁਲੀਸ ਵਾਲੇ ਵੀ ਇਹ ਸਾਰਾ ਕੁੱਝ ਦੇਖਦੇ ਰਹੇ ਪਰ ਉਨ੍ਹਾਂ ਨੇ ਵੀ ਡੈਰੇਕ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਨਹੀਂ, ਹਾਲਾਂਕਿ ਉਹ ਸਾਫ ਦੇਖ ਸਕਦੇ ਸਨ ਕਿ ਫਲਾਇਡ ਸਾਹ ਘੁੱਟਣ ਨਾਲ ਮਰ ਰਿਹਾ ਹੈ।

ਇਹ ਪੁਲੀਸ ਜੁਲਮ ਦੀ ਅਜਿਹੀ ਘਟਨਾ ਸੀ ਜਿਸ ਵਿੱਚ ਕਾਨੂੰਨ ਲਾਗੂ ਕਰਨ ਨਾਲੋਂ ਨਸਲਵਾਦੀ ਨਫ਼ਰਤ ਦਾ ਵੱਧ ਰੋਲ ਸੀ। ਇਹ ਘਟਨਾ ਅਮਰੀਕਾ ਦੀ ਕੋਈ ਪਹਿਲੀ ਘਟਨਾ ਨਹੀਂ ਸੀ ਅਤੇ ਨਾ ਹੀ ਕੋਈ ਨਿਵੇਕਲੀ ਘਟਨਾ ਸੀ। ਵਿਦਵਾਨ ਲੇਖਕ ਕੁਲਦੀਪ ਸਿੰਘ ਦੀਪ (ਡਾ.) ਵੱਲੋਂ ਆਪਣੇ ਇੱਕ ਲੇਖ ਵਿੱਚ ਦਿੱਤੇ ਵੇਰਵਿਆਂ ਅਨੁਸਾਰ ਸਾਲ 2014 ਵਿੱਚ ਵੀ ਇਸੇ ਤਰ੍ਹਾਂ ਹੋਇਆ ਸੀ ਜਦ ਨਿਊਯਾਰਕ ਦੇ ਕਾਲੇ ਰੰਗ ਦੇ 43 ਸਾਲਾਂ ਐਰਿਕ ਗਾਰਨਰ ਨੂੰ ਗ੍ਰਿਫਤਾਰ ਕਰਨ ਮੌਕੇ ਪੁਲੀਸ ਅਫ਼ਸਰ ਨੇ ਉਸ ਦੀ ਧੌਣ ਦੁਆਲੇ ਬਾਂਹ ਐਨੀ ਕੱਸ ਕੇ ਵਲੀ ਸੀ ਕਿ ਉਸਦੀ ਵੀ ਸਾਹ ਘੁੱਟ ਕੇ ਮੌਤ ਹੋ ਗਈ ਸੀ। ਉਂਝ ਵੀ ਇਹ ਜਾਣੀ ਪਛਾਣੀ ਸਚਾਈ ਹੈ ਕਿ ਅਮਰੀਕੀ ਪੁਲੀਸ, ਅਫਰੀਕੀ ਮੂਲ ਦੇ ਲੋਕਾਂ ਨੂੰ ਗ੍ਰਿਫਤਾਰ ਕਰਨ ਜਾਂ ਕਿਸੇ ਪ੍ਰਦਰਸ਼ਨ ਵਗੈਰਾ ਤੋਂ ਰੋਕਣ ਲਈ, ਬੇਲੋੜੀ ਸਖਤੀ ਅਤੇ ਹਿੰਸਾ ਕਰਦੀ ਹੈ ਜੋ ਅਸਲ ਵਿੱਚ ਗੋਰੇ ਪੁਲੀਸ ਵਾਲਿਆਂ ਦੇ ਮਨਾਂ ਵਿੱਚ ਪਈਆਂ ਨਸਲਵਾਦੀ ਭਾਵਨਾਵਾਂ ਦਾ ਹੀ ਪ੍ਰਗਟਾਅ ਹੁੰਦਾ ਹੈ।

*ਕਿੰਨੀ ਕੁ ਦੇਰ ਆਖਿਰ ਧਰਤੀ ਹਨੇਰ ਜਰਦੀ*
*ਕਿੰਨੀ ਕੁ ਦੇਰ ਰਹਿੰਦਾ ਖਾਮੋਸ਼ ਖ਼ੂਨ ਮੇਰਾ। - ਜਗਤਾਰ*

ਪਰ ਇਸ ਵਾਰ ਜੋ ਵਰਨਣਯੋਗ ਵਰਤਾਰਾ ਹੋਇਆ, ਉਹ ਸੀ ਇਸ ਘਟਨਾ ਦੇ ਖਿਲਾਫ਼, ਸਾਰੀ ਦੁਨੀਆ ਵਿੱਚ ਲੋਕ ਰੋਹ ਦਾ ਵਿਸ਼ਾਲ ਫੁਟਾਰਾ। ਅਸਲ ਵਿੱਚ ਜਦ ਪੁਲੀਸ ਅਫ਼ਸਰ ਫਲਾਇਡ ਦੀ ਧੌਣ ਉੱਤੇ ਗੋਡਾ ਰੱਖ ਕੇ ਉਸ ਨੂੰ ਮਾਰ ਰਿਹਾ ਸੀ ਤਾਂ ਉਥੋਂ ਲੰਘ ਰਹੀ 17 ਸਾਲਾ ਸਕੂਲੀ ਵਿਦਿਆਰਥਣ ਡਾਰਨੈਲਾ ਫਰੇਜ਼ਰ (Darnella Frazier) ਨੇ ਆਪਣਾ ਮੋਬਾਈਲ ਕੱਢ ਕੇ ਇਸਦੀ ਵੀਡੀਓ ਬਣਾ ਲਈ। ਅਗਲੇ ਦਿਨ ਜਦ ਉਸ ਨੇ ਇਹ ਵੀਡੀਓ ਫੇਸਬੁੱਕ ਉੱਤੇ ਪਾਈ ਤਾਂ ਸਾਰੀ ਦੁਨੀਆ ਵਿੱਚ ਇਸ ਘਟਨਾ ਦੀ ਅੱਖੀਂ ਡਿੱਠੀ ਜਾਣਕਾਰੀ ਪਹੁੰਚ ਗਈ। ਇਸ ਵੀਡੀਓ ਕਾਰਣ ਪੁਲੀਸ ਕੋਲ ਆਪਣੀ ਕਾਰਵਾਈ ਉੱਤੇ ਪਰਦਾ ਪਾਉਣ ਦਾ ਕੋਈ ਬਹਾਨਾ ਨਾ ਰਿਹਾ ਕਿਉਂਕਿ ਦਸ ਮਿੰਟ ਨੌਂ ਸੈਕਿੰਡ ਦੀ ਇਸ ਵੀਡੀਓ ਵਿੱਚ ਸਪਸ਼ਟ ਦਿਸ ਰਿਹਾ ਸੀ ਕਿ ਫਲਾਇਡ ਦੇ ਹੱਥ ਉਸ ਦੀ ਪਿੱਠ ਪਿੱਛੇ ਹਥਕੜੀ ਵਿੱਚ ਬੱਝੇ ਹੋਏ ਸਨ, ਉਹ ਪੁਲੀਸ ਦਾ ਮੁਕਾਬਲਾ ਕਰਨ ਦੀ ਸਥਿਤੀ ਵਿੱਚ ਨਹੀਂ ਸੀ, ਉਹ ਡੈਰੇਕ ਦੇ ਗੋਡੇ ਹੇਠ ਆਇਆ ਹੋਇਆ, ਉਸ ਨੂੰ ਤਰਸ ਕਰਨ ਲਈ 'ਪਲੀਜ਼, ਪਲੀਜ਼ ... ਮੈਂ ਸਾਹ ਨਹੀਂ ਲੈ ਸਕਦਾ' ਪੁਕਾਰ ਰਿਹਾ ਸੀ, ਜਦ ਉਹ ਹਿਲਣੋ ਜੁਲਣੋ ਹਟ ਗਿਆ ਤਦ ਵੀ ਡੈਰੇਕ ਨੇ ਆਪਣਾ ਗੋਡਾ ਉਸ ਤੋਂ ਨਹੀਂ ਚੁੱਕਿਆ ਅਤੇ ਨਾ ਹੀ ਉਸ ਦੇ ਸਾਥੀ ਪੁਲੀਸ ਮੁਲਾਜ਼ਮਾਂ ਨੇ ਉਸ ਨੂੰ ਛੱਡਣ ਲਈ ਕਿਹਾ। ਇਹ ਵੇਖਣ ਉਪਰੰਤ ਲੋਕਾਂ ਵੱਲੋਂ ਇਸ ਘਟਨਾ ਦੇ ਵਿਰੋਧ ਵਿੱਚ ਜਿਸ ਤਰ੍ਹਾਂ ਪ੍ਰਦਰਸ਼ਨਾਂ ਦਾ ਹੜ੍ਹ ਆਇਆ, ਉਹ ਮਾਨਵਵਾਦੀ ਸੋਚ ਦਾ ਸ਼ਾਨਦਾਰ ਪ੍ਰਗਟਾਵਾ ਬਣੇ ਹਨ। ਅਮਰੀਕਾ ਦੇ ਪੰਜਾਹ ਦੇ ਪੰਜਾਹ ਸੂਬਿਆਂ ਵਿੱਚ ਇਸਦੇ ਖਿਲਾਫ ਮੁਜਾਹਰੇ ਹੋਏ। ਉਹ

ਛੋਟੇ ਛੋਟੇ ਸ਼ਹਿਰ ਜੋ ਆਮ ਕਰਕੇ ਅਜਿਹੇ ਮਸਲਿਆਂ ਤੋਂ ਅਣਭਿੱਜ ਰਹਿੰਦੇ ਹਨ ਉਥੇ ਵੀ ਧਰਨੇ ਪ੍ਰਦਰਸ਼ਨ ਹੋਏ। ਅਮਰੀਕਾ ਦੇ ਰਾਸ਼ਟਰਪਤੀ ਦੀ ਰਿਹਾਇਸ਼ ਵਾਈਟ ਹਾਊਸ ਅੱਗੇ ਹੋਏ ਇੱਕ ਮੁਜ਼ਾਹਰੇ ਦੌਰਾਨ ਤਾਂ ਲੋਕਾਂ ਦਾ ਰੋਹ ਵੇਖ ਕੇ ਟਰੰਪ ਨੂੰ ਵਾਈਟ ਹਾਊਸ ਦੇ ਅੰਦਰ ਬਣੇ ਬੰਕਰ ਵਿੱਚ ਲੁਕਾਉਣਾ ਪੈ ਗਿਆ ਸੀ। ਖਾਸ ਗੱਲ ਕਿ ਇਨ੍ਹਾਂ ਮੁਜਾਹਰਿਆਂ ਵਿੱਚ ਗੋਰੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਇੱਕ ਸਰਵੇ ਮੁਤਾਬਿਕ 74% ਅਮਰੀਕੀ ਲੋਕਾਂ ਦਾ ਵਿਚਾਰ ਸੀ ਇਸ ਘਟਨਾ ਦੀਆਂ ਜੜ੍ਹਾਂ ਵਿੱਚ ਨਸਲਵਾਦੀ ਸੋਚ ਦਾ ਵੱਡਾ ਵਰਤਾਰਾ ਕੰਮ ਕਰ ਰਿਹਾ ਹੈ ਜਿਸ ਨੂੰ ਖਤਮ ਕਰਨ ਦੀ ਲੋੜ ਹੈ, ਜਦ ਕਿ 2014 ਵਿੱਚ ਐਰਿਕ ਦੀ ਮੌਤ ਬਾਅਦ ਕੇਵਲ 43% ਲੋਕਾਂ ਦਾ ਹੀ ਇਹ ਵਿਚਾਰ ਸੀ। ਅਜੋਕੇ ਦੌਰ ਵਿੱਚ, ਜਦ ਇਉਂ ਜਾਪਦਾ ਹੈ ਕਿ ਦੁਨੀਆ ਵਿੱਚ ਪਿਛਾਂਹਖਿੱਚੂ ਸੋਚ ਭਾਰੀ ਪੈ ਰਹੀ ਹੈ ਤਦ ਇਸ ਵਰਤਾਰੇ ਨੇ ਦਰਸਾਇਆ ਹੈ ਕਿ ਹੱਕ ਸੱਚ ਲਈ ਬੋਲਣ ਵਾਲੀਆਂ ਆਵਾਜਾਂ ਖਤਮ ਨਹੀਂ ਹੋਈਆਂ, ਜ਼ੁਲਮ ਤਸ਼ੱਦਦ ਦੇ ਖਿਲਾਫ਼ ਲੜ੍ਹਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ।

ਇਸ ਵਿਰੋਧ ਵਿੱਚ ਕੇਵਲ ਆਮ ਲੋਕ ਹੀ ਸਰਗਰਮ ਨਹੀਂ ਹੋਏ, ਪੁਲੀਸ ਵਿਚੋਂ ਵੀ ਮਾਨਵਵਾਦੀ ਸੋਚ ਵਾਲੇ ਮੁਲਾਜ਼ਮਾਂ ਨੇ ਆਪਣੇ ਵਿਚਾਰਾਂ ਅਤੇ ਐਕਸ਼ਨਾਂ ਰਾਹੀਂ ਧਰਨਾਕਾਰੀਆਂ ਨਾਲ ਹਮਦਰਦੀ ਜਤਾਈ। ਇਸ ਪ੍ਰਸੰਗ ਵਿੱਚ ਹਿਊਸਟਨ ਸ਼ਹਿਰ ਦੇ ਪੁਲੀਸ ਮੁਖੀ ਦਾ ਬਿਆਨ ਵਰਨਣਯੋਗ ਹੈ। ਉਸ ਨੂੰ ਜਦ ਇੱਕ ਟੈਲੀਵੀਜ਼ਨ ਇੰਟਰਵਿਊ ਵਿੱਚ ਪੁੱਛਿਆ ਗਿਆ ਕਿ ਰਾਸ਼ਟਰਪਤੀ ਟਰੰਪ ਕਹਿ ਰਿਹਾ ਹੈ - ਪੁਲੀਸ ਨੂੰ ਇਨ੍ਹਾਂ ਮੁਜਾਹਰਾਕਾਰੀਆਂ ਨਾਲ ਨਜਿੱਠਣ ਸਮੇਂ ਕਮਜੋਰੀ ਨਹੀਂ ਵਿਖਾਉਣੀ ਚਾਹੀਦੀ, ਇਨ੍ਹਾਂ ਉੱਤੇ ਭਾਰੀ ਪੈ ਕੇ ਕੁਚਲਣਾ ਚਾਹੀਦਾ ਹੈ, ਤੁਹਾਡੇ ਇਸ ਬਾਰੇ ਕੀ ਵਿਚਾਰ ਹਨ ? ਤਾਂ ਇਸ ਪੁਲੀਸ ਮੁਖੀ ਵੱਲੋਂ ਦਿੱਤਾ ਜਵਾਬ ਸੀ– 'ਮੈਂ ਸਾਰੇ ਪੁਲੀਸ ਮੁਖੀਆਂ ਦੀ ਤਰਫੋਂ, ਅਮਰੀਕਾ ਦੇ ਰਾਸ਼ਟਰਪਤੀ ਨੂੰ ਕਹਿਣਾ ਚਾਹਾਂਗਾ ਕਿ ਜੇ ਤੇਰੇ ਕੋਲ ਕਹਿਣ ਨੂੰ ਕੋਈ ਉਸਾਰੂ ਗੱਲ ਨਹੀਂ ਹੈ ਤਾਂ ਤੂੰ ਆਪਣਾ ਮੂੰਹ ਬੰਦ ਰੱਖ...ਇਥੇ ਕੋਈ ਭਾਰੂ ਪੈਣ ਦਾ ਮਸਲਾ ਨਹੀਂ, ਇਹ ਲੋਕਾਂ ਦੇ ਦਿਲ ਜਿੱਤਣ ਦਾ ਮਸਲਾ ਹੈ। ਦਿਆਲਤਾ ਨੂੰ ਕਮਜੋਰੀ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ।' ਇਸੇ ਤਰ੍ਹਾਂ ਅਮਰੀਕਾ ਦੇ ਸ਼ਹਿਰ ਮਿਆਮੀ ਵਿਖੇ ਪੁਲੀਸ ਨੇ ਗੋਡਿਆਂ ਪਰਨੇ ਹੋ ਕੇ ਮੁਜਾਹਰਾਕਾਰੀਆਂ ਨਾਲ ਇਕਮੁਠਤਾ ਪ੍ਰਗਟਾਈ। ਯਾਨੀ ਜਦ ਲੋਕ ਵੱਡੀ ਗਿਣਤੀ ਵਿੱਚ ਕਿਸੇ ਅਨਿਆਂ ਦੇ ਖਿਲਾਫ਼ ਉਠਦੇ ਹਨ ਤਾਂ ਸਰਕਾਰਾਂ ਵਿੱਚ ਕੰਮ ਕਰ ਰਹੇ ਜਮਹੂਰੀ ਹਿੱਸੇ ਵੀ ਉਨ੍ਹਾਂ ਨਾਲ ਆ ਰਲਦੇ ਹਨ; ਪਰ ਇਸ ਲਈ ਜਰੂਰੀ ਹੈ ਸਮਾਜ ਵਿੱਚ ਜਮਹੂਰੀ ਚੇਤਨਾ ਦਾ ਵੱਡੀ ਪੱਧਰ 'ਤੇ ਫੈਲਾਅ ਹੋਇਆ ਹੋਵੇ।

ਇਸ ਵਿਰੋਧ ਦੇ ਠੋਸ ਸਿੱਟੇ ਵੀ ਨਿਕਲੇ ਹਨ। ਪੁਲੀਸ ਅਫ਼ਸਰ ਡੈਰੇਕ ਸ਼ੌਵਿਨ ਉੱਤੇ ਕਤਲ ਦਾ ਮੁਕੱਦਮਾ ਦਰਜ ਹੋਇਆ ਹੈ ਅਤੇ ਉਥੇ ਹਾਜਰ ਤਿੰਨ ਪੁਲੀਸ ਵਾਲਿਆਂ ਉੱਤੇ ਕਤਲ ਵਿੱਚ ਸਹਿਯੋਗ ਕਰਨ ਦਾ ਮੁਕੱਦਮਾ ਦਰਜ ਕਰਕੇ ਪੁਲੀਸ ਮਹਿਕਮੇ ਵਿਚੋਂ ਕੱਢਿਆ ਗਿਆ ਹੈ। ਪੁਲੀਸ ਦੇ ਵਰਤਾਅ ਅਤੇ ਗ੍ਰਿਫਤਾਰੀ ਲਈ ਵਰਤੇ ਜਾਂਦੇ ਢੰਗ ਤਰੀਕਿਆਂ ਨੂੰ ਸੁਧਾਰਣ ਦੀ ਮੰਗ ਜੋਰਦਾਰ ਢੰਗ ਨਾਲ ਉੱਠੀ ਹੈ ਜਿਸ ਉੱਤੇ ਕੁਝ ਸੂਬਿਆਂ ਵਿੱਚ ਕਾਰਵਾਈ ਸ਼ੁਰੂ ਵੀ ਹੋ ਗਈ ਹੈ। ਟੀ.ਵੀ. ਸੀਰੀਅਲਾਂ ਵਿੱਚ ਕਾਲੇ ਰੰਗ ਦੇ ਪਾਤਰਾਂ ਨੂੰ ਨਾਂਹਪੱਖੀ ਰੂਪ ਵਿੱਚ ਪੇਸ਼ ਕਰਨ ਵਾਲੇ ਹਿੱਸਿਆਂ ਨੂੰ ਕੱਟਿਆ ਜਾ ਰਿਹਾ ਹੈ ਜਾਂ ਸਮੁੱਚੇ ਸੀਰੀਅਲ ਹੀ ਹਟਾਏ ਜਾ ਰਹੇ ਹਨ। ਕਾਲੇ ਰੰਗ ਦੇ ਅਫਰੀਕੀ ਮੂਲ ਦੇ ਲੋਕਾਂ ਪ੍ਰਤੀ ਮਾੜੀਆਂ ਭਾਵਨਾਵਾਂ ਨੂੰ ਮਾੜਾ ਸਮਝਣ ਵਾਲੀ ਧਾਰਨਾ ਫੈਲ ਰਹੀ ਹੈ। 'Black Lives Matter' ਯਾਨੀ 'ਕਾਲੇ ਲੋਕਾਂ ਦੀ ਜ਼ਿੰਦਗੀ ਮੁੱਲਵਾਨ ਹੈ' - ਕਹਿਣ ਵਾਲੀ ਲਹਿਰ ਸ਼ਕਤੀਸ਼ਾਲੀ ਰੂਪ ਅਖਤਿਆਰ ਕਰ ਰਹੀ ਹੈ।

**ਇਸ ਘਟਨਾ ਦਾ ਵਿਸ਼ਵ-ਪੱਧਰੀ ਪ੍ਰਤੀਕਰਮ -**

ਇਸ ਘਟਨਾ ਦਾ ਵਿਰੋਧ ਕੇਵਲ ਅਮਰੀਕਾ ਤੱਕ ਸੀਮਿਤ ਨਾ ਰਿਹਾ ਸਗੋਂ ਸਾਰੀ ਦੁਨੀਆ ਵਿੱਚ ਫੈਲ ਗਿਆ। ਇੰਟਰਨੈੱਟ ਉਤੋਂ ਮਿਲਦੀ ਜਾਣਕਾਰੀ ਮੁਤਾਬਿਕ 60 ਦੇਸ਼ਾਂ ਦੇ ਲਗਭਗ 2000 ਸ਼ਹਿਰਾਂ ਵਿੱਚ ਇਸ ਘਟਨਾ ਦੇ ਖਿਲਾਫ਼ ਪ੍ਰਦਰਸ਼ਨ ਹੋਏ ਅਤੇ ਹੋ ਰਹੇ ਹਨ। ਰੈਲੀਆਂ, ਮੁਜਾਹਰਿਆਂ ਦੇ ਨਾਲ ਨਾਲ ਇੱਕ ਹੋਰ ਵਰਤਾਰਾ ਉਨ੍ਹਾਂ ਲੋਕਾਂ ਦੇ ਬੁੱਤ ਤੋੜਨ ਦਾ ਸੀ ਜੋ ਕਿਸੇ ਸਮੇਂ ਕਾਲੇ ਗੁਲਾਮਾਂ ਦਾ ਵਪਾਰ ਕਰਦੇ ਰਹੇ ਜਾਂ ਨਸਲਵਾਦ ਦੇ ਹੱਕ ਵਿੱਚ ਬੋਲਦੇ ਰਹੇ ਸਨ। ਇਹ ਵਰਤਾਰਾ ਇਸ ਪੱਖੋਂ ਮਹੱਤਵਪੂਰਨ ਹੈ ਕਿ ਇਹ ਜਾਰਜ ਫਲਾਇਡ ਦੇ ਕਤਲ ਦੇ ਵਿਰੋਧ ਤੱਕ ਸੀਮਿਤ ਨਾ ਰਹਿ ਕੇ ਗੁਲਾਮਦਾਰੀ ਅਤੇ ਨਸਲਵਾਦ ਦੇ ਸਮੁੱਚੇ ਇਤਿਹਾਸ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਇੰਗਲੈਂਡ ਦੇ ਸ਼ਹਿਰ ਬ੍ਰਿਸਟਲ ਵਿੱਚ ਸਤਾਰਵੀਂ ਸਦੀ ਦੌਰਾਨ ਅਫਰੀਕਾ ਤੋਂ ਆਦਮੀ, ਔਰਤਾਂ ਅਤੇ ਬੱਚੇ ਲਿਆ ਕੇ ਗੁਲਾਮਾਂ ਵਜੋਂ ਵੇਚਣ ਵਾਲੇ ਐਡਵਰਡ ਕੋਲਸਟਨ ਦਾ ਬੁੱਤ ਡੇਗ ਕੇ ਪਾਣੀ ਵਿੱਚ ਰੋੜ੍ਹ ਦਿੱਤਾ ਗਿਆ। ਅਜਿਹੇ ਕੁਝ ਹੋਰ ਵਿਅਕਤੀਆਂ ਦੇ ਬੁੱਤਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਹੁਣ ਇਨ੍ਹਾਂ ਬੁੱਤਾਂ ਦੀ ਰਾਖੀ ਲਈ ਚਾਹੇ ਪੁਲੀਸ ਲਗਾ ਦਿੱਤੀ ਗਈ ਹੈ ਪਰ ਲੋਕਾਂ ਵੱਲੋਂ ਇਹ ਮੰਗ ਜੋਰ ਫੜ੍ਹ ਰਹੀ ਹੈ ਕਿ ਚੌਂਕਾਂ ਚੁਰਾਹਿਆਂ ਵਿੱਚ ਉਹਨਾਂ ਵਿਅਕਤੀਆਂ ਦੇ ਬੁੱਤ ਹੀ ਹੋਣੇ ਚਾਹੀਦੇ ਹਨ ਜਿਨ੍ਹਾਂ ਨੇ ਸਮਾਜ ਲਈ ਕੁਝ ਵਧੀਆ ਕੀਤਾ ਹੋਵੇ। ਸਿਰਫ ਪੈਸੇ ਦੇ ਜੋਰ ਬੁੱਤ ਲਗਵਾਉਣ ਵਾਲਿਆਂ

ਦੇ ਬੁੱਤ ਉਖਾੜ ਕੇ ਅਜਾਇਬ ਘਰਾਂ ਵਿੱਚ ਭੇਜ ਦੇਣੇ ਚਾਹੀਦੇ ਹਨ।

ਨਸਲਵਾਦ ਖਿਲਾਫ਼ ਇਸ ਤਰ੍ਹਾਂ ਦੀ ਸੰਸਾਰ ਪੱਧਰੀ ਲਹਿਰ ਦਾ ਉਠਣਾ ਇੱਕ ਨਵਾਂ ਅਤੇ ਹੌਂਸਲਾ ਵਧਾਊ ਵਰਤਾਰਾ ਹੈ। ਪਰ ਇੱਥੇ ਵਿਕਸਿਤ ਅਤੇ ਪਛੜੇ ਦੇਸ਼ਾਂ ਦੇ ਲੋਕਾਂ ਦੀ ਚੇਤਨਾ ਦੇ ਪੱਧਰ ਦਾ ਪਾੜਾ ਬੜਾ ਸਪਸ਼ਟ ਨਜ਼ਰ ਆਉਂਦਾ ਹੈ। ਜਿੱਥੇ ਯੌਰਪ ਦੇ ਸਾਰੇ ਦੇਸ਼ਾਂ ਵਿੱਚ ਲਗਭਗ ਸਾਰੇ ਮੁੱਖ ਸ਼ਹਿਰਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਧਰਨੇ ਮੁਜਾਹਰੇ ਹੋਏ ਉੱਥੇ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿੱਚ ਬਹੁਤ ਥੋੜ੍ਹੇ ਜਿਹੇ ਸ਼ਹਿਰਾਂ ਵਿੱਚ ਇਹ ਵਿਰੋਧ ਪ੍ਰਦਰਸ਼ਨ ਹੋਏ। ਗਿਣਤੀ ਪੱਖੋਂ ਵੀ ਯੌਰਪੀ ਦੇਸ਼ਾਂ ਵਿੱਚ ਮੁਜਾਹਰਾਕਾਰੀਆਂ ਦੀ ਗਿਣਤੀ ਹਜਾਰਾਂ ਵਿੱਚ ਹੁੰਦੀ ਸੀ ਜਦ ਕਿ ਏਸ਼ੀਆ ਦੇ ਸ਼ਹਿਰਾਂ ਵਿੱਚ ਇਹ ਗਿਣਤੀ ਸੈਂਕੜਿਆਂ ਵਿੱਚ ਵੀ ਮੁਸ਼ਕਿਲ ਨਾਲ ਪਹੁੰਚਦੀ ਸੀ। ਕੋਰੋਨਾ ਕਾਰਣ ਲੱਗੀਆਂ ਪਾਬੰਦੀਆਂ ਦੇ ਬਾਵਜੂਦ ਪੈਰਿਸ ਵਿੱਚ ਵੀਹ ਹਜਾਰ ਲੋਕਾਂ ਨੇ ਮੁਜਾਹਰਾ ਕੀਤਾ, ਜਰਮਨੀ ਦੇ ਵੱਖ ਵੱਖ ਸ਼ਹਿਰਾਂ ਵਿੱਚ ਹੋਏ ਮੁਜਾਹਰਿਆਂ ਵਿੱਚ ਸ਼ਾਮਲ ਲੋਕਾਂ ਦੀ ਕੁੱਲ ਗਿਣਤੀ ਇੱਕ ਲੱਖ ਤੋਂ ਉਪਰ ਬਣਦੀ ਸੀ। ਇਸੇ ਤਰ੍ਹਾਂ ਬ੍ਰਿਟੇਨ, ਇਟਲੀ, ਸਪੇਨ, ਹਾਲੈਂਡ ਵਰਗੇ ਦੇਸ਼ਾਂ ਵਿੱਚ ਵੱਡੀ ਪੱਧਰ ਉੱਤੇ ਲਗਾਤਾਰ ਰੈਲੀਆਂ ਅਤੇ ਮੁਜਾਹਰੇ ਹੁੰਦੇ ਰਹੇ। ਸਵੀਡਨ, ਨਾਰਵੇ, ਸਵਿਟਜ਼ਰਲੈਂਡ ਵਰਗੇ ਥੋੜ੍ਹੀ ਥੋੜ੍ਹੀ ਆਬਾਦੀ ਵਾਲੇ ਮੁਲਕਾਂ ਵਿੱਚ ਵੀ ਮੁਜਾਹਰਾਕਾਰੀਆਂ ਦੀ ਗਿਣਤੀ ਹਜਾਰਾਂ ਵਿੱਚ ਰਹੀ। ਇਸ ਦੇ ਮੁਕਾਬਲੇ ਭਾਰਤ ਵਿੱਚ ਕੇਵਲ ਕਲਕੱਤੇ ਵਿਖੇ ਰੋਸ ਪ੍ਰਗਟ ਕੀਤਾ ਗਿਆ। ਉੱਥੇ ਵੀ ਸ਼ਾਮਲ ਲੋਕਾਂ ਦੀ ਗਿਣਤੀ 50-60 ਹੀ ਸੀ। ਪਾਕਿਸਤਾਨ ਵਿੱਚ ਕੇਵਲ ਕਰਾਚੀ ਵਿੱਚ ਥੋੜ੍ਹੇ ਜਿਹੇ ਲੋਕਾਂ ਨੇ ਰੋਸ ਪ੍ਰਗਟਾਇਆ। ਲੰਕਾ ਵਿੱਚ ਕੋਲੰਬੋ ਵਿਖੇ 100 ਕੁ ਵਿਅਕਤੀ ਇਕੱਠੇ ਹੋਏ ਜਿਨ੍ਹਾਂ ਨੂੰ ਪੁਲੀਸ ਨੇ ਕਰੋਨਾ ਦਾ ਬਹਾਨਾ ਲਗਾ ਕੇ ਲਾਠੀਚਾਰਜ ਨਾਲ ਖਿੰਡਾ ਦਿੱਤਾ।

ਉਪਰੋਕਤ ਪਹਿਰੇ ਵਿੱਚ ਦਰਜ ਤੁਲਨਾਤਮਿਕ ਵੇਰਵੇ ਦਰਸਾਉਂਦੇ ਹਨ ਕਿ ਸਾਡੇ ਦੇਸ਼ ਵਿੱਚ ਜਮਹੂਰੀ ਚੇਤਨਾ ਦੀ ਕਿੰਨੀ ਘਾਟ ਹੈ। ਕਿਹਾ ਜਾ ਸਕਦਾ ਹੈ ਕਿ ਜਾਰਜ ਫਲਾਇਡ ਦਾ ਕੇਸ ਦੂਰ ਅਮਰੀਕਾ ਦਾ ਮਾਮਲਾ ਸੀ ਅਤੇ ਅਫਰੀਕੀ ਮੂਲ ਦੇ ਲੋਕਾਂ ਪ੍ਰਤੀ ਨਫ਼ਰਤਬਾਜੀ ਨਾਲ ਸਬੰਧਿਤ ਸੀ ਜਿਸ ਨਾਲ ਸਾਡਾ ਕੋਈ ਸਬੰਧ ਨਹੀਂ ਜੁੜਦਾ। ਠੀਕ ਹੈ ਜਾਰਜ ਫਲਾਇਡ ਦਾ ਕੇਸ ਸਾਡੇ ਸਮਾਜ ਨਾਲ ਸਬੰਧਿਤ ਨਹੀਂ ਸੀ ਪਰ ਸਾਡੇ ਕਿੰਨੇ 'ਜਾਰਜ ਫਲਾਇਡ' ਪੁਲੀਸ ਅਤੇ ਫਿਰਕੂ ਟੋਲਿਆਂ ਵੱਲੋਂ ਬੇਕਿਰਕੀ ਨਾਲ ਮਾਰੇ ਜਾਂਦੇ ਹਨ ? ਉਨ੍ਹਾਂ ਕਤਲਾਂ ਦੇ ਵਿਰੋਧ ਵਿੱਚ ਅਸੀਂ ਅਮਰੀਕੀ ਅਤੇ ਯੌਰਪੀ ਲੋਕਾਂ ਵਰਗੇ ਕਿੰਨੇ ਕੁ ਰੋਸ ਪ੍ਰਦਰਸ਼ਨ ਜਥੇਬੰਦ ਕਰ ਸਕੇ ? ਜੇ ਅਮਰੀਕਾ ਅਤੇ ਯੌਰਪ ਵਿੱਚ ਨਸਲਵਾਦ ਦੀ ਹੋਂਦ ਹੈ ਤਾਂ ਭਾਰਤ ਵਿੱਚ ਜਾਤੀਵਾਦ ਅਤੇ ਫਿਰਕੂਵਾਦ ਉਸ ਤੋਂ ਕਿਤੇ ਵੱਧ ਕਰੂਰ ਰੂਪ ਵਿੱਚ ਮੌਜੂਦ ਹੈ। ਇੱਥੇ ਦਲਿਤਾਂ ਅਤੇ ਮੁਸਲਮਾਨਾਂ ਪ੍ਰਤੀ ਜੋ ਭਾਵਨਾਵਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ ਉਹ ਅਮਰੀਕਾ ਵਿੱਚ ਅਫਰੀਕੀ ਕਾਲੇ ਲੋਕਾਂ ਪ੍ਰਤੀ ਪਾਈਆਂ ਜਾਂਦੀਆਂ ਭਾਵਨਾਵਾਂ ਤੋਂ ਕਿਤੇ ਵੱਧ ਮਾੜੀਆਂ ਅਤੇ ਮਾਰੂ ਹਨ। ਇਹ ਮੌਕਾ ਸੀ ਕਿ ਅਮਰੀਕੀ ਨਸਲਵਾਦ ਦੇ ਖਿਲਾਫ਼ ਉੱਠੇ ਰੋਹ ਵਿੱਚ ਭਾਰਤੀ ਫਿਰਕੂਵਾਦ ਅਤੇ ਜਾਤੀਵਾਦ ਨੂੰ ਜੋੜ ਕੇ ਸ਼ਾਮਲ ਹੋਇਆ ਜਾਂਦਾ। ਜੇ ਅਜਿਹਾ ਨਹੀਂ ਹੋ ਸਕਿਆ ਤਾਂ ਸਾਡੇ ਲਈ ਇਹ ਸੋਚਣ ਦਾ ਮੌਕਾ ਹੈ ਕਿ ਭਾਰਤ ਵਿੱਚ ਮਨੁੱਖ ਬਰਾਬਰੀ ਅਤੇ ਮਾਨਵੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਕਿਵੇਂ ਜੋਰਦਾਰ ਬਣਾਇਆ ਜਾਵੇ। ਅਜਿਹੀ ਸੋਚ ਪੈਦਾ ਕਰਨ ਦੀ ਜਰੂਰਤ ਹੈ ਜੋ ਕਿਸੇ ਨਾਲ ਵੀ ਹੁੰਦੇ ਧੱਕੇ ਖਿਲਾਫ਼ ਮੈਦਾਨ ਵਿੱਚ ਆ ਕੇ ਲੜ੍ਹਨ ਲਈ ਪ੍ਰੇਰਦੀ ਹੋਵੇ। ਇਸ ਮਾਮਲੇ ਵਿੱਚ ਯੌਰਪੀ ਲੋਕਾਂ ਤੋਂ ਸਿੱਖਣ ਦੀ ਲੋੜ ਹੈ ਤਾਂ ਜੋ ਜਮਹੂਰੀਅਤ ਕੇਵਲ ਸੰਵਿਧਾਨਕ ਸ਼ਬਦ ਨਾ ਰਹਿ ਕੇ ਲੋਕਾਂ ਦੀ ਸੋਚ ਦਾ ਹਿੱਸਾ ਬਣੇ।

**ਅਮਰੀਕਾ ਅਤੇ ਯੌਰਪ ਵਿੱਚ ਅਫਰੀਕੀ ਮੂਲ ਦੇ ਕਾਲੇ ਲੋਕਾਂ ਦਾ ਇਤਿਹਾਸਕ ਪਿਛੋਕੜ -**

ਅੱਜ ਅਮਰੀਕਾ ਵਿੱਚ ਜੋ ਅਫਰੀਕੀ ਮੂਲ ਦੇ ਕਾਲੇ ਲੋਕਾਂ ਦੀ ਵੱਡੀ ਗਿਣਤੀ ਪਾਈ ਜਾਂਦੀ ਹੈ ਇਸਦਾ ਮੁੱਢ ਸਤਾਰਵੀਂ ਸਦੀ ਵਿੱਚ ਬੱਝਿਆ ਜਦ ਅਫਰੀਕਾ ਵਿਚੋਂ ਕਾਲੀ ਨਸਲ ਦੇ ਆਦਮੀ, ਔਰਤਾਂ ਅਤੇ ਬੱਚੇ ਗੁਲਾਮ ਬਣਾ ਕੇ ਲਿਆਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਗੁਲਾਮਾਂ ਦੀਆਂ ਪਸ਼ੂਆਂ ਵਾਂਗ ਮੰਡੀਆਂ ਲਗਦੀਆਂ ਸਨ ਜਿੱਥੇ ਪੈਸੇ ਦੇ ਕੇ ਲੋਕ ਗੁਲਾਮ ਖਰੀਦ ਕੇ ਲੈ ਜਾਂਦੇ। ਇਨ੍ਹਾਂ ਗੁਲਾਮਾਂ ਦੀ ਹਾਲਤ ਬਹੁਤ ਖਰਾਬ ਹੁੰਦੀ ਸੀ। ਇਨ੍ਹਾਂ ਨੂੰ ਗੁਲਾਮ ਮਾਲਕ ਪਸ਼ੂਆਂ ਵਾਂਗ ਹੀ ਅੱਗੇ ਵੇਚ ਸਕਦਾ ਸੀ, ਕਿਰਾਏ 'ਤੇ ਦੇ ਸਕਦਾ ਸੀ, ਜਿੰਨੀ ਮਰਜੀ ਕੁੱਟਮਾਰ ਕਰ ਸਕਦਾ ਸੀ । ਇਸ ਅਮਲ ਵਿੱਚ ਪਤਨੀ ਕਿਸੇ ਹੋਰ ਸ਼ਹਿਰ ਵਿਕ ਜਾਂਦੀ, ਬੱਚੇ ਕਿਤੇ ਹੋਰ ਅਤੇ ਆਦਮੀ ਨੂੰ ਕੋਈ ਹੋਰ ਲੈ ਜਾਂਦਾ। ਇਨ੍ਹਾਂ ਦੀ ਦਰਦਨਾਕ ਹਾਲਤ ਦੀ ਸ਼ੁਰੂਆਤ ਅਫਰੀਕਾ ਤੋਂ ਜਹਾਜ ਚੜ੍ਹਾਉਣ ਵੇਲੇ ਹੀ ਸ਼ੁਰੂ ਹੋ ਜਾਂਦੀ ਜਦ ਇਨ੍ਹਾਂ ਨੂੰ ਸਮੁੰਦਰੀ ਜਹਾਜਾਂ ਦੇ ਤਹਿਖਾਨਿਆਂ ਵਿੱਚ ਸੰਗਲਾਂ ਨਾਲ ਨੂੜ ਕੇ ਰੱਖਿਆ ਜਾਂਦਾ; ਇਨ੍ਹਾਂ ਕੋਲ ਮੁਸ਼ਕਿਲ ਨਾਲ ਬੈਠਣ ਜੋਗੀ ਜਗ੍ਹਾ ਹੀ ਹੁੰਦੀ ਸੀ; ਕੋੜੇ ਮਾਰ ਮਾਰ ਕੇ ਉਨ੍ਹਾਂ ਨੂੰ ਕਾਬੂ ਵਿੱਚ ਰੱਖਿਆ ਜਾਂਦਾ; ਸਫ਼ਰ ਦੀਆਂ ਅਣਮਨੁੱਖੀ ਹਾਲਤਾਂ ਕਰਕੇ ਲਗਭਗ ਚੌਥਾ ਹਿੱਸਾ ਤਾਂ ਰਾਹ

ਵਿੱਚ ਹੀ ਮਰ ਮੁੱਕ ਜਾਂਦੇ ਸਨ ਅਤੇ ਜੋ ਜਿਉਂਦੇ ਪਹੁੰਚ ਜਾਂਦੇ ਉਨ੍ਹਾਂ ਦੀ ਦਰਦਨਾਕ ਜ਼ਿੰਦਗੀ ਗੁਲਾਮ ਮਾਲਕਾਂ ਦੇ ਘਰਾਂ ਵਿੱਚ ਸ਼ੁਰੂ ਹੋ ਜਾਂਦੀ। (ਐਲੈਕਸ ਹੇਲੀ ਦੇ ਨਾਵਲ 'ਰੂਟਸ' ਵਿੱਚ ਇਸ ਦਾ ਦਰਦਨਾਕ ਚਿਤਰਣ ਕੀਤਾ ਗਿਆ ਹੈ)। ਫਿਰ ਅੰਗਰੇਜ਼ ਪਾਦਰੀ ਇਨ੍ਹਾਂ ਨੂੰ ਦਸਦੇ ਕਿ ਉਹ ਮਾਲਕ ਦੀ ਜਾਇਦਾਦ ਹਨ ਅਤੇ ਮਾਲਕਾਂ ਦੀ ਸੇਵਾ ਕਰਨੀ ਉਨ੍ਹਾਂ ਦਾ ਪਵਿੱਤਰ ਫਰਜ਼ ਹੈ, ਤਾਂ ਜੋ ਉਹ ਬਗਾਵਤਾਂ ਦੇ ਰਾਹ ਨਾ ਪੈਣ।

ਉਸ ਸਮੇਂ ਅਮਰੀਕਾ ਦੀ ਹੋਂਦ ਬ੍ਰਿਟੇਨ ਦੀਆਂ ਬਸਤੀਆਂ ਦੇ ਸਮੂਹ ਵਜੋਂ ਸੀ। 1765 ਵਿੱਚ ਬ੍ਰਿਟੇਨ ਦੀ ਗੁਲਾਮੀ ਤੋਂ ਆਜਾਦ ਹੋਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। 1775 ਵਿੱਚ ਅਮਰੀਕਾ ਦੇ ਆਜਾਦੀ ਪਸੰਦਾਂ ਦੀ ਬ੍ਰਿਟਿਸ਼ ਬਸਤੀਵਾਦੀਆਂ ਨਾਲ ਜੰਗ ਸ਼ੁਰੂ ਹੋ ਗਈ ਜਿਸ ਦੇ ਸਿੱਟੇ ਵਜੋਂ 1783 ਵਿੱਚ 13 ਸਾਬਕਾ ਬਸਤੀਆਂ ਨੇ ਬ੍ਰਿਟੇਨ ਤੋਂ ਆਜਾਦੀ ਹਾਸਲ ਕਰਕੇ ਆਪਣੇ ਆਪ ਨੂੰ ਖ਼ੁਦਮੁਖਤਿਆਰ ਸੂਬਿਆਂ ਦੇ ਸੰਘ ਦੇ ਵਜੋਂ 'ਯੂਨਾਈਟਿਡ ਸਟੇਟਸ ਆਫ਼ ਅਮੈਰਿਕਾ' (U.S.A.) ਵਿੱਚ ਜਥੇਬੰਦ ਕਰ ਲਿਆ। ਇਸ ਆਜਾਦੀ ਸੰਘਰਸ਼ ਦੌਰਾਨ ਲੋਕਾਂ ਵਿੱਚ ਨਵੀਂ ਚੇਤਨਾ ਪੈਦਾ ਹੋਈ, ਜਿਸ ਦੇ ਸਿੱਟੇ ਵਜੋਂ ਉਤਰੀ ਰਾਜਾਂ ਵਿੱਚ ਗੁਲਾਮਦਾਰੀ ਪ੍ਰਥਾ ਨੂੰ ਕਨੂੰਨੀ ਤੌਰ ਉੱਤੇ ਖਤਮ ਕਰ ਦਿੱਤਾ ਗਿਆ ਪਰ ਦੱਖਣੀ ਰਾਜਾਂ ਨੇ ਇਸ ਪ੍ਰਥਾ ਨੂੰ ਖਤਮ ਕਰਨ ਤੋਂ ਨਾਂਹ ਕਰ ਦਿੱਤੀ। ਦੱਖਣੀ ਰਾਜਾਂ ਦੇ ਗੁਲਾਮ-ਮਾਲਕੀ ਪ੍ਰਥਾ ਨੂੰ ਜਾਰੀ ਰੱਖਣ ਪਿੱਛੇ ਪੈਦਾਵਾਰੀ ਸਾਧਨਾਂ ਵਿੱਚ ਹੋਏ ਤਕਨੀਕੀ ਵਿਕਾਸ ਦਾ ਵੀ ਰੋਲ ਸੀ। ਇਸ ਸਮੇਂ ਕਤਾਈ ਅਤੇ ਬੁਣਾਈ ਮਸ਼ੀਨਾਂ ਦੀ ਕਾਢ ਨਿਕਲ ਆਈ ਸੀ ਜਿਸ ਕਰਕੇ ਕਪਾਹ ਦੀ ਮੰਗ ਬਹੁਤ ਵਧ ਗਈ। ਦੱਖਣੀ ਰਾਜ ਕਪਾਹ ਪੈਦਾ ਕਰਨ ਲਈ ਬਹੁਤ ਯੋਗ ਸਨ ਅਤੇ ਅਸੀਂ ਜਾਣਦੇ ਹਾਂ ਕਿ ਕਪਾਹ, ਨਰਮੇ ਦੀ ਫਸਲ ਸੰਭਾਲਣ ਅਤੇ ਕਪਾਹ ਚੁਗਣ ਲਈ ਬਹੁਤ ਮਜਦੂਰਾਂ ਦੀ ਲੋੜ ਪੈਂਦੀ ਹੈ। ਸੋ ਦੱਖਣੀ ਰਾਜਾਂ ਨੇ ਸਸਤੀ ਮਜਦੂਰੀ ਲਈ ਗੁਲਾਮਾਂ ਦੀ ਵਰਤੋਂ ਜਾਰੀ ਰੱਖੀ।

ਇਨ੍ਹਾਂ ਅਫਰੀਕਨ ਮੂਲ ਦੇ ਗੁਲਾਮਾਂ ਤੋਂ ਕਿਸ ਜਾਲਮਾਨਾਂ ਢੰਗ ਨਾਲ ਕੰਮ ਲਿਆ ਜਾਂਦਾ ਸੀ ਇਸ ਬਾਰੇ ਇੱਕ ਚਸ਼ਮਦੀਦ ਗਵਾਹ ਨੇ ਲਿਖਿਆ ਹੈ ਕਿ "ਇੱਕ ਫਾਰਮ ਉੱਤੇ ਮਰਦ ਗੁਲਾਮ ਲਈ 80 ਪੌਂਡ (36 ਕਿਲੋ) ਅਤੇ ਔਰਤ ਗੁਲਾਮ ਲਈ 70 ਪੌਂਡ (31.75 ਕਿਲੋ) ਕਪਾਹ ਚੁਗਣੀ ਲਾਜ਼ਮੀ ਹੁੰਦੀ ਸੀ। ਜਿੰਨੇ ਪੌਂਡ ਘੱਟ ਹੁੰਦੀ, ਉਸਨੂੰ ਓਨੇ ਹੀ ਕੋੜੇ ਮਾਰੇ ਜਾਂਦੇ। ਕੋੜੇ ਮਾਰਨ ਦਾ ਪ੍ਰਬੰਧ ਕਪਾਹ ਤੋਲਣ ਵਾਲੇ ਕੰਡੇ ਕੋਲ ਹੀ ਕੀਤਾ ਗਿਆ ਸੀ।"

ਦੱਖਣੀ ਰਾਜਾਂ ਨੇ ਗੁਲਾਮਾਂ ਖਿਲਾਫ ਸਖਤ ਕਾਨੂੰਨ ਬਣਾਏ ਹੋਏ ਸਨ। ਮਿਸਾਲ ਵਜੋਂ ਕੈਰੋਲਿਨਾ ਸਟੇਟ ਵਿੱਚ ਕਾਲੇ ਗੁਲਾਮਾਂ ਦੇ ਪੜ੍ਹਨਾ ਲਿਖਣਾ ਸਿੱਖਣ ਉੱਤੇ ਸਖਤ ਪਾਬੰਦੀ ਸੀ, ਇਸਦੀ ਸਜਾ ਕੋੜੇ ਮਾਰਨਾ ਜਾਂ ਜੇਲ੍ਹ ਵਿੱਚ ਸੁੱਟਣ ਤੱਕ ਸੀ। ਮਾਮੂਲੀ ਹੁਕਮ ਅਦੂਲੀ ਪਿੱਛੇ ਭੁੱਖੇ ਰੱਖਣਾ, ਕੋੜੇ ਮਾਰਨਾ ਜਾਂ ਗੋਲੀ ਮਾਰ ਦੇਣੀ ਆਮ ਵਰਤਾਰਾ ਸੀ।

1860 ਵਿੱਚ ਅਬਰਾਹਮ ਲਿੰਕਨ ਨੇ ਗੁਲਾਮਦਾਰੀ ਪ੍ਰਥਾ ਖਤਮ ਕਰਨ ਦਾ ਨਾਅਰਾ ਲਾ ਕੇ ਰਾਸ਼ਟਰਪਤੀ ਦੀ ਚੋਣ ਲੜੀ ਅਤੇ ਉਹ ਜਿੱਤ ਗਿਆ। ਪਰ ਦੱਖਣ ਦੇ ਰਾਜ ਗੁਲਾਮ ਪ੍ਰਥਾ ਨੂੰ ਖਤਮ ਕਰਨ ਦੇ ਸਖਤ ਵਿਰੋਧੀ ਸਨ ਸੋ ਅਬਰਾਹਮ ਲਿੰਕਨ ਦੀ ਜਿੱਤ ਬਾਅਦ ਸੱਤ ਦੱਖਣੀ ਰਾਜਾਂ ਨੇ ਅਮਰੀਕੀ ਰਾਜ-ਸੰਘ ਤੋਂ ਅਲੱਗ ਹੋਣ ਦਾ ਫੈਸਲਾ ਕਰ ਲਿਆ। ਇਸ ਫੈਸਲੇ ਨਾਲ ਅਮਰੀਕਾ ਵਿੱਚ ਘਰੇਲੂ ਜੰਗ ਸ਼ੁਰੂ ਹੋ ਗਈ ਜੋ 1861 ਤੋਂ 1865 ਤੱਕ ਚਾਰ ਸਾਲ ਚਲਦੀ ਰਹੀ। ਇਸ ਦੌਰਾਨ ਇੱਕ ਜਨਵਰੀ 1863 ਨੂੰ ਲਿੰਕਨ ਨੇ ਗੁਲਾਮਾਂ ਦੀ ਆਜਾਦੀ ਦੇ ਐਲਾਨ ਉੱਤੇ ਦਸਤਖ਼ਤ ਕਰ ਦਿੱਤੇ ਜਿਸ ਨਾਲ ਕਿਸੇ ਵੀ ਮਾਲਕ ਦਾ ਕਿਸੇ ਹੋਰ ਇਨਸਾਨ ਨੂੰ ਗੁਲਾਮ ਰੱਖਣ ਦਾ ਕੋਈ ਅਧਿਕਾਰ ਨਾ ਰਿਹਾ। ਇਹ ਆਜਾਦ ਹੋਏ ਗੁਲਾਮ ਵੱਡੀ ਗਿਣਤੀ ਵਿੱਚ ਲਿੰਕਨ ਦੀਆਂ ਫੌਜਾਂ ਨਾਲ ਰਲ ਕੇ ਲੜੇ। ਆਖਰ ਦੱਖਣੀ ਰਾਜਾਂ ਦੀਆਂ ਫੌਜਾਂ ਹਾਰ ਗਈਆਂ ਅਤੇ ਅਮਰੀਕਾ ਵਿਚੋਂ ਕਾਨੂੰਨੀ ਰੂਪ ਵਿੱਚ ਗੁਲਾਮਦਾਰੀ ਪ੍ਰਥਾ ਦਾ ਅੰਤ ਹੋ ਗਿਆ।

ਇਸ ਉਪਰੰਤ ਚਾਹੇ ਅਫਰੀਕੀ ਮੂਲ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਕੰਮ ਲੈਣ ਦੀ ਪ੍ਰਥਾ ਦਾ ਕਾਨੂੰਨੀ ਅੰਤ ਹੋ ਗਿਆ ਪਰ ਅਮਰੀਕਾ ਵਿੱਚ ਇਨ੍ਹਾਂ ਲੋਕਾਂ ਦੀ ਆਰਥਿਕ ਸਮਾਜਿਕ ਹਾਲਤ ਮੰਦੀ ਹੀ ਰਹੀ। ਜ਼ਮੀਨਾਂ, ਕਾਰਖਾਨੇ ਅਤੇ ਕੰਪਨੀਆਂ ਉਪਰ ਰਵਾਇਤੀ ਤੌਰ 'ਤੇ ਹੀ ਗੋਰੇ ਲੋਕਾਂ ਦੀ ਮਲਕੀਅਤ ਚੱਲੀ ਆਉਂਦੀ ਸੀ। ਲੋਕਾਂ ਦੇ ਮਨਾਂ ਵਿੱਚ ਕਾਲੀ ਨਸਲ ਪ੍ਰਤੀ ਤੁਅਸੱਬ ਭਰੇ ਹੋਏ ਸਨ ਜੋ ਕਾਨੂੰਨਾਂ ਨਾਲ ਖਤਮ ਨਹੀਂ ਹੁੰਦੇ। ਬਹੁਤ ਥਾਵਾਂ ਉੱਤੇ ਕਾਲੇ ਲੋਕਾਂ ਨੂੰ ਜਾਣ ਦੀ ਮਨਾਹੀ ਹੁੰਦੀ ਸੀ; ਬੱਸਾਂ, ਗੱਡੀਆਂ ਵਿੱਚ ਗੋਰੇ ਲੋਕਾਂ ਲਈ ਵੱਖਰੀਆਂ ਸੀਟਾਂ ਹੁੰਦੀਆਂ ਸਨ ਜਿਨ੍ਹਾਂ ਉੱਤੇ ਕੋਈ ਕਾਲਾ ਵਿਅਕਤੀ ਬੈਠ ਨਹੀਂ ਸਕਦਾ ਸੀ; ਕਾਲੇ ਲੋਕਾਂ ਦੀਆਂ ਬਸਤੀਆਂ ਅਲੱਗ ਹੁੰਦੀਆਂ ਸਨ। ਇਨ੍ਹਾਂ ਸਾਰੇ ਵਿਤਕਰਿਆਂ ਅਤੇ ਗਰੀਬੀ ਨੇ ਮਿਲ ਕੇ ਕਾਲੇ ਲੋਕਾਂ ਵਿੱਚ ਨਸ਼ਿਆਂ ਅਤੇ ਅਪਰਾਧੀ ਪ੍ਰਵਿਰਤੀਆਂ ਨੂੰ ਬੜ੍ਹਾਵਾ ਦਿੱਤਾ। ਸਿੱਟੇ ਵਜੋਂ ਗੋਰੇ ਅਤੇ ਏਸ਼ੀਆਈ ਲੋਕਾਂ ਵਿੱਚ ਇਨ੍ਹਾਂ ਪ੍ਰਤੀ ਭੇਦਭਾਵ ਕਰਨ ਵਾਲਾ ਵਤੀਰਾ ਹੋਰ ਪੱਕਾ ਹੋਇਆ।

*...ਬਾਕੀ ਪੰਨਾ 14 'ਤੇ*

# ਕੋਰੋਨਾ ਸੰਕਟ ਤੇ ਮੋਦੀ ਦੀ 'ਆਤਮ-ਨਿਰਭਰਤਾ'



**ਹੇਮ ਰਾਜ ਸਟੈਨੋ**

ਕੋਰੋਨਾ ਮਹਾਂਮਾਰੀ ਦੀ ਭਿਆਨਕ ਤਸਵੀਰ ਸਭ ਦੇ ਸਾਹਮਣੇ ਹੈ। ਇਸਤੋਂ ਬਦਸੂਰਤ ਸ਼ਕਲ ਸਰਕਾਰਾਂ ਵੱਲੋਂ ਇਸਨੂੰ ਨਜਿੱਠਣ ਵਾਲੇ ਅਮਲੇ-ਫੈਲੇ ਨੂੰ ਲੋੜੀਂਦੇ ਸਮਾਨ ਅਤੇ ਸਹੂਲਤਾਂ ਤੋਂ ਵਾਂਝੇ ਰੱਖਣਾ ਅਤੇ ਲੋੜੀਂਦੇ ਹਸਪਤਾਲਾਂ ਦਾ ਨਾ ਹੋਣਾ ਵੀ ਸਭ ਦੇ ਸਾਹਮਣੇ ਹੈ। ਹਰ ਰੋਜ਼ ਇਸ ਸਬੰਧੀ ਖਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਕੋਰੋਨਾ ਨਾਲ ਨਜਿੱਠਣ ਦੀ ਬਦਇੰਤਜ਼ਾਮੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਡੇ ਦੇਸ਼ ਦਾ ਗ੍ਰਹਿ ਮੰਤਰੀ ਕੋਰੋਨਾ ਮਹਾਂਮਾਰੀ ਫੈਲਣ ਤੋਂ 84 ਦਿਨਾਂ ਬਾਅਦ ਮੀਟਿੰਗ ਕਰਕੇ ਫੈਸਲਾ ਲੈਂਦਾ ਹੈ ਕਿ ਦਿੱਲੀ 'ਚ ਰੋਜ਼ਾਨਾ 18000 ਟੈਸਟ ਕੀਤੇ ਜਾਇਆ ਕਰਨਗੇ। ਇੱਕ ਕਮੇਟੀ ਬਣਾਈ ਜਾਂਦੀ ਹੈ ਕਿ ਟੈਸਟ ਰੇਟ ਕਿੰਨਾ ਘੱਟ ਕੀਤਾ ਜਾਵੇ। ਇਨ੍ਹਾਂ ਨੂੰ ਕੋਈ ਪੁੱਛੇ ਕਿ ਜਦੋਂ ਦਿੱਲੀ 'ਚ ਧੜਾ-ਧੜ ਕੇਸ ਵਧ ਰਹੇ ਸਨ ਅਤੇ ਲੌਕਾਡਊਨ ਲੱਗਿਆ ਹੋਇਆ ਸੀ, ਉਸ ਵਕਤ ਇਹ ਕੰਮ ਕਿਉਂ ਨਾ ਚਾਲੂ ਕੀਤਾ ਗਿਆ? ਖੈਰ ਇਸ ਸਰਕਾਰ ਨੂੰ ਕੋਈ ਪੁੱਛਣ ਵਾਲਾ ਹੀ ਨਹੀਂ ਅਤੇ ਨਾ ਹੀ ਇਹ ਸਰਕਾਰ ਨੇ ਕੋਈ ਸੱਚ ਦੱਸਣਾ ਹੈ। ਨਾਜ਼ੀ(ਫਾਸ਼ੀ) ਜਰਮਨੀ ਵਿੱਚ ਜਦੋਂ 'ਸੋਫੀ' ਨਾਮ ਦੀ ਇੱਕ ਔਰਤ ਨੂੰ ਉਸਦੇ ਦੋ ਬੱਚਿਆਂ ਸਮੇਤ ਨਾਜ਼ੀ ਸਿਪਾਹੀ ਗੈਸ ਚੈਂਬਰ(ਜਿਸ ਵਿੱਚ ਗੈਸਾਂ ਛੱਡਕੇ ਮਨੁੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਸੀ) ਵਿੱਚ ਲੈ ਕੇ ਆਏ ਤਾਂ ਉਹਨਾਂ ਨੇ ਸੋਫੀ ਦੇ ਰੋਣ-ਕੁਰਲਾਉਣ ਤੋਂ ਮਗਰੋਂ ਉਸਦੇ ਦੋ ਬੱਚਿਆਂ ਵਿੱਚੋਂ ਇੱਕ ਨੂੰ ਜ਼ਿੰਦਾ ਛੱਡਣ ਦਾ ਵਾਅਦਾ ਕੀਤਾ, ਪਰ ਕੌਣ ਜ਼ਿੰਦਾ ਰਹੇਗਾ ਤੇ ਕੌਣ ਗੈਸ ਚੈਂਬਰ ਵਿੱਚ ਜਾਵੇਗਾ, ਇਸਦਾ ਫੈਸਲਾ ਉਹਨਾਂ ਨੇ ਸੋਫੀ 'ਤੇ ਹੀ ਛੱਡ ਦਿੱਤਾ। 1979 ਵਿੱਚ ਇਸੇ ਕਹਾਣੀ 'ਤੇ ਆਧਾਰਿਤ "ਸੋਫੀਜ਼ ਚੁਆਇਸ" ਨਾਮ ਦੇ ਨਾਵਲ ਦੀ ਸਫਲਤਾ ਤੋਂ ਬਾਅਦ ਅੰਗਰੇਜ਼ੀ ਵਿੱਚ ਸੋਫੀਜ਼ ਚੁਆਇਸ (Sophie's choice) ਮੁਹਾਵਰਾ ਹੀ ਚੱਲ ਪਿਆ। ਸਾਡੇ ਦੇਸ਼ ਦੀ ਹਕੂਮਤ ਦਾ ਵੀ ਬਸ ਇਹੋ ਚਾਲ-ਢਾਲ ਹੈ। ਕੋਰੋਨਾ ਦਾ ਸ਼ਿਕਾਰ ਹੋਣ ਵਾਲਿਆਂ ਨਾਲ ਵੀ ਇਹੀ ਵਾਪਰ ਰਿਹਾ ਹੈ। ਉਨ੍ਹਾਂ ਅੱਗੇ ਇਹ ਚੋਣ ਕਰਨ ਦਾ ਅਧਿਕਾਰ ਹੀ ਛੱਡਿਆ ਗਿਆ ਕਿ ਤੁਸੀਂ ਘਰੇ ਮਰਨਾ ਹੈ ਜਾਂ ਹਸਪਤਾਲ ਵਿੱਚ। ਪ੍ਰਵਾਸੀ ਮਜ਼ਦੂਰਾਂ ਕੋਲੋਂ ਤਾਂ ਇਹ ਅਧਿਕਾਰ ਵੀ ਖੋਹ ਲਿਆ ਗਿਆ ਜਾਪਦਾ ਸੀ ਕਿਉਂਕਿ ਜੇਕਰ ਉਹ ਪੈਦਲ ਜਾਂ ਸਾਈਕਲਾਂ 'ਤੇ ਪਿੰਡਾਂ ਨੂੰ ਪਰਤਣ ਲੱਗੇ ਤਾਂ ਉਨ੍ਹਾਂ ਨੂੰ ਘੇਰ ਘੇਰ ਕੇ ਪੁਲਿਸ ਡੰਡਾ-ਪਰੇਡ ਕਰਦੀ ਰਹੀ। ਜਿਹੜੀ ਹਕੂਮਤ ਕਹਿੰਦੀ ਹੈ ਕਿ ਸੋਸ਼ਲ ਦੂਰੀ ਭਾਵ ਸਰੀਰਕ ਦੂਰੀ ਬਣਾਈ ਰੱਖਣਾ ਜ਼ਰੂਰੀ ਹੈ, ਉਹ ਪ੍ਰਵਾਸੀ ਮਜ਼ਦੂਰਾਂ ਦੇ ਇਹ ਕੱਠਾਂ ਨੂੰ ਇੱਕ ਥਾਂ 'ਤੇ ਕੱਠਾ ਕਰਕੇ ਘੇਰਕੇ ਰੱਖਦੀ ਰਹੀ। ਭਾਰਤ ਵਿੱਚ ਕੋਰੋਨਾ ਦੇ ਕੇਸਾਂ ਦੀ ਗਿਣਤੀ ਲਗਾਤਾਰ ਵਧਣ 'ਤੇ ਪਰਵਾਸੀਆਂ ਦੇ ਸੰਕਟ ਉੱਤੇ ਚਿੰਤਾ ਜ਼ਾਹਿਰ ਕਰਦਿਆਂ ਬੰਬੇ ਹਾਈਕੋਰਟ ਨੇ ਕਿਹਾ ਕਿ ਮਹਾਂਮਾਰੀ ਨੇ ਇਹ ਪੱਖ ਖੁੱਲਕੇ ਸਾਹਮਣੇ ਲਿਆਂਦਾ ਹੈ ਕਿ ਸੰਵਿਧਾਨਕ ਤਸੱਲੀਆਂ ਦੇ ਬਾਵਜੂਦ, ਅਜਿਹੇ ਸਮਾਜ ਦੀ ਸਿਰਜਣਾ 'ਅਜੇ ਦੂਰ ਦੀ ਗੱਲ' ਹੈ ਜੋ ਸਾਰਿਆਂ ਨੂੰ ਬਰਾਬਰ ਮੌਕੇ ਮੁਹੱਈਆ ਕਰਵਾਉਂਦਾ ਹੋਵੇ।...ਜੱਜਾਂ ਨੇ ਕਿਹਾ ਕਿ ਕੋਵਡ-19 ਸੰਕਟ ਤੇ ਲਾਕਡਾਊਨ ਨੇ ਭਾਰਤੀ ਅਰਥਚਾਰੇ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਤੇ ਸਾਰਿਆਂ ਨੇ ਦੇਖਿਆ ਹੈ ਕਿ ਮੁਲਕ 'ਚ ਪਰਵਾਸੀ ਕਾਮਿਆਂ ਦੀ ਸਥਿਤੀ ਕਿੰਨੀ 'ਤਰਸਯੋਗ' ਹੈ।

ਪ੍ਰਧਾਨ ਮੰਤਰੀ ਮੋਦੀ ਆਪਣੇ ਭਾਸ਼ਨਾਂ 'ਚ ਇਸ ਸੰਕਟ ਨੂੰ ਇੱਕ ਮੌਕੇ(ਨਿਆਮਤ) ਵਜੋਂ ਵਰਤਣ ਦਾ ਸੱਦਾ ਦਿੰਦਾ ਰਿਹਾ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪ੍ਰਧਾਨ ਮੰਤਰੀ ਦੇ ਬਿਆਨ ਅਨੁਸਾਰ ਕਰੋਨਾ ਸੰਕਟ ਦੇ ਇਸ ਮੌਕੇ ਨੂੰ ਨਿਆਮਤ ਜਾਣਕੇ ਬਿਆਨ ਦਿੱਤਾ ਕਿ ਕਿਸਾਨਾਂ ਦੀਆਂ ਫਸਲਾਂ ਦੇ "ਸਮਰਥਨ ਮੁੱਲ ਤੋਂ ਆਰਥਿਕਤਾ ਨੂੰ ਖਤਰਾ" ਹੈ।

ਕੇਂਦਰੀ ਸਰਕਾਰ ਨੇ ਇਸ ਸਬੰਧੀ ਤਿੰਨ ਆਰਡੀਨੈਂਸ ਜਾਰੀ ਕੀਤੇ ਹਨ। ਇਨ੍ਹਾਂ ਆਰਡੀਨੈਂਸਾਂ ਦੀ ਸ਼ਬਦੀ ਵਿਆਖਿਆ 'ਚ ਨਾ ਜਾਂਦੇ ਹੋਏਂ ਆਪਾਂ ਇਨ੍ਹਾਂ ਦੇ ਮੂਲ ਤੱਤ ਨੂੰ ਸਮਝਦੇ ਹਾਂ। ਉਹ ਹੇਠ ਲਿਖੇ ਅਨੁਸਾਰ ਹਨ:-

1.ਫਸਲਾਂ ਦੀ ਸਰਕਾਰੀ ਖਰੀਦ ਦੀ ਸਫ ਲਪੇਟਣਾ,

2.ਫਸਲਾਂ ਦੇ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਪੀ.) ਦਾ ਭੋਗ ਪਾਉਣਾ;

3.ਅੰਨ ਦਾ ਸਰਕਾਰੀ ਭੰਡਾਰ ਖਤਮ ਕਰਨਾ; ਅਤੇ

4.ਖੇਤੀ ਦਾ ਅਣਸਰਦਾ ਸਹਾਰਾ ਸਬਸਿਡੀਆਂ ਨੂੰ ਬੰਦ ਕਰਨਾ।

ਇਹ ਗੱਲ ਦਾ ਸਾਰਿਆਂ ਨੂੰ ਪਤਾ ਹੀ ਹੈ ਕਿ ਆਏ ਸਾਲ ਕੇਂਦਰ ਵੱਲੋਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਕਿਸਾਨੀ ਆਪਣਾ ਰੋਸ ਜ਼ਾਹਰ ਕਰਦੀ ਰਹੀ ਹੈ। ਹੁਣ ਕੇਂਦਰ

ਨੇ ਕੋਰੋਨਾ ਸੰਕਟ ਨੂੰ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਲਾਗੂ ਕਰਨ ਨੂੰ ਨਿਆਮਤ ਮੌਕਾ ਸਮਝਿਆ ਹੈ। ਇਸ ਲਈ ਪਹਿਲਾਂ ਪਹਿਲੇ ਨੁਕਤੇ 'ਤੇ ਗੱਲ ਕਰਦੇ ਹਾਂ ਕਿ ਇਨ੍ਹਾਂ ਨੇ ਫਸਲਾਂ ਦੀ ਸਰਕਾਰੀ ਖਰੀਦ ਦੀ ਸਫ ਲਪੇਟ ਦਿੱਤੀ ਹੈ। ਕਿਸੇ ਨੂੰ ਲੱਗ ਸਕਦਾ ਹੈ ਕਿ ਹੁਣ ਸ਼ਾਇਦ ਕਿਸਾਨ ਆਪਣੀ ਮਰਜ਼ੀ ਨਾਲ ਫਸਲਾਂ ਵੇਚ ਸਕਣਗੇ। ਜੇ ਕੋਈ ਅਜਿਹਾ ਸੋਚਦਾ ਹੈ ਤਾਂ ਉਹ ਬਹੁਤ ਭੁਲੇਖੇ 'ਚ ਹੈ। ਅੱਜ ਵੀ ਜਿਹੜੀਆਂ ਕਿਸਾਨੀ ਦੀਆਂ ਖੇਤੀ ਦੀਆਂ ਵਸਤਾਂ ਦਾ ਸਰਕਾਰੀ ਮੁੱਲ ਤੈਅ ਨਹੀਂ ਉਨ੍ਹਾਂ ਦਾ ਬਹੁਤ ਹੀ ਨਿਗੂਣਾ ਭਾਅ ਮਿਲਦਾ ਹੈ। ਅੱਜ ਕੱਲ ਗੰਢਿਆਂ ਬਾਰੇ ਇੱਕ ਕਿਸਾਨ ਨੇ ਕਿਹਾ ਕਿ ਉਨ੍ਹਾਂ ਦੀ ਸਾਰੀ ਲਾਗਤ ਲੱਗਕੇ ਉਨ੍ਹਾਂ ਨੂੰ ਘਰੇ ਇਹ ਗੰਢੇ 6 ਰੁਪੈ ਕਿੱਲੋ ਪੈਂਦੇ ਹਨ। ਪਰ ਉਨ੍ਹਾਂ ਨੂੰ ਮੰਡੀ ਵਿੱਚ ਇਸਦਾ ਮੁੱਲ 2 ਰੁਪੈ ਕਿੱਲੋ ਮਿਲ ਰਿਹਾ ਹੈ। ਇੱਕ ਦਲੀਲ ਇਹ ਵੀ ਦਿੱਤੀ ਜਾ ਸਕਦੀ ਹੈ ਕਿ ਇਹ ਆਰਡੀਨੈਂਸ ਮੰਡੀਕਰਨ ਨੂੰ ਖਤਮ ਨਹੀਂ ਕਰਦਾ ਬਲਕਿ ਇਹ ਤਾਂ ਮੰਡੀਆਂ 'ਚ ਖਰੀਦਦਾਰਾਂ ਦੀ ਮੁਕਾਬਲੇਬਾਜ਼ੀ ਵਧਾਕੇ ਕਿਸਾਨਾਂ ਦੀਆਂ ਫਸਲਾਂ ਦਾ ਮੁੱਲ ਵਧਾਏਗਾ। ਇਹ ਬਹੁਤ ਹੀ ਲੁਭਾਵਣੀ ਸ਼ਬਦਾਵਲੀ ਹੈ। ਪਰ ਇੱਥੇ ਸੁਆਲ ਇਹ ਉੱਠਦਾ ਹੈ ਕਿ ਜੇਕਰ ਸਮਰਥਨ ਮੁੱਲ ਕੇਂਦਰ ਸਰਕਾਰ ਵੱਲੋਂ ਤੈਅ ਵੀ ਕਰ ਦਿੱਤੀ ਜਾਂਦਾ ਹੈ ਤੇ ਮੰਡੀਕਰਨ ਵੀ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਕੌਣ ਹੈ ਜੋ ਪ੍ਰਾਈਵੇਟ ਵਪਾਰੀਆਂ ਨੂੰ ਮੁਕਾਬਲੇਬਾਜ਼ੀ 'ਚ ਪੈਣ ਤੋਂ ਰੋਕਦਾ ਹੈ? ਸੋ ਇਸ ਦਲੀਲ 'ਚ ਕੋਈ ਦਮ ਨਹੀਂ।

ਇਸਤੋਂ ਇਲਾਵਾ ਵੀ ਸਾਡੇ ਹੀ ਦੇਸ਼ ਦੇ ਬਿਹਾਰ ਸੂਬੇ ਦਾ ਅਮਲੀ ਤਜਰਬਾ ਵੀ ਸਾਡੇ ਸਾਹਮਣੇ ਹੈ। ਸੰਨ 2006 'ਚ ਬਿਹਾਰ ਵਿੱਚ ਖੇਤੀ ਮੰਡੀਆਂ ਦਾ ਭੋਗ ਪਾ ਦਿੱਤਾ ਸੀ। ਇਸਦਾ ਸਿੱਟਾ ਇਹ ਹੋਇਆ ਕਿ ਇਕੱਲੇ ਇਕੱਲੇ ਕਿਸਾਨ ਨੂੰ ਆਪਣੀ ਫਸਲ ਵੇਚਣ ਲਈ ਖੱਜਲ-ਖੁਆਰ ਹੋਣਾ ਪਿਆ, ਵਪਾਰੀਆਂ ਨੇ ਮਰਜ਼ੀ ਦੀ ਕੀਮਤ ਉੱਪਰ ਫਸਲ ਖਰੀਦੀ ਅਤੇ ਟਰੱਕਾਂ ਦੇ ਟਰੱਕ ਭਰ ਕੇ ਪੰਜਾਬ ਤੇ ਹਰਿਆਣੇ ਦੀਆਂ ਮੰਡੀਆਂ ਵਿੱਚ ਸਰਕਾਰੀ ਕੀਮਤਾਂ ਉੱਪਰ ਵੇਚੀ। ਕਿਸਾਨ ਮਾਂਜੇ ਗਏ,ਵਪਾਰੀ ਖੱਟ ਗਏ।

ਇਸ ਸਬੰਧੀ ਕੇਂਦਰ ਵੱਲੋਂ ਜਾਂ ਉਸਦੇ ਬੁਲਾਰਿਆਂ ਵੱਲੋਂ ਇੱਕ ਗੱਲ ਹੋਰ ਧੁਮਾਈ ਜਾ ਰਹੀ ਹੈ ਕਿ ਉਨ੍ਹਾਂ ਨੇ ਇੱਕ ਦੇਸ਼ ਨੂੰ ਇੱਕ ਮੰਡੀ 'ਚ ਬਦਲ ਦਿੱਤਾ ਹੈ। ਹੁਣ ਕਿਸਾਨ ਕਿਤੇ ਵੀ ਆਪਣੀ ਫਸਲ ਵੇਚ ਸਕਦਾ ਹੈ। ਕਿਸਾਨ ਆਪਣੀ ਮੰਡੀ 'ਚ ਫਸਲ ਮਸਾਂ ਲਿਜਾਂਦਾ ਹੈ, ਉਹ ਪੰਜਾਬ ਤੋਂ ਕਲਕੱਤੇ ਕਿਹੜੇ ਸਾਧਨਾਂ ਰਾਹੀਂ ਲੈ ਕੇ ਜਾਵੇਗਾ। ਨਾ ਕਿਸਾਨ ਕੋਲ ਇੰਨੇ ਸਾਧਨ ਹਨ ਅਤੇ ਨਾ ਹੀ ਉਸਦੀ ਵਿਤੀ ਹਾਲਤ ਅਜਿਹੀ ਹੈ। ਸਾਨੂੰ ਕੋਈ ਪੁਰਾਣੇ ਕਿਸੇ ਲੀਡਰ ਦੀ ਗੱਲ ਸੁਣਾਈ ਜਾਂਦੀ ਸੀ ਕਿ ਉਹ ਲੀਡਰ ਨੂੰ ਕਿਸੇ ਜਗ੍ਹਾ ਦਾ ਨਾਮ ਲੈ ਕੇ ਕਿਹਾ ਕਿ ਉੱਥੋਂ ਦੇ ਲੋਕਾਂ ਨੂੰ ਰੋਟੀ ਨਹੀਂ ਮਿਲਦੀ। ਅੱਗਿਓਂ ਲੀਡਰ ਦਾ ਜਵਾਬ ਸੀ ਕਿ ਉਹ ਬਿਸਕੁਟ ਜਾਂ ਆਮਲੇਟ ਖਾ ਲਿਆ ਕਰਨ। ਬਿਲਕੁਲ ਉਹੀ ਗੱਲ ਹੁਣ ਵਾਲੇ ਲੀਡਰਾਂ 'ਤੇ ਢੁਕਦੀ ਹੈ। ਕਿਸਾਨ 6-7 ਕਿਲੋਮੀਟਰ ਦੂਰੀ 'ਤੇ ਸਥਿਤ ਮੰਡੀ ਵਿੱਚ ਤਾਂ ਮਸਾਂ ਆਪਣੀ ਫਸਲ ਲੈ ਕੇ ਜਾਂਦਾ ਹੈ ਤੇ ਸੈਂਕੜੇ ਕਿਲੋਮੀਟਰ ਦੂਰੀ 'ਤੇ ਉਹ ਕਿਵੇਂ ਲੈ ਕੇ ਜਾਵੇਗਾ?

ਮੰਡੀਆਂ ਦੇ ਭੋਗ ਪਾਉਣ ਦਾ ਅਸਰ ਕਿਸਾਨਾਂ 'ਤੇ ਤਾਂ ਹੋਣਾ ਹੀ ਹੈ ਨਾਲ ਦੀ ਨਾਲ ਮੰਡੀ ਬੋਰਡਾਂ ਦੇ ਭੰਗ ਕਰਨ ਅਤੇ ਐਫ.ਸੀ.ਆਈ. ਵਰਗੇ ਕੇਂਦਰੀ ਅਦਾਰਿਆਂ ਦਾ ਭੋਗ ਪਾਉਣ 'ਤੇ ਲੱਖਾਂ ਮੁਲਾਜ਼ਮ ਵੀ ਸੜਕਾਂ 'ਤੇ ਰੁਲਣ ਲਈ ਮਜ਼ਬੂਰ ਹੋਣਗੇ। ਇਹ ਕੋਰੋਨਾ ਸੰਕਟ 'ਚ ਕੇਂਦਰੀ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤਾ ਇੱਕ "ਨਿਆਮਤੀ ਪੈਕੇਜ" ਹੋਵੇਗਾ।

ਖੇਤੀ ਦੇ ਮਾਹਰ ਅਰਥ-ਸ਼ਾਸ਼ਤਰੀਆਂ ਅਨੁਸਾਰ ਲੋੜ ਤਾਂ ਇਸ ਗੱਲ ਦੀ ਸੀ ਕਿ ਜਿੱਥੇ ਸਾਡੇ ਦੇਸ਼ ਵਿੱਚ 7000 ਮੰਡੀਆਂ ਹਨ ਉੱਥੇ ਇਨ੍ਹਾਂ ਦੀ ਗਿਣਤੀ ਵਧਾਕੇ 42000 ਮੰਡੀਆਂ ਕੀਤੀ ਜਾਂਦੀ ਅਤੇ ਇਸ ਪ੍ਰਬੰਧ 'ਚ ਹੋਰ ਸੁਧਾਰ ਲਿਆਂਦੇ ਜਾਂਦੇ ਤਾਂ ਕਿ ਹਰੇਕ ਕਿਸਾਨ ਆਪਣੀ ਫਸਲ ਸੁਖਾਲੇ ਢੰਗ ਨਾਲ ਅਤੇ ਮਿਥੀ ਕੀਮਤ 'ਤੇ ਵੇਚਣ ਯੋਗ ਹੋ ਸਕਦਾ। ਪਰ ਕੇਂਦਰੀ ਹਕੂਮਤ ਨੇ ਤਾਂ ਮੰਡੀਆਂ ਦਾ ਭੋਗ ਹੀ ਪਾ ਦਿੱਤਾ ਹੈ।

ਇਨ੍ਹਾਂ ਆਰਡੀਨੈਂਸਾਂ ਨੂੰ ਲਿਆਉਣ ਦੀ ਲੋੜ ਕਿਉਂ ਪਈ ਹਕੂਮਤ ਨੂੰ? ਉਹ ਇਸ ਕਰਕੇ ਕਿ ਸਾਡੇ ਦੇਸ਼ 'ਚ ਇਹ ਗੱਲ ਲੰਮੇ ਸਮੇਂ ਤੋਂ ਚੱਲ ਰਹੀ ਹੈ ਕਿ ਲੋਕਾਂ ਦੀ ਵੱਡੀ ਗਿਣਤੀ ਨੂੰ ਖੇਤਾਂ 'ਚੋਂ ਕੱਢਕੇ ਸ਼ਹਿਰਾਂ ਵਿੱਚ ਲਿਜਾਣ ਨਾਲ ਹੀ ਦੇਸ਼ ਦਾ ਵਿਕਾਸ ਸੰਭਵ ਹੈ। ਇਸ ਲਈ ਇਹ ਆਰਡੀਨੈਂਸ ਲਿਆਂਦੇ ਜਾ ਰਹੇ ਹਨ ਤਾਂ ਕਿ ਕਿਸਾਨ ਮਜ਼ਬੂਰ ਹੋਕੇ ਸ਼ਹਿਰਾਂ 'ਚ ਦੂਸਰੇ ਝੁੱਗੀਆਂ-ਝੌਂਪੜੀਆਂ ਵਾਲੀਆਂ ਦੀ ਤਰ੍ਹਾਂ ਰਹਿਣ ਅਤੇ ਪਿੰਡਾਂ ਤੋਂ ਉੱਜੜ ਜਾਣ ਭਾਵੇਂ ਸਾਰੇ ਨਾ ਵੀ ਸਹੀ। ਇਹ ਆਰਡੀਨੈਂਸ ਖੇਤੀ ਵਿੱਚ ਵੱਡੀਆਂ ਕੰਪਨੀਆਂ ਦੀ ਆਮਦ ਦਾ ਰਾਹ ਖੋਲਣਗੇ। ਚਲੋ ਇਹ ਵੀ ਦੇਖੋ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਕਿਸਾਨਾਂ ਦੀ ਹੋਣੀ ਕੀ ਹੋਵੇਗੀ?

ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿੱਚ ਵੱਡੀਆਂ ਕੰਪਨੀਆਂ ਨੇ ਖੇਤੀ ਉੱਤੇ ਕੰਟਰੋਲ ਕਰਕੇ ਕਿਸਾਨਾਂ ਦੀ ਹਾਲਤ ਬਹੁਤ ਮਾੜੀ ਬਣਾਈ ਹੋਈ ਹੈ ਹਾਲਾਂਕਿ ਭਾਰਤ ਵਿੱਚ ਜਿੱਥੇ ਖੇਤੀ ਸਬਸਿਡੀ 359 ਅਮਰੀਕਨ ਡਾਲਰ ਦਿੱਤੀ ਜਾਂਦੀ ਹੈ ਉੱਥੇ ਅਮਰੀਕਾ ਵਿੱਚ 59000 ਅਮਰੀਕਨ ਡਾਲਰਾਂ ਤੋਂ ਵੱਧ ਦਿੱਤੀ ਜਾਂਦੀ ਹੈ। ਇਹ ਸਬਸਿਡੀ ਅਸਲ ਵਿੱਚ ਇਹ

ਕੰਪਨੀਆਂ ਹੀ ਛਕ ਜਾਂਦੀਆਂ ਹਨ।

ਅਮਰੀਕਾ ਦੇ ਕਿਸਾਨ ਕਰਜ਼ਈ ਹਨ, ਖੇਤੀ ਛੱਡ ਰਹੇ ਹਨ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਅਰਥਸ਼ਾਸ਼ਤਰੀ ਡਾ.ਸੁਖਪਾਲ ਸਿੰਘ ਲਿਖਦੇ ਹਨ ਕਿ ''ਅਮਰੀਕਾ, ਆਸਟਰੇਲੀਆ ਅਤੇ ਹੋਰ ਵਿਕਸਤ ਦੇਸ਼ਾਂ ਦੇ ਕਿਸਾਨਾਂ ਦੀ ਹਾਲਤ ਬਾਰੇ ਪੜ੍ਹ ਕੇ ਅਤੇ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਮਿਲਕੇ ਮੈਨੂੰ ਇਹ ਪਤਾ ਲੱਗਿਆ ਕਿ ਕਿਸਾਨਾਂ ਦੀ ਆਮਦਨ ਵਿੱਚ ਉਨ੍ਹਾਂ ਦੀ ਜ਼ਮੀਨ ਦਾ ਲਗਾਨ ਅਤੇ ਉਜਰਤਾਂ ਮੁਸ਼ਕਿਲ ਨਾਲ ਹੀ ਪੱਲੇ ਪੈਂਦੀਆਂ ਹਨ। ਬਾਕੀ ਸਭ ਕੁੱਝ ਕੰਪਨੀਆਂ ਲੈ ਜਾਂਦੀਆਂ ਹਨ।''

ਜਦੋਂ ਅਮਰੀਕਾ 'ਚ ਅਜਿਹੀ ਹਾਲਤ ਹੈ ਤਾਂ ਸਾਡੇ ਦੇਸ਼ ਵਿੱਚ ਇਸਤੋਂ ਵੱਖਰੀ ਹਾਲਤ ਕਿਵੇਂ ਹੋਵੇਗੀ?

**ਕੰਟਰੈਕਟ ਖੇਤੀ** : ਇਹ ਕੰਪਨੀਆਂ ਸਾਡੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਹੀ ਕਿਉਂ ਝਪਟ ਰਹੀਆਂ ਹਨ? ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਕੰਪਨੀਆਂ ਨੂੰ ਕੰਟਰੈਕਟ ਖੇਤੀ ਲਈ ਸਾਡੇ ਵਰਗੇ ਦੇਸ਼ਾਂ ਵਿੱਚ ਘੱਟ ਲਗਾਨ ਵਾਲੀ ਜ਼ਮੀਨ ਮਿਲ ਜਾਵੇਗੀ। ਜ਼ਮੀਨ ਤੋਂ ਵਿਹਲੇ ਹੋਏ ਕਿਸਾਨ ਅਤੇ ਹੋਰ ਪੇਂਡੂ ਕਿਰਤੀਆਂ ਦੀ ਘੱਟ ਉਜਰਤਾਂ 'ਤੇ ਕਿਰਤ ਕਰਨ ਵਾਲੀ ਸ਼ਕਤੀ ਅਤੇ ਨਾਲੋ-ਨਾਲ ਖਪਤ ਵਾਲੀ ਮੰਡੀ ਵੀ ਮਿਲ ਜਾਂਦੀ ਹੈ। ਇਹ ਕੰਪਨੀਆਂ ਖੇਤੀ 'ਤੇ ਕਬਜ਼ਾ ਕਰਕੇ ਐਗਰੋ-ਬਿਜਨਸ ਰਾਹੀਂ ਭਾਰਤੀ ਵੱਡੀ ਖਾਦ-ਮੰਡੀ ਉੱਤੇ ਕੰਟਰੋਲ ਕਰਨਗੀਆਂ। ਇਹ ਐਗਰੋ-ਬਿਜਨਸ ਫਰਮਾਸਿਊਟੀਕਲ (ਦਵਾਈਆਂ) ਨੂੰ ਛੱਡ ਕੇ ਦੁਨੀਆਂ ਦਾ ਸਭ ਤੋਂ ਵੱਧ ਮੁਨਾਫੇ ਵਾਲਾ ਧੰਦਾ ਮੰਨਿਆ ਜਾਂਦਾ ਹੈ।

ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਗੱਲ ਕਰਦਾ ਹੁੰਦਾ ਸੀ ਤਾਂ ਉਦੋਂ ਅਣਭੋਲ ਕਿਸਾਨਾਂ ਦੇ ਮਨਾਂ 'ਚ ਗੁਦਗੁਦੀ ਛਿੜਦੀ ਸੀ ਕਿਉਂਕਿ ਉਨ੍ਹਾਂ ਨੂੰ ਇਸਦਾ ਪਤਾ ਹੀ ਨਹੀਂ ਸੀ।

ਅਰਥ-ਸ਼ਾਸ਼ਤਰੀਆਂ ਅਨੁਸਾਰ 'ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਭਾਰਤ 'ਚ ਮੋਦੀ ਵੱਲੋਂ ਲਾਇਆ ਜਾਂਦਾ ਨਾਹਰਾ ਅਮਰੀਕਾ ਦੇ 1962 ਦੇ ਖੇਤੀ ਦੇ 'ਅਡੈਪਟਿਵ ਪ੍ਰੋਗਰਾਮ' ਨਾਲ ਰਲਦਾ ਹੈ। ਅਮਰੀਕਾ 'ਚ ਜਦੋਂ ਇਹ ਪ੍ਰੋਗਰਾਮ ਅਪਣਾਇਆ ਗਿਆ ਤੇ ਉਸਤੋਂ ਬਾਅਦ ਅਮਰੀਕਨ ਖੇਤੀ ਵਿੱਚ ਜੋ ਸੁਧਾਰ ਕੀਤੇ ਗਏ ਸਨ, ਉਨ੍ਹਾਂ ਦੇ ਸਿੱਟੇ ਵਜੋਂ ਕੁਝ ਕੁ ਸਾਲਾਂ 'ਚ ਉੱਥੋਂ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਗਿਣਤੀ ਵਿੱਚ ਦਸ ਲੱਖ ਦੀ ਕਮੀ ਆਈ ਭਾਵ ਕਿਸਾਨੀ 'ਚੋਂ ਆਊਟ ਹੋ ਗਏ, ਪ੍ਰਤੀ ਕਿਸਾਨ ਕਰਜ਼ਾ ਵੀ ਵਧ ਗਿਆ ਸੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਗਿਣਤੀ ਵਿੱਚ ਤਿੱਖਾ ਵਾਧਾ ਹੋਇਆ ਸੀ। ਇਹ ਵਰਤਾਰਾ ਆਪਣੇ ਦੇਸ਼ 'ਚ ਪਹਿਲਾਂ ਹੀ ਚੱਲ ਰਿਹਾ ਹੈ। ਅਮਰੀਕਾ ਦੇ 'ਅਡੈਪਟਿਵ ਪ੍ਰੋਗਰਾਮ' ਦਾ ਇੱਕ ਨਾਅਰਾ ਸੀ,'ਵੱਡੇ ਪੱਧਰ ਉੱਪਰ ਉਤਪਾਦਨ ਕਰੋ ਜਾਂ ਖੇਤੀ ਛੱਡ ਦਿਓ'। ਕੀ ਹੁਣ ਇਹੀ ਨਾਅਰਾ ਲਾਗੂ ਨਹੀਂ ਕੀਤਾ ਜਾ ਰਿਹਾ? ਕੰਪਨੀਆਂ ਨੂੰ ਕੰਟਰੈਕਟ ਖੇਤੀ ਲਈ ਖੁੱਲੀ ਛੁੱਟੀ ਦੇਣੀ ਕਿਸਾਨਾਂ ਤੋਂ ਜ਼ਮੀਨਾਂ ਖੋਹਕੇ ਕੰਪਨੀਆਂ ਦੇ ਹੱਥ ਦਿੰਦਿਆਂ ਵੱਡੇ ਪੱਧਰ 'ਤੇ ਖੇਤੀ ਕਰਵਾਉਣ ਵੱਲ ਵਧਿਆ ਜਾ ਰਿਹਾ ਹੈ। ਸੋ ਅਮਰੀਕਾ ਦਾ ਇਤਿਹਾਸ ਹੀ ਇੱਥੇ ਦਹੁਰਾਉਣ ਵਾਲੀ ਨੀਤੀ ਚੱਲ ਰਹੀ ਹੈ। ਅਮਰੀਕਾ 'ਚ ਜਦੋਂ ਕਿਸਾਨਾਂ ਦਾ ਉਜਾੜਾ ਹੋ ਰਿਹਾ ਸੀ ਤਾਂ ਅਨਾਜ ਵਸਤਾਂ ਦੇ ਵਪਾਰ ਵਾਲੀਆਂ ਕਾਰਗਿਲ ਵਰਗੀਆਂ ਵੱਡੀਆਂ ਕੰਪਨੀਆਂ ਭਾਰੀ ਮਨਾਫਾ ਕਮਾ ਰਹੀਆਂ ਸਨ। ਅਜਿਹੀਆਂ ਕੰਪਨੀਆਂ ਬਾਰੇ ਔਕਸਫੈਮ ਦਾ 2012 ਦਾ ਅਧਿਐਨ ਦੱਸਦਾ ਹੈ ਕਿ ਅਮਰੀਕਾ ਦੀਆਂ ਚਾਰ ਕੰਪਨੀਆਂ (ਏਡੀਐਮ, ਬੁੰਗੇ, ਕਾਰਗਿਲ ਤੇ ਡਾਇਫਸ) ਪੂਰੇ ਵਿਸ਼ਵ ਦੇ ਅਨਾਜ ਵਸਤਾਂ ਦੇ ਵਪਾਰ ਦਾ 90 ਪ੍ਰਤੀਸ਼ਤ ਕੰਟਰੋਲ ਕਰਦੀਆਂ ਹਨ। ਇਹ ਨਾ ਕੇਵਲ ਇਨ੍ਹਾਂ ਵਸਤਾਂ ਦਾ ਵਪਾਰ ਕਰਦੀਆਂ ਹਨ ਬਲਕਿ ਬੀਜਾਂ, ਖਾਦਾਂ, ਕੀਟਨਾਸ਼ਕਾਂ ਅਤੇ ਵਿਤ ਤੋਂ ਲੈ ਕੇ ਖੇਤੀ ਵਸਤਾਂ ਦੀ ਸਟੋਰੇਜ, ਪ੍ਰੋਸੈਸਿਗ, ਅੰਤ ਵਸਤੂ ਦੇ ਨਿਰਮਾਣ ਅਤੇ ਉਨ੍ਹਾਂ ਦੀ ਢੋਆ-ਢੁਆਈ ਵਾਲੀਆਂ ਕੁੱਲ ਪ੍ਰਕਿਰਿਆਵਾਂ ਉੱਪਰ ਕਾਬਜ਼ ਹਨ। ਬਸ, ਇਹੀ ਕੁੱਝ ਸਾਡੇ ਦੇਸ਼ 'ਚ ਹੋਵੇਗਾ। ਕਿਸਾਨ ਤੇ ਆਮ ਜਨਤਾ ਪਿੰਡਾਂ ਤੇ ਖੇਤਾਂ 'ਚੋਂ ਬਾਹਰ ਤੇ ਕੰਪਨੀਆਂ ਹੀ ਇਨ੍ਹਾਂ ਮੈਦਾਨਾਂ 'ਚ ਲੁੱਟ ਦਾ ਖਰੂਦ ਪਾਉਣਗੀਆਂ।

ਕੇਂਦਰੀ ਹਕੂਮਤ ਵੱਲੋਂ ਆਰਡੀਨੈਂਸਾਂ 'ਚ ਲਫਾਜ਼ੀ ਵੀ ਅਜਿਹੀ ਵਰਤੀ ਜਾਂਦੀ ਹੈ ਕਿ ਉਸਦਾ ਸਾਧਾਰਨ ਵਿਅਕਤੀ ਨੂੰ ਪਤਾ ਹੀ ਨਹੀਂ ਚੱਲਦਾ। ਇਸਦੀ ਇੱਕ ਮਿਸਾਲ ਲੈਂਦੇ ਹਾਂ। 2015 ਦੀ ਪਹਿਲ ਵਾਲੇ ਖੇਤਰ ਨੂੰ ਕਰਜ਼ੇ ਦੀਆਂ ਸੋਧਾਂ 'ਚ ਸੋਧ ਕਰਦਿਆਂ ਸਪੱਸ਼ਟ ਲਿਖਿਆ ਹੈ ਕਿ ਹੁਣ ਖੇਤੀ ਕਰਜ਼ਾ, ਖੇਤੀ 'ਵਿੱਚ' ਕਰਜ਼ੇ ਦੀ ਥਾਂ ਉੱਪਰ ਖੇਤੀ 'ਲਈ' ਕਰਜ਼ੇ ਦਾ ਰੂਪ ਧਾਰੇਗਾ। ਦੇਖਣ ਵਾਲਾ ਇਹ ਸਮਝ ਸਕਦਾ ਹੈ ਕਿ ਖੇਤੀ 'ਵਿਚ' ਕਰਜ਼ੇ ਥਾਂ ਉੱਪਰ ਖੇਤੀ 'ਲਈ' ਕਰਜੇ ਦਾ ਰੂਪ ਲਿਖ ਦੇਣ ਨਾਲ ਕੀ ਫਰਕ ਪੈਂਦਾ ਹੈ। ਬਸ ਇਹੀ ਮਦਾਰੀਆਂ ਵਾਲਾ ਸ਼ਬਦੀ ਝੁਰਲੂ ਵਾਲਾ ਹੇਰ-ਫੇਰ ਹੈ। ਖੇਤੀ 'ਲਈ' ਕਰਜ਼ੇ ਲਿਖ ਦੇਣ ਨਾਲ ਇਸਦਾ ਮੰਤਵ ਖੇਤੀ ਖੇਤਰ ਨੂੰ ਸਿੱਧੇ-ਅਸਿੱਧੇ ਕਰਜ਼ੇ,ਖੇਤੀ ਮੂਲ ਢਾਂਚੇ ਭਾਵ ਕੋਲਡ ਸਟੋਰਾਂ, ਵੇਅਰ ਹਾਊਸਾਂ ਦੀ ਉਸਾਰੀ ਲਈ ਕਰਜ਼ੇ ਵਿਚਲਾ ਅੰਤਰ ਮਿਟਾ ਦਿੱਤਾ ਗਿਆ ਹੈ। ਅਸਲ ਵਿਚ ਹੁਣ ਇਨ੍ਹਾਂ ਕਰਜ਼ਿਆਂ ਦਾ ਵੱਡਾ ਹਿੱਸਾ ਸਬੰਧਤ ਪ੍ਰਕ੍ਰਿਆਵਾਂ ਲਈ ਹੀ ਦਿੱਤਾ ਜਾ ਰਿਹਾ ਹੈ। ਦੋ ਕੁ

ਸਾਲ ਪਹਿਲਾਂ 'ਦਿ ਵਾਇਰ' ਪੋਰਟਲ ਨੇ ਸੂਚਨਾ ਅਧਿਕਾਰ ਤਹਿਤ ਰੀਜ਼ਰਵ ਬੈਂਕ ਤੋਂ ਜਾਣਕਾਰੀ ਮੰਗੀ ਸੀ। ਇਸ ਜਾਣਕਾਰੀ ਤੋਂ ਇਹ ਸਾਹਮਣੇ ਆਇਆ ਕਿ 2016 ਵਿੱਚ ਭਾਰਤ ਸਰਕਾਰ ਨੇ ਖੇਤੀ ਕਰਜ਼ਿਆਂ ਦੀ ਮਦ ਅਧੀਨ ਕੇਵਲ 615 ਖਾਤਿਆਂ ਵਿੱਚ 59561 ਕਰੋੜ ਰੁਪਏ ਕਰਜ਼ੇ ਦੇ ਰੂਪ ਵਿੱਚ ਦਿੱਤੇ। ਇਉਂ ਇਹ 95-96 ਕਰੋੜ ਪ੍ਰਤੀ ਖਾਤਾ ਬਣਦੇ ਹਨ। ਰੀਜ਼ਰਵ ਬੈਂਕ ਨੇ ਇਨ੍ਹਾਂ ਖਾਤਾ ਧਾਰਕਾਂ ਦੇ ਨਾਮ ਤਾਂ ਨਹੀਂ ਉਜਾਗਰ ਕੀਤੇ ਪਰ ਆਮ ਸਾਧਾਰਣ ਸੂਝ-ਬੂਝ ਵਾਲਾ ਇਨਸਾਨ ਵੀ ਸਮਝ ਸਕਦਾ ਹੈ ਕਿ ਭਾਰਤ ਜਾਂ ਪੰਜਾਬ ਵਿੱਚ ਕਿਹੜਾ ਕਿਸਾਨ ਅਜਿਹਾ ਹੋਵੇਗਾ ਜਿਸਨੂੰ ਖੇਤੀ ਖਾਤਰ ਇੰਨੀ ਵੱਡੀ ਰਕਮ ਕਰਜ਼ੇ ਦੀ ਜ਼ਰੂਰਤ ਹੋਵੇਗੀ। ਸੋ ਇਸਦਾ ਮਤਲਬ ਹੈ ਕਿ ਇਹ ਸ਼ਬਦਾਂ ਦਾ ਫਰਕ ਨਹੀਂ ਬਲਕਿ ਵੱਡੀਆਂ ਕੰਪਨੀਆਂ ਨੂੰ ਖੇਤੀ ਮੂਲ ਢਾਂਚੇ ਲਈ ਕਰਜ਼ੇ ਵਰਤਾਉਣ ਦਾ ਇੱਕ ਸਾਧਨ ਹੈ।

ਸਾਰ-ਤੱਤ ਇਹ ਹੈ ਕਿ ਇਹ ਤਿੰਨੇ ਆਰਡੀਨੈਂਸ ਕਿਸਾਨਾਂ ਦੀ ਤਬਾਹੀ ਕਰਨਗੇ। ਇਸ 'ਤੇ ਕਿਸਾਨੀ ਜਾਂ ਉਨ੍ਹਾਂ ਦੀਆਂ ਹਿਤੈਸ਼ੀ ਜਥੇਬੰਦੀਆਂ ਕੀ ਫੈਸਲਾ ਲੈਂਦੀਆਂ ਹਨ, ਇਹ ਉਨ੍ਹਾਂ 'ਤੇ ਨਿਰਭਰ ਕਰਦਾ ਹੈ। ਪਰ ਦੇਸ਼ ਵਾਸੀ ਹੋਣ ਦੇ ਨਾਤੇ ਅਸੀਂ ਇੱਕ ਗੱਲ ਇਹ ਕਹਿੰਦੇ ਹਾਂ ਕਿ ਇੱਕ ਦੇਸ਼-ਇੱਕ ਮੰਡੀ, ਇੱਕ ਦੇਸ਼-ਇੱਕ ਰਾਸ਼ਨ ਕਾਰਡ, ਇੱਕ ਦੇਸ਼-ਇੱਕ ਟੈਕਸ ਵਗੈਰਾ ਵਗੈਰਾ ਵਰਗੇ ਕਦਮਾਂ ਰਾਹੀਂ ਕੇਂਦਰੀ ਹਕੂਮਤ ਵੱਲੋਂ ਸੂਬਿਆਂ ਦੇ ਅਧਿਕਾਰ ਖੋਹ ਕੇ ਆਪਣੇ ਹੱਥ ਹੇਠ ਕਰਨਾ ਹੈ। ਸੂਬਿਆਂ ਦੀ ਖੁਦਮੁਖਤਿਆਰੀ ਦੀ ਗੱਲ ਤਾਂ ਦੂਰ, ਜਿਹੜੇ ਉਨ੍ਹਾਂ ਨੂੰ ਥੋੜੇ-ਬਹੁਤੇ ਸੰਵਿਧਾਨਕ ਹੱਕ ਵੀ ਮਿਲੇ ਹੋਏ ਹਨ ਉਨ੍ਹਾਂ 'ਤੇ ਵੀ ਪੋਚਾ ਫੇਰਿਆ ਜਾ ਰਿਹਾ ਹੈ। ਜਿਵੇਂ ਖੇਤੀ ਤੇ ਰਾਜ ਮੰਡੀਕਰਨ ਸਿੱਧਾ ਸੂਬਿਆਂ ਦੇ ਅਧੀਨ ਹੈ। ਇਹ ਕੇਂਦਰ ਨੇ ਆਪਣੀ ਮੁੱਠੀ 'ਚ ਕਰ ਲਏ ਹਨ। ਇਹ ਸੂਬਿਆਂ ਵਾਸਤੇ ਇਕੱਲਾ ਵਿਤੀ ਖੋਰਾ ਨਹੀਂ ਬਲਕਿ ਜਮਹੂਰੀਅਤ ਨੂੰ ਖੋਰਾ ਵੀ ਹੈ। ਇਸ ਤਰ੍ਹਾਂ ਕਰਦਿਆਂ ਸਾਡੇ ਦੇਸ਼ ਦੇ ਸੰਘੀ ਢਾਂਚੇ ਦਾ ਮਲੀਆਮੇਟ ਕਰਕੇ ਨਾਦਰਸ਼ਾਹੀ ਫਰਮਾਨਾਂ ਦੀ ਸਟੇਜ ਬਣਾਈ ਜਾ ਰਹੀ ਹੈ। ਇਸ ਲਈ ਕੇਂਦਰੀ ਸਰਕਾਰ ਦੇ ਸੰਘੀ ਢਾਂਚੇ ਦੇ ਵਿਰੁੱਧ ਭੁਗਤਦੇ ਸਾਰੇ ਫਰਮਾਨਾਂ ਵਿਰੁੱਧ ਸਾਰੇ ਸੁਹਿਰਦ ਦੇਸ਼ ਵਾਸੀਆਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

98769-53561

---

ਬੱਚੇ ਨੂੰ ਕੇਵਲ ਗਿਆਨ ਦਾ ਸੰਗ੍ਰਹਿ, ਨਿਯਮਾਂ ਅਤੇ ਗੁਰਾਂ ਦਾ ਭੰਡਾਰ ਬਨਾਉਣ ਦੀ ਥਾਂ ਇਹ ਲਾਜ਼ਮੀ ਹੈ ਕਿ ਉਸ ਨੂੰ ਸੋਚਣਾ ਵੀ ਸਿਖਾਇਆ ਜਾਵੇ।

**ਸੁਖੋਮਲਿੰਸਕੀ**

# ਆਰਥਿਕ ਸਹਾਇਤਾ

**ਹਾਲ ਫੰਡ**

1. ਸੁਖਵਿੰਦਰ ਠੀਕਰੀਵਾਲ, ਜ਼ਿਲ੍ਹਾ ਵੈਟਰਨਰੀ ਇਨਸਪੈਕਟਰ, ਮੋਗਾ (ਆਪਣੀ ਸੇਵਾ ਮੁਕਤੀ 'ਤੇ) 1000
2. ਡਾ.ਬਲਜੀਤ ਸਿੰਘ, ਜੈਮਲ ਸਿੰਘ ਵਾਲਾ ਵੱਲੋਂ (ਬੇਟੀ ਰਣਪ੍ਰੀਤ ਕੌਰ ਦੇ ਵਿਆਹ 'ਤੇ) 500

**ਸੁਸਾਇਟੀ ਸਹਾਇਤਾ**

1. ਲਖਵੀਰ ਸਿੰਘ, ਜਸਪ੍ਰੀਤ ਕੌਰ, ਮਾਣਕੀ, ਜ਼ਿਲ੍ਹਾ ਲੁਧਿਆਣਾ 1000

**ਮੈਗਜ਼ੀਨ ਸਹਾਇਤਾ**

1. ਜਗਸੀਰ ਜੀਦਾ, ਕਾਕਾ ਸਿੰਘ ਪ੍ਰਧਾਨ ਪਰਿਵਾਰ ਵੱਲੋਂ ਬਾਪੂ ਗੁਰਦੇਵ ਸਿੰਘ ਜੀ ਦੀ ਯਾਦ 'ਚ 5000

**ਇਕਾਈਆਂ ਨੂੰ ਸਹਾਇਤਾ**

**ਇਕਾਈ ਬਠਿੰਡਾ**

1. ਬਲੌਰ ਸਿੰਘ ਪੱਪੀ, ਕਾਲਝਰਾਨੀ (ਪੋਤਰੇ ਦਲਬੀਰ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ) 1000
2. ਰਾਮ ਸਿੰਘ ਨਿਰਮਾਣ, ਚੁੱਘੇ ਕਲਾਂ (ਪੋਤਰੇ ਰੁਪਿੰਦਰਜੀਤ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ) 1000
3. ਮੇਵਾ ਸਿੰਘ ਮਾਸਟਰ, ਪਿੰਡ ਕੁਟੀ (ਕਨੇਡਾ) 500
4. ਲਾਭ ਸਿੰਘ, ਕੋਟਸ਼ਮੀਰ (ਅਮਰੀਕਾ) 5000
5. ਰਾਜ ਕੁਮਾਰ ਗਿਆਨੀ ਬਠਿੰਡਾ 1000

**ਇਕਾਈ ਰੋਪੜ**

ਆਰ.ਐੱਸ. ਰੰਧਾਵਾ, ਗਿਆਨੀ ਜੈਲ ਸਿੰਘ ਨਗਰ, ਰੋਪੜ 500

**ਇਕਾਈ ਲੁਧਿਆਣਾ**

ਪ੍ਰੋ. ਗੁਰਚਰਨ ਸਿੰਘ 500

ਅਗਿਆਨਤਾ ਉਹ ਜ਼ਮੀਨ ਹੈ ਜਿਸ ਵਿੱਚ ਕਰਾਮਾਤਾਂ ਲਈ ਯਕੀਨ ਉੱਗਦਾ ਹੈ। ਧਰਮ ਕਦੇ ਵੀ ਮਨੁੱਖ ਦਾ ਸੁਧਾਰ ਨਹੀਂ ਕਰ ਸਕਦਾ ਕਿਉਂਕਿ ਧਰਮ ਤਾਂ ਹੈ ਹੀ ਗੁਲਾਮੀ। ਜਿੰਨਾ ਚਿਰ ਹਰ ਸਵਾਲ ਦਾ ਜਵਾਬ 'ਰੱਬ' ਦੇ ਸ਼ਬਦ ਨਾਲ ਦਿੱਤਾ ਜਾਵੇ, ਵਿਗਿਆਨ ਖੋਜ ਅਸੰਭਵ ਹੈ। **ਰੌਬਰਟ ਜੀ ਇੰਗਰਸੋਲ**

*ਵਾਇਰਸ ਨਾਲ ਲੜਦਿਆਂ*



# ਜਦੋਂ ਕੋਰੋਨਾ ਸਾਡੇ ਘਰ ਆ ਵੜਿਆ

**ਡਾ. ਬਲਜਿੰਦਰ ਸੇਖੋਂ**

ਕੋਰੋਨਾ ਵਾਇਰਸ ਤੇ ਹੋਰ ਜੀਵਾਂ ਬਾਰੇ ਕਾਫੀ ਜਾਣਕਾਰੀ ਹੋਣ ਕਾਰਨ ਮੈਂ ਡਰਿਆ ਹੋਇਆ ਤਾਂ ਨਹੀਂ ਸੀ ਪਰ ਸਾਡੇ ਘਰ ਦੇ ਇੱਕ ਮੈਂਬਰ ਦਾ ਇਸਨੂੰ ਰੋਕਣ ਅਤੇ ਬਚਣ ਲਈ ਚਲ ਰਹੀ ਲੜਾਈ ਵਿਚ ਸਥਾਨਕ ਹਸਪਤਾਲ ਵਿਚ ਮੋਹਰੀ ਰੋਲ ਹੋਣ ਕਾਰਨ, ਖਦਸ਼ਾ ਜਰੂਰ ਸੀ ਕਿ ਇਨ੍ਹਾਂ ਹਾਲਤਾਂ ਵਿਚ ਇਸ ਦੇ ਪ੍ਰੀਵਾਰ ਵਿਚ ਫੈਲਣ ਦੀ ਸੰਭਾਵਨਾ ਕਾਫੀ ਹੈ। ਮੈਨੂੰ ਅਹਿਸਾਸ ਸੀ ਕਿ ਘਰ ਦੇ ਜੀਆਂ ਵਿਚ ਇਸਦੇ ਫੈਲਣ 'ਤੇ ਸਭ ਤੋਂ ਵੱਧ ਖਤਰਾ ਵੱਡੀ ਉਮਰ ਹੋਣ ਕਾਰਨ ਮੈਨੂੰ ਤੇ ਮੇਰੀ ਪਤਨੀ ਨੂੰ ਹੋ ਸਕਦਾ ਹੈ, ਕਿਉਂਕਿ ਸਾਡੀ ਉਮਰ 70 ਸਾਲ ਹੈ। ਅੰਕੜੇ ਦਸਦੇ ਹਨ ਕਿ ਇਸ ਉਮਰ ਵਿਚ ਤਕਰੀਬਨ 8% ਮਰੀਜ਼ ਇਸਦੀ ਮਾਰ ਨਹੀਂ ਝੱਲ ਸਕਦੇ ਅਤੇ ਮੈਂ ਲਗਭਗ ਨਿਸ਼ਚਿੰਤ ਸੀ ਕਿ ਜੇਕਰ ਸਾਨੂੰ ਵੀ ਹੋ ਗਈ ਤਾਂ ਕੋਈ ਵੱਡਾ ਖਤਰਾ ਖੜ੍ਹਾ ਨਹੀਂ ਹੋਣ ਲੱਗਾ। ਮਾਰਚ ਦੇ ਅਖੀਰਲੇ ਦਿਨੀ ਸਾਡੇ ਇਸ ਸਿਰੜੀ, ਸੁਹਿਰਦ ਮੈਂਬਰ ਨੂੰ ਇਸ ਵਾਇਰਸ ਨੇ ਆ ਘੇਰਿਆ। ਸ਼ਾਮ ਨੂੰ ਗਲ ਵਿਚ ਦਰਦ ਸ਼ੁਰੂ ਹੋਇਆ, ਸਵੇਰ ਤੱਕ ਬੁਖਾਰ ਹੋ ਗਿਆ ਅਤੇ ਸਿਹਤ ਸੇਵਾਵਾਂ ਵਿਚ ਹੋਣ ਕਾਰਨ ਉਸੇ ਦਿਨ ਲਏ ਟੈਸਟ ਦਾ ਨਤੀਜਾ ਦੂਸਰੇ ਦਿਨ ਹੀ ਆ ਗਿਆ। ਉਹ ਕਰੋਨਾ ਪੌਜ਼ੇਟਿਵ ਸੀ। ਉਸ ਵੇਲੇ ਤੱਕ, ਸੁੱਕੀ ਖੰਘ, ਬੁਖਾਰ ਅਤੇ ਕੁਝ ਦਿਨਾਂ ਬਾਅਦ ਔਖਾ ਸਾਹ ਆਉਣ ਦੀਆਂ ਨਿਸ਼ਾਨੀਆਂ ਇਸ ਵਾਇਰਸ ਤੋਂ ਪੀੜਤ ਵਿਅਕਤੀਆਂ ਦੀਆਂ ਦਸੀਆਂ ਜਾ ਰਹੀਆਂ ਸਨ, ਪਰ ਗਲ ਖਰਾਬ ਹੋਣਾ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ ਪਰ ਉਸ ਦਾ ਗਲਾ ਖਰਾਬ ਹੋਇਆ ਅਤੇ ਬੁਖਾਰ ਹੋਇਆ।

ਉਸੇ ਵੇਲੇ ਉਸਨੂੰ ਤੇ ਉਸਦੇ ਜੀਵਨ ਸਾਥੀ ਨੂੰ ਵੱਖ ਵੱਖ ਕਮਰਿਆਂ ਵਿਚ ਅੱਡ ਕਰ ਦਿੱਤਾ। ਉਹ ਅੰਦਰ ਹੀ ਰਹਿੰਦੇ ਤੇ ਖਾਣ ਪੀਣ ਦਾ ਸਮਾਨ ਬਾਹਰ ਧਰੇ ਸਟੂਲਾਂ 'ਤੇ ਰੱਖ ਦਿੱਤਾ ਜਾਂਦਾ, ਜਿਥੋਂ ਉਹ ਚੁੱਕ ਲੈਂਦੇ ਅਤੇ ਜਿਆਦਾ ਕਰਕੇ ਡਿਸਪੋਜੇਬਲ (ਪਲਾਸਟਿਕ ਦੇ) ਭਾਂਡੇ ਵਰਤਦੇ ਅਤੇ ਵਰਤਣ ਬਾਅਦ ਜਦ ਉਹ ਬਾਹਰ ਰਖਦੇ, ਉਨ੍ਹਾਂ ਨੂੰ ਕੂੜੇ ਵਿਚ ਸੁੱਟ ਦਿੱਤਾ ਜਾਂਦਾ, ਦੂਸਰੇ ਭਾਂਡਿਆਂ ਨੂੰ ਉਹ ਪਹਿਲਾਂ ਚੰਗੀ ਤਰ੍ਹਾਂ ਧੋ ਕੇ ਬਾਹਰ ਰਖਦੇ, ਜਿਨ੍ਹਾਂ ਨੂੰ ਅਸੀਂ ਭਾਂਡੇ ਧੋਣ ਵਾਲੀ ਮਸ਼ੀਨ ਵਿਚ ਫਿਰ ਤੋਂ ਧੋ ਕੇ ਸੈਨੀਟਾਈਜ਼ ਕਰ ਲੈਂਦੇ। ਉਨ੍ਹਾਂ ਦੇ ਭਾਂਡਿਆਂ ਨੂੰ ਹੱਥ ਲਾਉਣ ਬਾਅਦ ਮੈਂ ਅਪਣੇ ਹੱਥ ਅਲਕੋਹਲ ਜੈੱਲ ਨਾਲ ਸੈਨੇਟਾਈਜ਼ ਕਰਦਾ। ਬਾਹਰ ਰਹਿ ਗਏ ਅਸੀਂ ਚਾਰ ਜੀਅ, ਦੋਨੋ ਅਸੀਂ ਪਤੀ ਪਤਨੀ ਤੇ ਦੋ ਮੇਰੇ ਪੋਤੇ। ਸਭ ਅੱਡੋ ਅੱਡ ਕਰ ਦਿੱਤੇ। ਬੱਚਿਆਂ ਨੂੰ ਵੱਖਰਾ ਬਾਥਰੂਮ ਵਰਤਣ ਲਾ ਦਿੱਤਾ ਗਿਆ। ਮੇਰੀ ਪਤਨੀ ਰਸੋਈ ਦਾ ਕੰਮ ਕਰਦੀ ਅਤੇ ਮੈਂ ਸਭ ਕੁਝ ਲੋੜ ਮੁਤਾਬਿਕ ਵੰਡਦਾ ਰਹਿੰਦਾ। ਬਾਹਰ ਰਹੇ ਅਸੀਂ ਚਾਰੇ ਜਣੇ ਅਪਣੇ ਹੱਥ ਬਾਰ ਬਾਰ ਧੋਂਦੇ। ਮੈਂ ਸੈਨੇਟਾਇਜ਼ਰ (ਲਾਈਸੌਲ) ਦੇ ਕਪੜੇ ਨਾਲ ਘਰ ਦੀਆਂ ਸਾਰੀਆਂ ਕੁੰਡੇ ਕੁੰਡੀਆਂ, ਬਿਜਲੀ ਦੇ ਸਵਿੱਚ, ਰਿਮੋਟਕੰਟਰੋਲ, ਸੈੱਲਫੋਨ, ਟੂਟੀਆਂ ਆਦਿ ਨੂੰ ਦਿਨ ਵਿਚ ਦੋ ਬਾਰ ਕਿਟਾਣੂ ਰਹਿਤ ਕਰਦਾ। ਘਰੋਂ ਬਾਹਰ ਜਾਣਾ ਸਭ ਦਾ ਬੰਦ ਸੀ। ਪਹਿਲੇ ਮਰੀਜ਼ ਦਾ ਗਲਾ ਤੀਸਰੇ ਦਿਨ ਠੀਕ ਹੋ ਗਿਆ ਅਤੇ ਬੁਖਾਰ ਵੀ ਉਤਰ ਗਿਆ ਪਰ ਇਸੇ ਦਿਨ ਹੀ ਉਸਦੇ ਜੀਵਨ ਸਾਥੀ ਨੂੰ ਆਮ ਜ਼ੁਕਾਮ ਵਰਗੀਆਂ ਅਲਾਮਤਾਂ ਸ਼ੁਰੂ ਹੋ ਗਈਆਂ। ਅਸੀਂ ਸਮਝਿਆ ਕਿ ਸ਼ਾਇਦ ਠੰਡ ਵਿਚ ਬਾਹਰ ਬਾਰੀ ਖੋਲ੍ਹ ਲਈ ਸੀ, ਇਸ ਲਈ ਆਮ ਜ਼ੁਕਾਮ ਹੋਵੇਗਾ ਪਰ ਨਾਲ ਹੀ ਉਸਨੂੰ ਥੋੜਾ ਬੁਖਾਰ ਹੋਇਆ। ਟੈਸਟ ਕਰਵਾਇਆ ਤਾਂ ਉਹ ਵੀ ਕਰੋਨਾ ਵਾਇਰਸ ਦਾ ਮਰੀਜ਼ ਨਿਕਲਿਆ। ਉਸ ਦਾ ਜ਼ੁਕਾਮ ਤੇ ਬੁਖਾਰ ਵੀ ਦੋ ਦਿਨ ਵਿਚ ਠੀਕ ਹੋ ਗਿਆ।

ਇਸ ਤਰ੍ਹਾਂ ਚਾਰ ਦਿਨ ਨਿਕਲੇ ਤਾਂ ਮੇਰੀ ਪਤਨੀ ਦੇ ਮੋਢਿਆਂ ਅਤੇ ਢੂਹੀ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ। ਦੋ ਕੁ ਦਿਨ ਤਾਂ ਮੈਂ ਇਸ ਨੂੰ ਆਮ ਦਰਦ ਸਮਝਿਆ ਪਰ ਜਦ ਤੀਸਰੇ ਦਿਨ ਉਸਨੂੰ ਬੁਖਾਰ ਹੋ ਗਿਆ ਤਾਂ ਸਮਝ ਆ ਗਈ ਕਿ ਉਹ ਵੀ ਕੋਰੋਨਾ ਦੀ ਮਾਰ ਹੇਠ ਆ ਗਈ ਹੈ। ਬੁਖਾਰ 101.5 ਡਿਗਰੀ ਫਾਰਨਹੀਟ ਸੀ। ਸਾਨੂੰ ਸਿਹਤ ਸੇਵਾਵਾਂ ਵਾਲਿਆਂ ਨੇ ਘਰ ਤੋਂ ਬਾਹਰ ਜਾਣ ਦੀ ਮਨਾਹੀ ਕੀਤੀ ਹੋਈ ਸੀ। ਇਸ ਬਾਰੇ ਜਦ ਉਨ੍ਹਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਤੁਸੀ ਟੈਸਟ ਲਈ ਜਾ ਸਕਦੇ ਹੋ। ਮੈਂ ਪਤਨੀ ਨੂੰ ਕਾਰ ਦੀ ਮਗਰਲੀ ਸੀਟ 'ਤੇ ਬਿਠਾ ਅਪਣੇ ਸ਼ਹਿਰ ਬਰੈਂਪਟਨ ਦੇ ਟੈਸਟ ਲਈ ਨਾਮਜ਼ਦ ਹਸਪਤਾਲ ਵਿੱਚ ਲੈ ਗਿਆ। ਕਾਰ ਖੜ੍ਹਾ ਜਦ ਗੇਟ ਵੱਲ ਗਏ ਤਾਂ ਇੱਕ ਡਿਊਟੀ 'ਤੇ ਖੜ੍ਹੀ ਨਰਸ ਨੇ ਰੋਕ ਲਿਆ ਅਤੇ ਸਾਨੂੰ ਨੱਕ ਢਕਣ ਲਈ ਮਾਸਕ ਦਿੱਤੇ ਅਤੇ ਉਨ੍ਹਾਂ ਨੂੰ ਪਹਿਨਣ ਲਈ ਕਿਹਾ। ਉਸਨੇ ਸਾਨੂੰ ਇੱਕ ਖਾਸ ਨੰਬਰ ਦਿੱਤਾ ਜੋ ਮੇਰੀ ਪਤਨੀ ਲਈ ਪਹਿਚਾਣ ਚਿੰਨ੍ਹ ਸੀ। ਗੇਟ ਅੰਦਰ ਗਏ ਤਾਂ ਇੱਕ ਹੋਰ ਨਰਸ ਨੇ, ਹੋਰਨਾਂ ਨੂੰ ਅੱਗੇ ਇਹ ਬਿਮਾਰੀ ਨਾ ਫੈਲੇ

ਲਈ ਕੀ ਕੀ ਸਾਵਧਾਨੀਆਂ ਵਰਤਣੀਆਂ ਹਨ ’ਤੇ ਵੱਡਾ ਲੈਕਚਰ ਦਿੱਤਾ। ਉਸ ਤੋਂ ਅੱਗੇ ਬੈਠੀ ਨਰਸ ਨੇ ਸਾਰੀ ਜਾਣਕਾਰੀ, ਕਦੋਂ ਬਿਮਾਰ ਹੋਏ, ਕਿਥੋਂ ਬਿਮਾਰੀ ਲੱਗੀ ਆਦਿ ਬਾਰੇ ਵਿਸਥਾਰ ਵਿਚ ਕੰਪਿਊਟਰ ਵਿਚ ਦਰਜ ਕੀਤੀ ਅਤੇ ਇਸ ਤੋਂ ਅੱਗੇ ਟੈਸਟ ਲੈਣ ਵਾਲੇ ਕਮਰੇ ਅੱਗੇ ਉਡੀਕਣ ਲਈ ਕਿਹਾ। ਕਮਰੇ ਵਿਚੋਂ ਇੱਕ ਨਰਸ ਬਾਹਰ ਆਈ ਅਤੇ ਸਾਨੂੰ ਇੱਕ ਨੰਬਰ ਚੈਂਬਰ ਵਿਚ ਉਡੀਕਣ ਦੀ ਹਦਾਇਤ ਕੀਤੀ।

ਕੁੱਝ ਦੇਰ ਬਾਅਦ ਪੂਰੇ ਬਚਾਅ ਕਰ ਸਕਣ ਵਾਲੇ ਲਿਬਾਸ ਵਿਚ ਡਾਕਟਰ ਆਈ ਅਤੇ ਸਾਰੀ ਜਾਣਕਾਰੀ ਲੈਣ ਉਪਰੰਤ ਕੁੱਝ ਕੁ ਸਾਵਧਾਨੀਆਂ ਦੁਬਾਰਾ ਦੱਸ ਇਹ ਕਹਿ ਕੇ ਚਲੀ ਗਈ ਕਿ ਨਰਸ ਸੈਂਪਲ ਲੈਣ ਆਏਗੀ। ਆਖਿਰ ਸੈਂਪਲ ਲੈਣ ਵਾਲੀ ਨਰਸ ਆਈ ਅਤੇ ਮੇਰੀ ਪਤਨੀ ਦੇ ਨੱਕ ਵਿਚ ਇੱਕ ਡੱਕੇ ਦੇ ਸਿਰੇ ’ਤੇ ਲੱਗਿਆ ਰੂੰ ਦਾ ਫੰਬਾ ਧੁਰ ਅੰਦਰ ਤੱਕ ਲਿਜਾ ਕੇ ਸੈਂਪਲ ਲੈ ਉਸਨੂੰ ਇੱਕ ਛੋਟੀ ਸ਼ੀਸ਼ੀ ਵਿਚ ਬੰਦ ਕਰਕੇ ਲੈ ਗਈ ਅਤੇ ਸਾਨੂੰ ਜਾਣ ਲਈ ਕਹਿ ਦਿੱਤਾ। ਚਾਰ ਕੁ ਦਿਨ ਬਾਅਦ ਡਾਕਟਰ ਨੂੰ ਟੈਲੀਫੋਨ ਕੀਤਾ ਤਾਂ ਰਸੈਪਨਿਸ਼ਟ ਨੇ ਦੱਸਿਆ ਤੇ ਕਿਹਾ ਕਿ ਟੈਲੀਫੋਨ ਹੋਲਡ ਕਰੋ, ਰਿਜ਼ਲਟ ਡਾਕਟਰ ਆਪ ਦੱਸਣਗੇ। ਰਿਜ਼ਲਟ ਦਾ ਮੈਨੂੰ ਤਾਂ ਪਤਾ ਹੀ ਸੀ, ਪਰ ਡਾਕਟਰ ਨੇ ਜਿਸ ਤਰ੍ਹਾਂ ਕਨੇਡਾ ਦਾ ਅਸੂਲ ਹੈ, ਕੁੱਝ ਭੂਮਿਕਾ ਬੰਨਣ ਬਾਅਦ ਦੱਸਿਆ ਕਿ ਤੁਹਾਡੀ ਪਤਨੀ ਦਾ ਕੋਰੋਨਾ ਵਾਇਰਸ ਟੈਸਟ ਪੌਜ਼ਿਟਵ ਆਇਆ ਹੈ। ਫਿਰ ਉਸਨੇ ਦੁਬਾਰਾ ਤੋਂ ਸਾਰੇ ਜ਼ਰੂਰੀ ਅਤਿਹਾਦ ਗਿਣਾਏ, ਜੋ ਵਾਇਰਸ ਨੂੰ ਅਗਾਂਹ ਕਿਸੇ ਹੋਰ ਤੱਕ ਜਾਣ ਤੋਂ ਰੋਕ ਸਕਦੇ ਸਨ ਅਤੇ ਕਿਹਾ ਕਿ ਜਦ ਤੱਕ ਬਿਮਾਰੀ ਸਾਹ ਘੁਟਣ ਤੱਕ ਜਾਂ ਕਿਸੇ ਹੋਰ ਤਰੀਕੇ ਗੰਭੀਰ ਨਾ ਹੋਵੇ, ਘਰ ਅੰਦਰ ਹੀ ਰਹੋ ਅਤੇ ਬੁਖਾਰ ਰੋਕਣ ਵਾਲੀ ਗੋਲੀ, ਟਾਇਨੀਨੌਲ (ਕਰੋਸਿਨ) ਹਰ 6 ਘੰਟੇ ਬਾਅਦ ਦਿੰਦੇ ਰਹੋ। ਡਾਕਟਰ ਵੱਲੋਂ ਦਿੱਤੀ ਹੋਰ ਜਾਣਕਾਰੀ ਓਹੋ ਸੀ ਜੋ ਸਿਹਤ ਸੇਵਾਵਾਂ ਦੇ ਅਮਲੇ ਵੱਲੋਂ ਵੀ ਦਿੱਤੀ ਜਾ ਚੁੱਕੀ ਸੀ, ਸੋ ਇਸਨੂੰ ਫਿਰ ਤੋਂ ਸੁਣ ਲਿਆ। ਇਹ ਜਾਣਕਾਰੀ ਸਿਹਤ ਵਿਭਾਗ ਦੇ ਵੱਖ ਵੱਖ ਅਧਿਕਾਰੀਆਂ ਵਲੋਂ ਫਿਰ ਵੀ ਦੋ ਬਾਰ ਦਿੱਤੀ ਗਈ। ਅਖੀਰਲਾ ਟੈਲੀਫੋਨ ਆਇਆ ਕਿ ਤੁਸੀਂ ਐਤਵਾਰ ਤੋਂ ਬਾਹਰ ਜਾ ਸਕਦੇ ਹੋ। ਪਰ ਇੱਕ ਗੱਲ ਮੈਨੂੰ ਮਹਿਸੂਸ ਹੋਈ ਕਿ ਇਕੋ ਜਾਣਕਾਰੀ ਸਾਨੂੰ ਚਾਰ ਵਾਰ ਦਿੱਤੀ ਗਈ।

ਮੇਰੀ ਪਤਨੀ ਦੇ ਬਿਮਾਰ ਹੋਣ ਬਾਅਦ, ਖਾਣ ਪੀਣ ਦੇ ਪ੍ਰਬੰਧ ਲਈ ਰਿਸ਼ਤੇਦਾਰਾਂ ਦੀ ਸਹਾਇਤਾ ਲੈਣੀ ਪਈ। ਉਹ ਖਾਣਾ ਬਣਾ ਕੇ ਬਾਹਰ ਰੱਖ ਜਾਂਦੇ ਅਤੇ ਮੈਂ ਸਾਰਿਆਂ ਨੂੰ ਘਰ ਅੰਦਰ ਵੰਡ ਦਿੰਦਾ। ਹੋਰ ਜ਼ਰੂਰੀ ਸਮਾਨ ਉਹ ਹੀ ਖਰੀਦ ਕੇ ਘਰ ਪਹੁੰਚਾਉਂਦੇ। ਪਤਨੀ ਦੇ ਬਿਮਾਰ ਹੋਣ ਤੇ, ਇਹ ਜਾਣਦੇ ਹੋਏ ਕਿ ਇਹ ਵਾਇਰਸ ਹਵਾ ਵਿਚ ਦੀ ਨਹੀਂ ਫੈਲਦਾ, ਮੈਂ ਉਸਨੂੰ ਬਿਮਾਰੀ ਵੇਲੇ ਕਮਰੇ ਵਿਚ ਇਕੱਲਿਆਂ ਨਾ ਛੱਡਣ ਦਾ ਫੈਸਲਾ ਕਰ ਲਿਆ। ਮੈਂ ਉਸੇ ਕਮਰੇ ਵਿਚ ਰਿਹਾ। ਵਾਇਰਸ ਤੋਂ ਬਚਣ ਲਈ ਉਸ ਦੇ ਬੈੱਡ ਤੋਂ ਦੂਰ ਹੇਠਾਂ ਗੱਦਾ ਲਾ ਕੇ ਸੌਣਾ ਸ਼ੁਰੂ ਕਰ ਦਿੱਤਾ। ਵਾਸ਼ਰੂਮ ਵਿਚ ਦੋ ਵਾਸ਼ ਬੇਸਨ ਸਨ, ਉਹ ਵੰਡ ਲਏ, ਇੱਕ ਉਹ ਵਰਤਦੀ ਤੇ ਇੱਕ ਮੈਂ। ਮੇਰੀ ਪਤਨੀ ਨੂੰ ਲਗਾਤਾਰ 7 ਦਿਨ ਬੁਖਾਰ ਰਿਹਾ। ਬੇਸ਼ੱਕ ਟਾਇਨੀਨੌਲ 500 ਮਿਲੀਗਰਾਮ (ਕਰੋਸਿਨ) ਦੀਆਂ 24 ਘੰਟਿਆਂ ਵਿਚ ਵੱਧ ਤੋਂ ਵੱਧ ਅੱਠ ਗੋਲੀਆਂ ਵੀ ਦਿਤੀਆਂ ਜਾ ਸਕਦੀਆਂ ਹੁੰਦੀਆਂ ਹਨ ਪਰ ਮੈਂ ਉਸਨੂੰ ਇੱਕ ਵੇਲੇ ਸਿਰਫ ਇੱਕ ਗੋਲੀ ਦਿੰਦਾ। ਇਸ ਦਾ ਅਸਰ 6 ਘੰਟੇ ਰਹਿੰਦਾ ਹੈ ਪਰ ਮੈਂ ਦੋ ਘੰਟੇ ਹੋਰ ਲੰਘਾ ਦਿੰਦਾ ਤਾਂ ਜੋ ਪਤਾ ਲੱਗ ਜਾਵੇ ਕਿ ਬੁਖਾਰ ਵੱਧ ਰਿਹਾ ਹੈ ਜਾਂ ਘਟ ਰਿਹਾ ਹੈ। ਅਗਲੀ ਗੋਲੀ ਦੇਣ ਤੋਂ ਪਹਿਲਾਂ ਬੁਖਾਰ ਟੈਸਟ ਕਰਦਾ। ਬੁਖਾਰ ਲਗਾਤਾਰ 101.5 ਡਿਗਰੀ ਫਾਰਨਹੀਟ ਦੇ ਨੇੜੇ ਬਣਿਆ ਰਿਹਾ ਅਤੇ ਸੱਤਵੇਂ ਦਿਨ ਘਟਣ ਲੱਗਾ ਅਤੇ ਅਗਲੇ ਦਿਨ ਉਤਰ ਗਿਆ। ਜਾਣਕਾਰੀ ਹੋਣ ਕਾਰਨ ਮੈਂ ਪੰਜਵੇਂ ਦਿਨ ਚਿੰਤਿਤ ਸੀ, ਕਿਉਂਕਿ ਇਸ ਦਿਨ ਤੋਂ ਬਾਅਦ ਉਸਦੀ ਬਿਮਾਰੀ ਖਤਰਨਾਕ ਮੋੜ ਲੈ ਸਕਦੀ ਸੀ ਅਤੇ ਉਸਨੂੰ ਸਾਹ ਔਖਾ ਆਉਣ ਦੀ ਮੁਸ਼ਕਿਲ ਸ਼ੁਰੂ ਹੋ ਸਕਦੀ ਸੀ। ਪਰ ਪੰਜਵਾਂ ਦਿਨ ਵੀ ਲੰਘ ਗਿਆ ਅਤੇ ਫਿਰ ਛੇਵਾਂ ਵੀ, ਉਸਨੂੰ ਬੁਖਾਰ ਸੀ ਪਰ ਹੋਰ ਕੋਈ ਗੰਭੀਰ ਔਖ ਨਹੀਂ ਸੀ। ਆਖਿਰ 8ਵੇਂ ਦਿਨ ਉਹ ਠੀਕ ਹੋ ਗਈ।

ਲੇਖ ਲਿਖਣ ਵੇਲੇ ਤੱਕ ਸਾਰੇ ਮਰੀਜ਼ ਠੀਕ ਹੋ ਚੁੱਕੇ ਹਨ ਅਤੇ ਮੈਂ ਅਤੇ ਮੇਰੇ ਦੋਨੋ ਪੋਤੇ ਇਸਦੇ ਹਮਲੇ ਤੋਂ ਬਚੇ ਰਹੇ ਹਾਂ। ਅਸੀਂ ਤਿੰਨਾਂ ਨੂੰ ਬਿਮਾਰੀ ਦੇ ਕੋਈ ਲੱਛਣ ਨਹੀਂ ਆਏ ਅਤੇ ਅਸੀਂ ਕੋਰੋਨਾ ਟੈਸਟ ਨਹੀਂ ਕਰਵਾਇਆ। ਹੋ ਸਕਦਾ ਹੈ ਕਿ ਇਹ ਸਾਡੇ ਤੱਕ ਅਪੜਿਆ ਹੋਵੇ ਪਰ ਤਿੰਨਾਂ ਦੇ ਅਮੀਊਨ ਸਿਸਟਮ (ਸਰੀਰ ਦੀ ਸੁਰੱਖਿਆ ਪ੍ਰਣਾਲੀ) ਨੇ ਇਸ ਨੂੰ ਅੱਗੇ ਨਹੀਂ ਵਧਣ ਦਿੱਤਾ ਜਾਂ ਫਿਰ ਮੇਰੇ ਵੱਲੋਂ ਲਈਆਂ ਸਾਵਧਾਨੀਆਂ ਕਾਰਨ ਅਸੀਂ ਬਚੇ ਰਹੇ, ਬਾਰੇ ਪੱਕੀ ਤਰ੍ਹਾਂ ਕੁਝ ਵੀ ਨਹੀਂ ਕਿਹਾ ਜਾ ਸਕਦਾ। ਸਿਹਤ ਸੇਵਾਵਾਂ ਵਾਲੇ ਮੈਂਬਰ ਨੂੰ ਕੰਮ ’ਤੇ ਜਾਣ ਲਈ ਵਾਇਰਸ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਜ਼ਰੂਰੀ ਸੀ, ਇਸ ਲਈ ਉਸਨੇ ਠੀਕ ਹੋਣ ’ਤੇ ਬਿਮਾਰੀ ਸ਼ੁਰੂ ਹੋਣ ਦੇ 14 ਦਿਨ ਬਾਅਦ, ਫਿਰ 18 ਦਿਨ ਬਾਅਦ ਟੈਸਟ ਕਰਵਾਇਆ, ਅਜੇ ਵੀ ਟੈਸਟ ਪੌਜ਼ਿਟਵ ਆ ਰਿਹਾ ਸੀ। ਆਖਿਰ 26 ਦਿਨਾਂ ਬਾਅਦ ਕੀਤੇ ਟੈਸਟ ਵਿਚ ਰਿਪੋਰਟ ਨੈਗੇਟਿਵ ਆਈ। ਇਸ ਵਾਇਰਸ ਦੇ ਕਣ ਕਈ ਮਰੀਜ਼ਾਂ ਵਿਚ 4 ਹਫਤੇ ਤੱਕ ਵੀ ਵੇਖੇ ਗਏ ਹਨ

***...ਬਾਕੀ ਪੰਨਾ 12 ’ਤੇ***

## ਖ਼ਬਰ ਹੈ ਕਿ...

### ਡੇਰੇ ਵਿੱਚ ਪੁੱਤਰ ਪ੍ਰਾਪਤੀ ਲਈ ਆਸ਼ੀਰਵਾਦ ਲੈਣ ਗਈਆਂ ਦੋ ਔਰਤਾਂ ਨਾਲ ਜਬਰ-ਜਨਾਹ

ਅੰਮ੍ਰਿਤਸਰ ਦੇ ਇੱਕ ਧਾਰਮਿਕ ਡੇਰੇ 'ਤੇ ਇੱਥੋਂ ਦੇ ਅਖੌਤੀ ਧਾਰਮਿਕ ਆਗੂਆਂ ਵੱਲੋਂ ਇੱਥੇ ਪੁੱਤਰ ਪ੍ਰਾਪਤੀ ਲਈ ਆਸ਼ੀਰਵਾਦ ਲੈਣ ਗਈਆਂ ਦੋ ਔਰਤਾਂ ਦਾ ਸਰੀਰਕ ਸ਼ੋਸ਼ਣ ਕੀਤਾ ਗਿਆ। ਪੰਜਾਬ ਰਾਜ ਐੱਸ.ਸੀ. ਕਮਿਸ਼ਨ ਦੇ ਇੱਕ ਮੈਂਬਰ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਦਿਹਾਤੀ ਪੁਲਿਸ ਨੇ ਇਹਨਾਂ ਔਰਤਾਂ ਨੂੰ ਡੇਰੇ ਤੋਂ ਬਚਾਇਆ ਅਤੇ ਮੈਡੀਕਲ ਸਹਾਇਤਾ ਦਿੱਤੀ। ਡੇਰੇ ਦੇ ਦੋ ਧਾਰਮਿਕ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਦੋ ਹੋਰ ਫਰਾਰ ਹੋ ਗਏ ਹਨ। 25 ਅਤੇ 40 ਸਾਲ ਦੀਆਂ ਇਹ ਦੋਵੇਂ ਔਰਤਾਂ ਆਪਸ 'ਚ ਰਿਸ਼ਤੇਦਾਰ ਹਨ। ਇਹਨਾਂ ਨੂੰ ਪਹਿਲਾਂ ਵੀ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਗਿਆ ਸੀ ਤੇ ਹੁਣ ਮੁੜ ਇਹਨਾਂ ਨੂੰ ਡੇਰੇ 'ਤੇ ਸੱਦਿਆ ਗਿਆ ਸੀ। ਇਸ ਦੌਰਾਨ ਇਹਨਾਂ ਔਰਤਾਂ ਨੇ ਆਪਣੇ ਇੱਕ ਨਜ਼ਦੀਕੀ ਨੂੰ ਸਰੀਰਕ ਸ਼ੋਸ਼ਣ ਬਾਰੇ ਜਾਣਕਾਰੀ ਦਿੱਤੀ, ਜਿਸ ਨੇ ਮਾਮਲਾ ਐੱਸ.ਸੀ. ਕਮਿਸ਼ਨ ਦੇ ਮੈਂਬਰ ਦੇ ਧਿਆਨ ਵਿੱਚ ਲਿਆਂਦਾ।

(ਪੰਜਾਬੀ ਟ੍ਰਿਬਿਊਨ)

### ਅਖੌਤੀ ਬਾਬੇ ਨੇ ਔਰਤ ਨੂੰ ਚਿਮਟੇ ਨਾਲ ਕੁੱਟਣ ਤੋਂ ਬਾਅਦ ਲਗਾਈ ਅੱਗ

**ਪੁਲਿਸ ਵੱਲੋਂ ਇਰਾਦਾ ਕਤਲ ਦਾ ਕੇਸ ਦਰਜ :**

ਅਖੌਤੀ ਬਾਬੇ ਭੋਲੇ-ਭਾਲੇ ਲੋਕਾਂ ਨੂੰ ਅੰਧ-ਵਿਸ਼ਵਾਸਾਂ 'ਚ ਪਾ ਕੇ ਉਹਨਾਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਤਾਂ ਕਰਦੇ ਹੀ ਹਨ, ਪਰ ਪਿੰਡ ਛਾਜਲੀ (ਸੰਗਰੂਰ) ਵਿੱਚ ਇੱਕ ਮਨ-ਕੰਬਾਊ ਘਟਨਾ ਸਾਹਮਣੇ ਆਈ ਹੈ। ਇਸ ਪਿੰਡ ਦੀ ਸਮਰਾਓ ਪੱਤੀ 'ਚ ਸਥਿਤ ਇੱਕ ਸਮਾਧ 'ਤੇ ਸੁਖਵਿੰਦਰ ਕੌਰ ਨਾਮ ਦੀ ਔਰਤ ਹਰ ਰੋਜ਼ ਦੀ ਤਰ੍ਹਾਂ ਉਸ ਡੇਰੇ ਵਿੱਚ ਮੱਥਾ ਟੇਕਣ ਗਈ। ਉੱਥੇ ਹਾਜ਼ਰ ਅਖੌਤੀ ਬਾਬੇ ਬਲਵੀਰ ਸਿੰਘ ਨੇ ਪਹਿਲਾਂ ਉਸ ਔਰਤ ਨੂੰ ਗਾਲਾਂ ਕੱਢਣੀਆਂ ਸ਼ੁਰੂ ਕੀਤੀਆਂ, ਫਿਰ ਚਿਮਟੇ ਨਾਲ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਉਸ ਢੌਂਗੀ ਦੀ ਦਰਿੰਦਗੀ, ਇੱਥੇ ਹੀ ਖਤਮ ਨਹੀਂ ਹੋਈ, ਉਸ ਨੇ ਉਸ ਔਰਤ 'ਤੇ ਤੇਲ ਛਿੜਕ ਕੇ ਉਸ ਨੂੰ ਅੱਗ ਵੀ ਲਗਾ ਦਿੱਤੀ। ਰੌਲਾ ਪਾਉਣ 'ਤੇ ਲੋਕ ਇਕੱਠੇ ਹੋਏ ਅਤੇ ਉਸ ਔਰਤ ਨੂੰ ਇਲਾਜ ਲਈ ਸੁਨਾਮ ਹਸਪਤਾਲ ਵਿਖੇ ਦਾਖਲ ਕਰਾਇਆ।

(ਜਗ ਬਾਣੀ)

### ਮੰਦਰ 'ਚ ਛਪਦੀ ਰਹੀ ਜਾਅਲੀ ਕਰੰਸੀ, ਪੁਜਾਰੀ ਸਮੇਤ 6 ਗ੍ਰਿਫਤਾਰ

ਕੌਮੀ ਜਾਂਚ ਏਜੰਸੀ ਨੇ ਗੁਜਰਾਤ ਦੇ ਸੂਰਤ ਵਿੱਚ ਸਥਿਤ ਇੱਕ ਮੰਦਰ 'ਚ ਛਪਦੀ ਰਹੀ ਜਾਅਲੀ ਕਰੰਸੀ ਦੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ 'ਚ ਖੁਦ ਮੰਦਰ ਦਾ ਪੁਜਾਰੀ ਵੀ ਸ਼ਾਮਲ ਸੀ। ਇਹਨਾਂ ਨੇ ਵਧੀਆ ਸਕੈਨਰ ਅਤੇ ਲੇਜ਼ਰ ਪ੍ਰਿੰਟਰ ਇਸ ਮੰਦਿਰ 'ਚ ਰੱਖੇ ਹੋਏ ਸਨ ਤੇ ਉਸੇ ਨਾਲ ਇਹ ਸਾਰੀ 'ਖੇਡ' ਰਚਾਉਂਦੇ ਸੀ। ਜਾਅਲੀ ਕਰੰਸੀ ਨੂੰ ਮੰਦਿਰ ਦੇ ਚੜ੍ਹਾਵੇ ਵਿੱਚ ਮਿਲਾ ਦਿੱਤਾ ਜਾਂਦਾ ਸੀ ਤੇ ਫਿਰ ਏਜੰਟਾਂ ਦੀ ਮਦਦ ਨਾਲ ਉਸ ਜਾਅਲੀ ਕਰੰਸੀ ਨੂੰ ਸਥਾਨਕ ਬਾਜ਼ਾਰ ਵਿੱਚ ਖਪਾਇਆ ਜਾਂਦਾ ਸੀ। ਇੱਕ ਏਜੰਟ ਵੱਲੋਂ ਹੀ ਖੁਲਾਸਾ ਕੀਤੇ ਜਾਣ 'ਤੇ ਇਹ ਪਰਦਾਫਾਸ਼ ਹੋਇਆ ਹੈ। ਪੁਲਿਸ ਮੁਤਾਬਕ ਮੁਲਜ਼ਮਾਂ ਕੋਲੋਂ 2000 ਦੇ 5013 ਨੋਟ ਬਰਾਮਦ ਹੋਏ ਹਨ ਜਿਨ੍ਹਾਂ ਦੀ ਕੀਮਤ 1 ਕਰੋੜ 26 ਹਜ਼ਾਰ ਦੇ ਲਗਭਗ ਬਣਦੀ ਹੈ। ਇਹਨਾਂ ਵਿੱਚੋਂ ਇੱਕ ਮੁਲਜ਼ਮ 'ਤੇ ਪਹਿਲਾਂ ਤੋਂ ਹੀ ਗੁਜਰਾਤ ਤੇ ਮੁੰਬਈ ਵਿੱਚ ਕਈ ਕੇਸ ਚੱਲ ਰਹੇ ਹਨ।

(ਆਵਾਜ਼ ਬਿਊਰੋ, ਨਵੀਂ ਦਿੱਲੀ)

### ਤਿਰੂਪਤੀ ਬਾਲਾ ਜੀ ਮੰਦਿਰ 83 ਦਿਨ ਬਾਅਦ ਭਗਤਾਂ ਲਈ ਖੁੱਲ੍ਹਿਆ, ਪੀ.ਪੀ.ਈ. ਕਿੱਟ ਵਿੱਚ ਮੰਦਿਰ ਸਟਾਫ

ਆਂਧਰਾ ਪ੍ਰਦੇਸ਼ ਵਿੱਚ ਸਥਿਤ ਇਸ ਮੰਦਿਰ ਦੇ ਖੁੱਲ੍ਹਣ 'ਤੇ ਪਹਿਲੇ ਦਿਨ 6 ਹਜ਼ਾਰ ਸ਼ਰਧਾਲੂ ਪਹੁੰਚੇ। ਹਰ ਘੰਟੇ ਸਿਰਫ 500 ਲੋਕਾਂ ਨੂੰ ਦਾਖਲਾ ਮਿਲਿਆ। ਸ਼ਰਧਾਲੂਆਂ ਦਾ ਮੁੰਡਨ ਕਰਨ ਵਾਲੇ ਮੰਦਿਰ ਕਰਮਚਾਰੀ ਵੀ ਪੀ.ਪੀ.ਈ. ਕਿੱਟ ਵਿੱਚ ਸਨ। ਸ਼ਰਧਾਲੂਆਂ ਨੂੰ ਜ਼ਰਾ ਸੋਚਣਾ ਚਾਹੀਦਾ ਕਿ ਜਿੰਨਾਂ ਨੂੰ ਆਪ ਹੀ 'ਭਗਵਾਨ' ਦੀ ਥਾਂ ਪੀ.ਪੀ.ਈ. ਕਿੱਟ 'ਤੇ ਵੱਧ ਭਰੋਸਾ, ਉਹ ਤੁਹਾਡਾ ਕੀ ਸੰਵਾਰਣਗੇ? ਜੇ ਸਭ ਰੱਬ ਦੀ ਇੱਛਾ ਨਾਲ ਹੁੰਦਾ, ਉਸ ਤੋਂ ਬਿਨਾਂ ਪੱਤਾ ਨਹੀਂ ਹਿਲਦਾ, ਤਾਂ ਕੀ ਫਿਰ ਇਹ ਮਹਾਂਮਾਰੀ ਵੀ ਉਸਦੀ ਇੱਛਾ ਨਾਲ ਨਹੀਂ ਹੈ? ਅੰਧਵਿਸ਼ਵਾਸਾਂ 'ਚੋਂ ਨਿਕਲ ਕੇ ਵਿਗਿਆਨਕ ਬਚਾਅ ਢੰਗ ਵਰਤੋਂ।

**ਅਦਾਰਾ**

---

*ਪੰਨਾ 11 ਦਾ ਬਾਕੀ...*

ਪਰ ਮਰੀਜ਼ ਤੋਂ ਅੱਗੇ ਬਿਮਾਰੀ ਇਸ ਦੇ ਲੱਛਣ ਸ਼ੁਰੂ ਹੋਣ ਤੋਂ 3 ਦਿਨ ਪਹਿਲਾਂ ਅਤੇ ਪਹਿਲੇ 7 ਦਿਨਾਂ ਵਿਚ ਜਿਆਦਾ ਫੈਲਦੀ ਹੈ। ਲੱਛਣ ਖਤਮ ਹੋਣ ਤੋਂ 3 ਦਿਨ ਬਾਅਦ ਮਰੀਜ਼ ਆਮ ਤੌਰ ਤੇ ਇਸਨੂੰ ਅੱਗੇ ਘੱਟ ਹੀ ਫੈਲਾਅ ਸਕਦਾ ਹੈ।

**ਬਰੈਂਪਟਨ** (ਕੈਨੇਡਾ)

# ਲਾਲ ਸਲਾਮ - ਇੱਕ ਜੁਰਮ ?

**ਸਵਰਾਜ ਬੀਰ**

ਇਉਂ ਲੱਗਦਾ ਹੈ ਜਿਵੇਂ ਸਾਡੇ ਦੇਸ਼ ਦੀਆਂ ਅਪਰਾਧਾਂ ਦੀ ਤਫ਼ਤੀਸ਼ ਕਰਨ ਵਾਲੀਆਂ ਏਜੰਸੀਆਂ, ਪੁਲੀਸ ਅਤੇ ਨਿਆਂ-ਪ੍ਰਬੰਧ ਨਾਲ ਸਬੰਧਿਤ ਸੰਸਥਾਵਾਂ ਨੇ ਉਸ ਭੂਮਿਕਾ, ਜਿਹੜੀ ਸੰਵਿਧਾਨ ਅਤੇ ਕਾਨੂੰਨ ਉਨ੍ਹਾਂ ਨੂੰ ਨਿਭਾਉਣ ਲਈ ਕਹਿੰਦੇ ਹਨ, ਨੂੰ ਤਿਆਗ ਦਿੱਤਾ ਹੈ। ਜ਼ਮਹੂਰੀ ਰਾਜਾਂ ਵਿੱਚ ਰਹਿੰਦੇ ਲੋਕ ਉਮੀਦ ਕਰਦੇ ਹਨ ਕਿ ਇਹ ਸੰਸਥਾਵਾਂ ਸੰਵਿਧਾਨ ਅਤੇ ਕਾਨੂੰਨ ਦੀ ਪਾਲਣਾ ਕਰਦੀਆਂ ਹੋਈਆਂ ਲੋਕਾਂ ਨਾਲ ਇਨਸਾਫ਼ ਕਰਨ। ਬਹੁਤ ਸਾਰੇ ਜ਼ਮਹੂਰੀ ਦੇਸ਼ਾਂ ਵਿੱਚ ਇਨ੍ਹਾਂ ਸੰਸਥਾਵਾਂ ਵਿੱਚ ਵੱਡੇ ਸੁਧਾਰ ਹੋਣ ਕਾਰਨ ਇਨ੍ਹਾਂ ਸੰਸਥਾਵਾਂ ਦੇ ਅਕਸ ਵੀ ਵੱਖਰੀ ਤਰ੍ਹਾਂ ਦੇ ਹਨ।

ਸਾਡੇ ਦੇਸ਼ ਦਾ ਨਿਆਂ-ਪ੍ਰਬੰਧ, ਪੁਲੀਸ ਅਤੇ ਹੋਰ ਸੰਸਥਾਵਾਂ ਬਸਤੀਵਾਦੀ ਨਿਜ਼ਾਮ ਦੀ ਦੇਣ ਹਨ। ਬਸਤੀਵਾਦੀ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਲੋਕਾਂ ਨੂੰ ਦਬਾਉਣ ਲਈ ਵਰਤਦੀ ਸੀ। ਆਜ਼ਾਦੀ ਤੋਂ ਬਾਅਦ ਇਨ੍ਹਾਂ ਸੰਸਥਾਵਾਂ ਵਿੱਚ ਵੱਡੇ ਸੁਧਾਰਾਂ ਦੀ ਲੋੜ ਸੀ। ਇਹ ਮੰਗ ਵਾਰ ਵਾਰ ਉੱਠਦੀ ਰਹੀ, ਵੱਖ-ਵੱਖ ਕਮੇਟੀਆਂ ਅਤੇ ਕਮਿਸ਼ਨ ਬਣਦੇ ਰਹੇ ਪਰ ਉਨ੍ਹਾਂ ਦੀਆਂ ਸਿਫਾਰਸ਼ਾਂ ਨੇ ਅਮਲੀ ਰੂਪ ਬਹੁਤ ਘੱਟ ਵੇਖਿਆ। ਸਾਡੇ ਦੇਸ਼ ਦੀਆਂ ਤਫ਼ਤੀਸ਼ੀ ਏਜੰਸੀਆਂ ਤੇ ਪੁਲੀਸ ਦੀ ਕਾਰਜਸ਼ੈਲੀ ਵਿੱਚ ਸੁਧਾਰ ਹੋਣ ਦੀ ਥਾਂ ਵੱਡੇ ਵਿਗਾੜ ਵਿਖਾਈ ਦਿੰਦੇ ਹਨ। ਇਸ ਵੇਲੇ ਭੀਮਾ ਕੋਰੇਗਾਉ ਅਤੇ ਦਿੱਲੀ ਦੰਗਿਆਂ ਨਾਲ ਸਬੰਧਿਤ ਕੇਸ ਅਤੇ ਉਨ੍ਹਾਂ ਵਿੱਚ ਇਨ੍ਹਾਂ ਸੰਸਥਾਵਾਂ ਦੀ ਭੂਮਿਕਾ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

ਭੀਮਾ ਕੋਰੇਗਾਉ ਤੇ ਕੁੱਝ ਹੋਰ ਕੇਸਾਂ ਵਿੱਚ ਕੌਮੀ ਜਾਂਚ ਏਜੰਸੀ ਦੀ ਭੂਮਿਕਾ ਬਾਰੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਹੁਣੇ ਹੁਣੇ ਇਸ ਏਜੰਸੀ ਨੇ ਅਸਾਮ ਦੇ ਉੱਘੇ ਆਗੂ ਅਖਿਲ ਗੋਗੋਈ ਦੇ ਸਹਿਯੋਗੀ ਬਿੱਟੂ ਸੋਨੋਵਾਲ ਵਿਰੁੱਧ ਫਾਈਲ ਕੀਤੇ ਦੋਸ਼-ਪੱਤਰ ਵਿੱਚ ਉਸ ਨੂੰ ਮਾਓਵਾਦੀ ਸਿੱਧ ਕਰਨ ਲਈ ਇਹ ਦਲੀਲ ਦਿੱਤੀ ਹੈ ਕਿ ਉਸ ਨੇ ਆਪਣੇ ਸਾਥੀਆਂ ਨੂੰ 'ਕਾਮਰੇਡ' ਕਹਿ ਕੇ ਸੰਬੋਧਿਤ ਕੀਤਾ ਅਤੇ ਉਨ੍ਹਾਂ ਨੂੰ 'ਲਾਲ ਸਲਾਮ' ਕਿਹਾ। ਦੋਸ਼ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੋਨੋਵਾਲ ਨੇ ਰੂਸ ਦੇ 1917 ਦੇ ਇਨਕਲਾਬ ਦੇ ਆਗੂ ਲੈਨਿਨ ਦੀ ਤਸਵੀਰ ਆਪਣੀ ਫੇਸਬੁੱਕ 'ਤੇ ਪਾਈ ਜਿਸ ਦੇ ਨਾਲ ਲੈਨਿਨ ਦੀ ਇਹ ਟਿੱਪਣੀ "ਸਰਮਾਏਦਾਰ ਹੀ ਸਾਨੂੰ ਉਹ ਰੱਸੇ ਵੇਚਣਗੇ ਜਿਨ੍ਹਾਂ ਨਾਲ ਅਸੀਂ ਉਨ੍ਹਾਂ ਨੂੰ ਫਾਹੇ ਲਾ ਦਿਆਂਗੇ" ਵੀ ਸੀ।

ਅਖਿਲ ਗੋਗੋਈ ਅਸਾਮ ਦੀ ਕਿਸਾਨ ਜਥੇਬੰਦੀ ਕਰਿਸ਼ਕ ਮੁਕਤੀ ਸੰਗਰਾਮ ਸਮਿਤੀ ਦਾ ਆਗੂ ਹੈ। ਉਸ ਨੇ ਕਿਸਾਨ ਸੰਘਰਸ਼ ਦੇ ਨਾਲ ਨਾਲ ਸੂਬੇ ਵਿੱਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਵੱਡੀ ਲੜਾਈ ਕੀਤੀ ਸੀ। ਉਸ ਨੇ ਇੱਕ ਟੀ.ਵੀ. ਇੰਟਰਵਿਊ ਵਿੱਚ ਕਿਹਾ ਸੀ "ਮੈਂ ਮਾਰਕਸਵਾਦੀ ਹਾਂ ਅਤੇ ਸਮਾਜਿਕ ਬਦਲਾਓ ਵਿੱਚ ਵਿਸ਼ਵਾਸ ਰੱਖਦਾ ਹਾਂ।" ਉਸ ਨੇ ਕਿਸਾਨਾਂ ਦੀਆਂ ਸਹਿਕਾਰੀ ਸਭਾਵਾਂ ਬਣਾਉਣ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ ਅਤੇ ਜ਼ਮੀਨ ਹੜੱਪਣ ਵਾਲੇ ਮਾਫ਼ੀਏ ਵਿਰੁੱਧ ਸੰਘਰਸ਼ ਕੀਤੇ ਹਨ। ਦਸੰਬਰ 2019 ਵਿੱਚ ਉਸ ਨੂੰ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਕਾਰਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ 31 ਮਾਰਚ 2020 ਨੂੰ ਜ਼ਮਾਨਤ ਤਾਂ ਮਿਲ ਗਈ ਪਰ ਉਸ ਦੇ ਵਿਰੁੱਧ ਕਈ ਹੋਰ ਕੇਸ ਦਰਜ ਕੀਤੇ ਗਏ ਹਨ।

ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਸਮਾਜਿਕ ਕਾਰਕੁਨਾਂ ਵਿਰੁੱਧ ਕਾਰਵਾਈ ਕਰਨ ਦਾ ਝੱਖੜ ਸਾਰੇ ਦੇਸ਼ ਵਿੱਚ ਝੁੱਲ ਰਿਹਾ ਹੈ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਚਲਾਏ ਜਾ ਰਹੇ ਅੰਦੋਲਨ ਦੇ ਸਬੰਧ ਵਿੱਚ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਇਸ ਤੱਥ ਦੇ ਹੋਰ ਸਬੂਤ ਦਿੰਦੀਆਂ ਹਨ। ਇਨ੍ਹਾਂ ਵਿੱਚੋਂ ਮਸ਼ਹੂਰ ਕੇਸ ਸਫ਼ੂਰਾ ਜਰਗਰ ਦਾ ਹੈ। ਉਹ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੀ ਵਿਦਿਆਰਥਣ ਹੈ ਅਤੇ ਉਸ ਨੇ ਯੂਨੀਵਰਸਿਟੀ ਵਿੱਚ ਇਸ ਕਾਨੂੰਨ ਦੇ ਵਿਰੋਧ ਵਿੱਚ ਚੱਲੇ ਅੰਦੋਲਨ ਵਿੱਚ ਹਿੱਸਾ ਲਿਆ। ਦਿੱਲੀ ਪੁਲੀਸ ਨੇ ਉਸ ਨੂੰ 11 ਅਪ੍ਰੈਲ ਨੂੰ ਇਸ ਅੰਦੋਲਨ ਵਿੱਚ ਹਿੱਸਾ ਲੈਣ ਲਈ ਗ੍ਰਿਫ਼ਤਾਰ ਕੀਤਾ ਤੇ ਦੋ ਦਿਨ ਪੁਲੀਸ ਹਿਰਾਸਤ ਵਿੱਚ ਰੱਖਿਆ। 13 ਅਪ੍ਰੈਲ ਨੂੰ ਉਸ ਨੂੰ ਜ਼ਮਾਨਤ ਮਿਲ ਗਈ। ਦਿੱਲੀ ਪੁਲੀਸ ਨੇ ਉਸ ਨੂੰ ਉਸੇ ਵੇਲੇ ਦਿੱਲੀ ਵਿੱਚ ਹੋਈ ਹਿੰਸਾ ਭੜਕਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ। ਇਸ ਸੰਬੰਧੀ ਪਟਿਆਲਾ ਹਾਊਸ ਦਿੱਲੀ ਵਿੱਚ ਹੋਈ ਸੁਣਵਾਈ ਦੌਰਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ ਨਵੀਂ ਦਿੱਲੀ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਕਾਨੂੰਨੀ ਮਾਹਿਰਾਂ ਨੇ ਇਸ ਹੁਕਮ ਦੀ ਆਲੋਚਨਾ ਕੀਤੀ ਹੈ, ਅਦਾਲਤ ਨੇ ਕਿਹਾ ਹੈ ਕਿ ਭਾਵੇਂ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਸਫ਼ੂਰਾ ਨੇ ਕੋਈ ਅਜਿਹਾ ਕੰਮ ਜਾਂ ਅਜਿਹਾ ਭਾਸ਼ਨ ਦਿੱਤਾ ਜਿਸ ਦਾ ਦਿੱਲੀ ਵਿੱਚ ਹੋਈ ਹਿੰਸਾ

ਨਾਲ ਸਿੱਧਾ ਸਬੰਧ ਹੋਵੇ ਪਰ ਫਿਰ ਵੀ ਉਹ ਹਿੰਸਾ ਲਈ ਹੋਈ ਸਾਜਿਸ਼ ਵਿੱਚ ਹਿੱਸੇਦਾਰ ਹੈ ਕਿਉਂਕਿ ਅਦਾਲਤ ਅਨੁਸਾਰ "ਜੇ ਤੁਸੀਂ ਅੰਗਿਆਰਾਂ ਨਾਲ ਖੇਡਦੇ ਹੋ ਤਾਂ ਤੁਸੀਂ ਹਵਾ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ ਕਿ ਉਹ ਚਿਣਗਾਂ ਨੂੰ ਉਡਾ ਕੇ ਜ਼ਿਆਦਾ ਦੂਰ ਤੱਕ ਲੈ ਗਈ।" ਮਸ਼ਹੂਰ ਵਕੀਲ ਗੌਤਮ ਭਾਟੀਆ ਨੇ ਲਿਖਿਆ ਹੈ ਕਿ ਅਦਾਲਤ ਨੇ ਸਫ਼ੂਰਾ ਨੂੰ ਜਮਾਨਤ ਨਾ ਦੇਣ ਵੇਲੇ ਤੱਥਾਂ ਦੀ ਥਾਂ ਮੁਹਾਵਰਿਆਂ ਦਾ ਸਹਾਰਾ ਲਿਆ ਹੈ।

ਦਿੱਲੀ ਦੇ ਹਾਲਾਤ ਏਨੇ ਵਿਰੋਧਾਭਾਸ ਵਾਲੇ ਹਨ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਮੋਰਚਾ ਲਗਾਉਣ ਵਾਲਿਆਂ ਨੂੰ ਤਾਂ ਦਿੱਲੀ ਦੀ ਹੋਈ ਹਿੰਸਾ ਨਾਲ ਜੋੜ ਕੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਜਦੋਂ ਕਿ ਦੂਸਰੇ ਪਾਸੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਨਫ਼ਰਤ ਫੈਲਾਉਣ ਵਾਲੇ ਭਾਸ਼ਣ ਦੇਣ ਵਾਲੇ ਕੇਂਦਰੀ ਰਾਜ ਵਿੱਤ ਮੰਤਰੀ ਅਨੁਰਾਗ ਠਾਕੁਰ (ਜਿਸ ਨੇ 'ਦੇਸ਼ ਕੇ ਗੱਦਾਰੋ ਕੋ, ਗੋਲੀ ਮਾਰੋ...ਕੋ' ਦਾ ਨਾਅਰਾ ਲਾਇਆ) ਅਤੇ ਪ੍ਰਵੇਸ਼ ਸਾਹਿਬ ਸਿੰਘ ਵਰਮਾ (ਜਿਸ ਨੇ ਸ਼ਾਹੀਨ ਬਾਗ਼ ਦੇ ਮੁਜ਼ਾਹਰਾਕਾਰੀਆਂ ਨੂੰ ਜਬਰ-ਜਨਾਹ ਕਰਨ ਵਾਲੇ ਕਿਹਾ), ਜਿਨ੍ਹਾਂ ਦੇ ਚੋਣ ਪ੍ਰਚਾਰ 'ਤੇ ਕੇਂਦਰੀ ਚੋਣ ਕਮਿਸ਼ਨ ਨੇ ਵੀ ਰੋਕ ਲਗਾਈ ਸੀ, ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਹੁਣ ਭਾਜਪਾ ਆਗੂ ਨਵੀਨ ਕੁਮਾਰ ਦੀ ਸ਼ਿਕਾਇਤ 'ਤੇ ਉੱਘੇ ਪੱਤਰਕਾਰ ਵਿਨੋਦ ਦੂਆ ਵਿਰੁੱਧ ਦਿੱਲੀ ਵਿੱਚ ਹੋਈ ਹਿੰਸਾ ਬਾਰੇ 'ਗਲਤ ਜਾਣਕਾਰੀ' ਦੇਣ ਅਤੇ ਮੱਧ ਪ੍ਰਦੇਸ਼ ਵਿੱਚ ਹੋਏ 'ਵਿਆਪਮ ਘੁਟਾਲੇ' ਬਾਰੇ ਉਹਦੀ ਟਿੱਪਣੀ ਕਾਰਨ ਕੇਸ ਦਰਜ ਕਰ ਲਿਆ ਗਿਆ ਹੈ। ਬੰਗਲੁਰੂ ਪੁਲੀਸ ਨੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਦੇ ਭਾਰਤ ਚੈਪਟਰ ਦੇ ਸਾਬਕਾ ਮੁਖੀ ਅਕਾਰ ਪਟੇਲ ਵਿਰੁੱਧ ਇਸ ਲਈ ਕੇਸ ਦਰਜ ਕੀਤਾ ਹੈ ਕਿ ਉਸ ਨੇ ਭਾਰਤ ਦੇ ਘੱਟਗਿਣਤੀ ਫ਼ਿਰਕਿਆਂ ਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਵੀ ਆਪਣੇ ਨਾਲ ਹੁੰਦੇ ਵਿਤਕਰਿਆ ਬਾਰੇ ਓਦਾਂ ਦੇ ਮੁਜ਼ਾਹਰੇ ਕਰਨ ਜਿਸ ਤਰ੍ਹਾਂ ਦੇ ਅਮਰੀਕਾ ਦੇ ਲੋਕ ਮਿਨੇਸੋਟਾ ਸੂਬਾ ਵਿੱਚ ਜਾਰਜ ਫਲਾਇਡ ਦਾ ਪੁਲੀਸ ਦੁਆਰਾ ਕਤਲ ਕੀਤੇ ਜਾਣ ਵਿਰੁੱਧ ਕਰ ਰਹੇ ਹਨ।

ਇਹ ਹੈ ਸਾਡੇ ਦੇਸ਼ ਵਿੱਚ ਜ਼ਮਹੂਰੀ ਅਧਿਕਾਰਾਂ ਦੇ ਹੱਕ ਵਿੱਚ ਬੋਲਣ ਅਤੇ ਸਰਕਾਰਾਂ ਦੀਆਂ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲਿਆਂ ਦਾ ਹਾਲ। ਸਿਆਸੀ, ਸਮਾਜਿਕ ਤੇ ਕਾਨੂੰਨੀ ਨੈਤਿਕਤਾ ਛਿੱਕੇ 'ਤੇ ਟੰਗ ਦਿੱਤੀ ਗਈ ਹੈ। ਅਜੀਬ ਵਿਰੋਧਾਭਾਸ ਹੈ : ਐਮਰਜੈਂਸੀ ਸਮੇਂ ਪੱਤਰਕਾਰਾਂ ਦੇ ਉਸ ਵੇਲੇ ਦੀ ਸਰਕਾਰ ਸਾਹਮਣੇ ਗੋਡੇ ਟੇਕ ਦੇਣ ਵਾਲੇ ਸ਼ਰਮਨਾਕ ਵਿਵਹਾਰ ਬਾਰੇ ਟਿੱਪਣੀ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਕਿਹਾ ਸੀ, "ਤੁਹਾਨੂੰ ਸਿਰਫ਼ ਝੁਕਣ ਲਈ ਕਿਹਾ ਗਿਆ ਸੀ ਪਰ ਤੁਸੀਂ ਰੀਂਗਣ ਲੱਗ ਪਏ।" ਅੱਜ ਅਡਵਾਨੀ ਦੀ ਆਪਣੀ ਪਾਰਟੀ ਸੱਤਾ ਵਿੱਚ ਹੈ, ਉਸ ਦੀ ਪਾਰਟੀ ਭਾਜਪਾ ਦਾ ਵੀ ਅਧਿਕਾਰੀਆਂ, ਪੱਤਰਕਾਰਾਂ ਅਤੇ ਸਿਆਸੀ ਆਗੂਆਂ ਲਈ ਫ਼ਰਮਾਨ ਉਹੀ ਹੈ ਜਿਹੜਾ ਐਮਰਜੈਂਸੀ ਸਮੇਂ ਇੰਦਰਾ ਗਾਂਧੀ ਤੇ ਕਾਂਗਰਸ ਦਾ ਉਨ੍ਹਾਂ (ਅਧਿਕਾਰੀਆਂ, ਪੱਤਰਕਾਰਾਂ ਅਤੇ ਸਿਆਸੀ ਆਗੂਆਂ) ਲਈ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਥਾਪਤੀ ਸਾਹਮਣੇ ਰੀਂਗ ਰਹੇ ਜਾਪਦੇ ਹਨ। ਜਿਨ੍ਹਾਂ ਨੇ ਰੀਂਗਣ ਤੋਂ ਇਨਕਾਰ ਕੀਤਾ, ਸਥਾਪਤੀ ਨੇ ਉਨ੍ਹਾਂ ਵਿੱਚੋਂ ਕੁਝ ਨਾਲ ਵੱਖਰੇ ਵੱਖਰੇ ਤੌਰ 'ਤੇ ਸਿੱਝ ਲਿਆ ਹੈ, ਬਾਕੀਆਂ ਦੀ ਸੰਘੀ ਤੱਕ ਸਥਾਪਤੀ ਦੇ ਹੱਥ ਪਹੁੰਚਣ ਵਾਲੇ ਹਨ। ਲਾਲ ਸਲਾਮ ਕਹਿਣਾ ਜ਼ੁਰਮ ਬਣ ਗਿਆ ਹੈ, ਮਾਰਕਸ, ਲੈਨਿਨ, ਮਾਓ ਆਦਿ ਨੂੰ ਪੜ੍ਹਨਾ ਤੇ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਟੂਕਾਂ ਦੇਣੀਆਂ ਜ਼ੁਰਮ ਹੈ। ਸਥਾਪਤੀ ਨਾਲ ਅਸਹਿਮਤ ਹੋਣਾ ਜੁਰਮ ਹੈ। ਇਹ 'ਜੁਰਮ' ਕਰਨ ਵਾਲਿਆਂ ਨੂੰ ਇਹਦੀ ਕੀਮਤ ਚੁਕਾਉਣ ਲਈ ਤਿਆਰ ਰਹਿਣਾ ਅਤੇ ਜਥੇਬੰਦ ਹੋਣਾ ਚਾਹੀਦਾ ਹੈ। ਸਾਡੇ ਦੇਸ਼ ਦਾ ਦੁਖਾਂਤ ਇਹ ਹੈ ਕਿ ਅਸੀਂ ਜ਼ਮਹੂਰੀ ਤਾਕਤਾਂ ਦੇ ਏਕੇ ਦੀ ਗੱਲ ਤਾਂ ਕਰਦੇ ਹਾਂ ਪਰ ਜ਼ਮੀਨ 'ਤੇ ਇਹ ਏਕਾ ਕਿਤੇ ਵੀ ਹੋਂਦ ਵਿੱਚ ਆਉਂਦਾ ਦਿਖਾਈ ਨਹੀਂ ਦੇ ਰਿਹਾ।

ਸੰਪਾਦਕ, ਪੰਜਾਬੀ ਟ੍ਰਿਬਿਊਨ
(ਸੰਪਾਦਕੀ 'ਲਾਲ ਸਲਾਮ ਗ੍ਰਿਫਤਾਰ' ਵਿੱਚੋਂ)
95010-13006

*ਪੰਨਾ 5 ਦਾ ਬਾਕੀ...*

ਚਾਹੇ ਅੱਜ ਦੇ ਯੁੱਗ ਵਿੱਚ ਵਧ ਰਹੀ ਚੇਤਨਾ ਨਾਲ ਹਰ ਰੰਗ ਅਤੇ ਨਸਲ ਦੇ ਲੋਕਾਂ ਨੂੰ ਬਰਾਬਰ ਹੱਕਾਂ ਵਾਲੇ ਇਕੋ ਜਿਹੇ ਇਨਸਾਨ ਸਮਝਣ ਦੀ ਧਾਰਨਾ ਵਧ ਫੁੱਲ ਰਹੀ ਹੈ। ਸਾਰੀ ਦੁਨੀਆ ਵਿੱਚ ਹਰ ਨਸਲ ਦੇ ਲੋਕਾਂ ਵੱਲੋਂ ਜਾਰਜ ਫਲਾਇਡ ਵਾਲੀ ਘਟਨਾ ਦੇ ਵਿਰੋਧ ਵਿੱਚ ਕੀਤੇ ਵਿਸ਼ਾਲ ਰੋਸ ਮੁਜ਼ਾਹਰੇ ਇਸੇ ਰੁਝਾਨ ਨੂੰ ਦਰਸਾਉਂਦੇ ਹਨ। ਪਰ ਕੁੱਝ ਲੋਕਾਂ ਵਿੱਚ ਹਾਲੇ ਵੀ ਨਸਲਵਾਦੀ ਭਾਵਨਾਵਾਂ ਭਾਰੂ ਹਨ ਜਿਸ ਦਾ ਪ੍ਰਗਟਾਵਾ ਜਾਰਜ ਫਲਾਇਡ ਨੂੰ ਗ੍ਰਿਫਤਾਰੀ ਮੌਕੇ ਮਾਰੇ ਜਾਣ ਦੇ ਘਟਨਾਕ੍ਰਮ ਤੋਂ ਹੁੰਦਾ ਹੈ। ਇਸ ਸਾਰੇ ਕੁੱਝ ਦਾ ਖਾਤਮਾ ਤਾਂ ਲੋਕਾਂ ਦੇ ਵੱਖ ਵੱਖ ਵਰਗਾਂ ਵਿੱਚ ਹਕੀਕੀ ਆਰਥਿਕ-ਸਮਾਜਿਕ ਬਰਾਬਰੀ ਸਥਾਪਿਤ ਕਰਨ ਨਾਲ ਹੀ ਹੋਣਾ ਹੈ, ਪਰ ਇਸ ਘਟਨਾ ਦੇ ਪ੍ਰਤੀਕਰਮ ਵਜੋਂ ਉਠਿਆ ਵਿਸ਼ਾਲ ਲੋਕ-ਵਿਰੋਧ ਹਾਂ-ਪੱਖੀ ਅਤੇ ਉਤਸ਼ਾਹ ਦੇਣ ਵਾਲਾ ਵਰਤਾਰਾ ਹੈ।

**98767 10809**

*ਮਨੋਰੋਗ ਮਾਹਿਰ ਦੀ ਕਲਮ ਤੋਂ*
*(ਪਿਛਲੇ ਅੰਕ ਤੋਂ ਅੱਗੇ)*

# ਸ਼ੂਗਰ (Diabetes) ਅਤੇ ਦਿਮਾਗੀ ਰੋਗ



**ਡਾ. ਬਲਵੰਤ ਸਿੰਘ**

**ਸ਼ੂਗਰ ਰੋਗ ਤੋਂ ਬਚਾਅ ਦੇ ਉਪਾਅ:**

ਪੰਜਾਬ ਵਿੱਚ ਸ਼ੂਗਰ ਰੋਗ ਦੀ ਦਰ ਬਹੁਤ ਜ਼ਿਆਦਾ ਹੈ ਅਤੇ ਇਹ ਹੋਰ ਜ਼ਿਆਦਾ ਵਧ ਰਹੀ ਹੈ। ਭਾਰਤ ਵਿੱਚ ਤਕਰੀਬਨ 7 ਕਰੋੜ ਵਿਅਕਤੀ ਸ਼ੂਗਰ ਰੋਗ ਤੋਂ ਪੀੜਿਤ ਹਨ ਅਤੇ ਲਗਭਗ ਹਰ ਸਾਲ ਦਸ ਲੱਖ ਲੋਕ ਇਸ ਬਿਮਾਰੀ ਨਾਲ ਮਰ ਜਾਂਦੇ ਹਨ। ਇਸ ਰੋਗ ਦੇ ਵਧਣ ਦੇ ਦੋ ਮੁੱਖ ਕਾਰਣ ਹਨ। ਇੱਕ ਤਾਂ ਜ਼ਿਆਦਾ ਅਤੇ ਮਿੱਠੇ ਨਾਲ ਭਰਪੂਰ ਭੋਜਨ ਦੀ ਵਰਤੋਂ; ਜਿਵੇਂ ਕਿ ਮਿਠਾਈਆਂ, ਚੀਨੀ, ਗੁੜ, ਸ਼ੱਕਰ ਆਦਿ, ਤੇ ਮੈਦੇ ਤੋਂ ਬਣੀਆ ਚੀਜ਼ਾਂ (ਜਿਵੇਂ ਕਿ ਬਿਸਕੁਟ, ਡਬਲਰੋਟੀ, ਰਸ, ਕੇਕ, ਪੀਜ਼ਾ, ਪੇਸਟਰੀਆਂ ਆਦਿ)। ਦੂਜਾ ਸਰੀਰਕ ਮਿਹਨਤ ਕਰਨ ਦੀ ਆਦਤ ਦਾ ਘਟਣਾ। ਇਹਨਾਂ ਦੋਨੋਂ ਕਾਰਣਾਂ ਕਰਕੇ ਸ਼ੂਗਰ ਇੱਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ ਅਤੇ ਇਹ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਪੈਦਾ ਕਰਦੀ ਹੈ। ਸੋ ਹਰ ਵਿਅਕਤੀ ਦਾ ਪਹਿਲਾ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਉਸਨੂੰ ਇਹ ਰੋਗ ਨਾ ਲੱਗੇ, ਭਾਵ ਕਿ ਇਸ ਤੋਂ ਬਚਿਆ ਜਾਵੇ। ਪਰ ਜੇ ਫਿਰ ਵੀ ਕਈ ਕਾਰਣਾਂ ਕਰਕੇ ਇਹ ਰੋਗ ਹੋ ਹੀ ਜਾਂਦਾ ਹੈ ਤਾਂ ਇਸ ਦਾ ਜਲਦੀ ਤੋਂ ਜਲਦੀ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਬਿਮਾਰੀ ਤੋਂ ਸਹਿਜ ਹੀ ਬਚਾਅ ਕੀਤਾ ਜਾ ਸਕਦਾ ਹੈ। ਇਸ ਲਈ ਇਹਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

**ਭੋਜਨ**:- ਭੋਜਨ ਵਿੱਚ ਸੰਤੁਲਤ ਖੁਰਾਕ ਲੈਣਾ ਬਹੁਤ ਜ਼ਰੂਰੀ ਹੈ। ਸ਼ੂਗਰ ਰੋਗ ਤੋਂ ਬਚਣ ਲਈ ਭੋਜਨ ਵਿੱਚ ਮਿੱਠਾ ਅਤੇ ਮਹੀਨ ਕਾਰਬੋਹਾਈਡ੍ਰੇਟਸ ਦਾ ਪਰਹੇਜ ਰੱਖਣਾ ਜ਼ਰੂਰੀ ਹੈ। ਮਿੱਠੇ ਵਿੱਚ ਚੀਨੀ, ਸ਼ੱਕਰ, ਗੁੜ, ਸ਼ਹਿਦ ਆਦਿ ਗਿਣੇ ਜਾਂਦੇ ਹਨ। ਅਕਸਰ ਹੀ ਲੋਕ ਕਹਿੰਦੇ ਹਨ ਕਿ ਉਹ ਚੀਨੀ ਤੋਂ ਪਰਹੇਜ ਕਰਦੇ ਹਨ ਪਰ ਗੁੜ ਜਾਂ ਸ਼ੱਕਰ ਵਰਤ ਲੈਂਦੇ ਹਨ। ਇੱਥੇ ਇਹ ਜਾਣਨਾ ਜਰੂਰੀ ਹੈ ਕਿ ਸਾਰੇ ਹੀ ਇਹ ਮਿੱਠੇ ਪਦਾਰਥ ਥੋੜੇ ਬਹੁਤੇ ਫਰਕ ਨੂੰ ਛੱਡ ਕੇ ਤਕਰੀਬਨ ਇੱਕੋ ਜਿਹੇ ਹੀ ਹਨ। ਇਹਨਾਂ ਤੋਂ ਇਲਾਵਾ ਜ਼ਿਆਦਾ ਮਿੱਠੇ ਫਲ ਜਿਵੇਂ ਕਿ ਅੰਬ ਜਾਂ ਅੰਗੂਰ ਆਦਿ ਦਾ ਵੀ ਪਰਹੇਜ ਰੱਖਣਾ ਚਾਹੀਦਾ ਹੈ। ਮਿੱਠਾ ਅਤੇ ਮਹੀਨ ਕਾਰਬੋਹਾਈਡ੍ਰੇਟਸ ਸਰੀਰ ਵਿੱਚ ਸ਼ੂਗਰ ਦੇ ਅਣੂਆਂ ਵਿੱਚ ਤਬਦੀਲ ਹੋ ਜਾਂਦੇ ਹਨ ਅਤੇ ਖੂਨ ਵਿੱਚ ਜ਼ਜ਼ਬ ਹੋ ਜਾਂਦੇ ਹਨ। ਖੂਨ ਵਿੱਚ ਸ਼ੂਗਰ ਵਧਣ ਨਾਲ ਸਰੀਰ ਇਨਸੂਲਿਨ ਨਾਂ ਦਾ ਹਾਰਮੋਨ ਪੈਦਾ ਕਰਦਾ ਹੈ ਜੋ ਇਸ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਡਾਇਬਟੀਜ਼ ਰੋਗੀਆਂ ਵਿੱਚ ਜਾਂ ਪਰੀ-ਡਾਇਬਟਿਕ ਵਿਅਕਤੀਆਂ ਵਿੱਚ ਇੰਸੂਲਿਨ ਦਾ ਇਹ ਪ੍ਰਭਾਵ ਘਟ ਜਾਂਦਾ ਹੈ ਅਤੇ ਇਨੰਸੂਲਿਨ ਖੂਨ ਵਿੱਚ ਸ਼ੂਗਰ ਨੂੰ ਲੋੜੀਂਦੀ ਮਾਤਰਾ ਵਿੱਚ ਕੰਟਰੋਲ ਨਹੀਂ ਕਰਦੀ ਅਤੇ ਇਸ ਤਰ੍ਹਾਂ ਸ਼ੂਗਰ ਰੋਗ ਦਾ ਆਰੰਭ ਹੋ ਜਾਂਦਾ ਹੈ। ਵਿਗਿਆਨਕ ਅਧਿਐਨ ਨਾਲ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਜ਼ਿਆਦਾ ਮਿੱਠਾ ਜਾਂ ਮਹੀਨ ਕਾਰਬੋਹਾਈਡ੍ਰੇਟਸ ਖਾਣ ਨਾਲ ਸ਼ੂਗਰ ਰੋਗ ਹੋਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਇਨ੍ਹਾਂ ਦੀ ਬਜਾਏ ਜੇ ਉਹ ਖਾਣਾ ਖਾਧਾ ਜਾਵੇ ਜੋ ਸਰੀਰ ਵਿੱਚ ਸ਼ੂਗਰ 'ਤੇ ਘੱਟ ਅਸਰ ਕਰਦਾ ਹੈ ਤਾਂ ਡਾਇਬਟੀਜ਼ ਹੋਣ ਦਾ ਖਤਰਾ ਘਟ ਜਾਂਦਾ ਹੈ। ਸਰੀਰ ਵਿੱਚ ਖਾਣ ਵਾਲੀਆਂ ਚੀਜ਼ਾਂ ਦੀ ਸ਼ੂਗਰ 'ਤੇ ਅਸਰ ਪਾਉਣ ਦੀ ਯੋਗਤਾ ਨੂੰ ਮਿਣਿਆ ਜਾ ਸਕਦਾ ਹੈ। ਇਸ ਦੇ ਪੈਮਾਨੇ ਨੂੰ ਗਲਾਈਸੀਮਿਕ ਇਨਡੈਕਸ (Glycemic Index) ਕਿਹਾ ਜਾਂਦਾ ਹੈ। ਜਿਹੜੇ ਭੋਜਨ ਜ਼ਿਆਦਾ ਗਲਾਈਸੀਮਿਕ ਇੰਨਡੈਕਸ ਰੱਖਦੇ ਹਨ ਉਨਾਂ ਦਾ ਪਰਹੇਜ਼ ਰੱਖਣਾ ਚਾਹੀਦਾ ਹੈ। ਜਿਵੇਂ ਕਿ ਮਿਠਾਈਆਂ, ਚਿੱਟੇ ਚੌਲ, ਮੈਦਾ ਆਦਿ। ਇਹਨਾਂ ਦੀ ਬਜਾਏ ਉਹ ਵਸਤਾਂ ਜਿਨ੍ਹਾਂ ਦਾ ਗਲਾਈਸੀਮਿਕ ਇਨਡੈਕਸ ਘੱਟ ਹੈ ਜਿਵੇਂ ਕਿ ਹਰੀਆਂ ਸ਼ਬਜ਼ੀਆਂ, ਹਰਾ ਸਲਾਦ, ਘੱਟ ਮਿੱਠੇ ਫਲ, ਅਤੇ ਮੋਟੇ ਆਟੇ ਦੀਆਂ ਖੁਸ਼ਕ ਰੋਟੀਆਂ (ਬਿਨ੍ਹਾਂ ਚੋਪੜੀਆਂ) ਆਦਿ ਨੂੰ ਜ਼ਿਆਦਾ ਖਾਣਾ ਚਾਹੀਦਾ ਹੈ। ਵਿਅਕਤੀ ਨੂੰ ਸਿਹਤ ਠੀਕ ਰੱਖਣ ਲਈ ਆਪਣੇ ਸਰੀਰ ਦੇ ਭਾਰ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ। ਮੋਟਾਪਾ ਵੀ ਸ਼ੂਗਰ ਰੋਗ ਹੋਣ ਦੇ ਖਦਸ਼ੇ ਨੂੰ ਵਧਾਉਂਦਾ ਹੈ। ਅਸਲ ਵਿੱਚ ਦੋ ਚੀਜ਼ਾਂ 'ਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੈ, ਇੱਕ ਹੈ ਸਰੀਰ ਦਾ ਵਜ਼ਨ, ਤੇ ਦੂਜਾ ਹੈ ਕਮਰ ਦਾ ਨਾਪ। ਜੇ ਇਨ੍ਹਾਂ ਦੋ ਚੀਜ਼ਾਂ ਦਾ ਧਿਆਨ ਰੱਖਕੇ ਇਹਨਾਂ ਨੂੰ ਆਪਣੇ ਕੱਦ ਮੁਤਾਬਿਕ ਨਿਰਧਾਰਿਤ ਮਾਪਦੰਡ ਦੇ ਅੰਦਰ ਅੰਦਰ ਰੱਖਿਆ ਜਾਵੇ ਤਾਂ ਮੋਟਾਪੇ ਤੋਂ ਬਹੁਤ ਆਸਾਨੀ ਨਾਲ ਬਚਿਆ ਜਾ ਸਕਦਾ ਹੈ। ਜੇ ਕਿਸੇ ਵੀ ਕਾਰਨ ਕਰਕੇ ਜ਼ਿਆਦਾ ਭੁੱਖ ਲੱਗੇ (ਜਿਵੇਂ ਕਿ ਪਰੇਸ਼ਾਨੀ ਕਾਰਣ ਜਾਂ ਉਦਾਸੀ ਕਾਰਣ ਜਾਂ ਕਿਸੇ ਦਵਾਈ ਕਾਰਨ) ਤਾਂ ਭੁੱਖ ਮਿਟਾਉਣ ਲਈ ਚਿਕਨਾਈ ਅਤੇ ਚੀਨੀ ਯੁਕਤ ਚੀਜ਼ਾਂ ਖਾਣ ਦੀ ਬਜਾਏ ਬਹੁਤ ਘੱਟ ਊਰਜਾ ਵਾਲਾ ਖਾਣਾ ਜਿਵੇਂ ਕਿ ਹਰਾ ਸਲਾਦ, ਹਰੀਆਂ

ਸਬਜ਼ੀਆਂ ਆਦਿ ਵੱਧ ਖਾਕੇ ਕੰਮ ਚਲਾਉਣਾ ਚਾਹੀਦਾ ਹੈ। ਸੰਤੁਲਿਤ ਭੋਜਨ ਸਹੀ ਮਾਤਰਾ ਵਿੱਚ ਖਾਣ ਨਾਲ ਮੋਟਾਪੇ ਤੋਂ ਬਚਿਆ ਜਾ ਸਕਦਾ ਹੈ। ਭੋਜਨ 'ਤੇ ਕੰਟਰੋਲ ਰੱਖਣ ਦੇ ਨਾਲ-ਨਾਲ ਕਸਰਤ ਅਤੇ ਚੁਸਤ ਦਰੁਸਤ ਜੀਵਨ ਸ਼ੈਲੀ ਰੱਖਣੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਬਚਪਨ ਤੋਂ ਹੀ ਸੰਤੁਲਿਤ ਭੋਜਨ ਦੀ ਆਦਤ ਪਾਉਣੀ ਬਹੁਤ ਜ਼ਰੂਰੀ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਆਪਣੇ ਖਾਣੇ ਦਾ ਧਿਆਨ ਰੱਖਣਾ ਚਾਹੀਦਾ ਹੈ। ਸਵੇਰ ਦਾ ਨਾਸ਼ਤਾ ਕਰਨਾ ਬਹੁਤ ਜਰੂਰੀ ਹੈ। ਰਾਤ ਦਾ ਖਾਣਾ ਜਲਦੀ ਖਾ ਲੈਣਾ ਚਾਹੀਦਾ ਹੈ ਅਤੇ ਬਹੁਤ ਹਲਕਾ ਅਤੇ ਘੱਟ ਮਾਤਰਾ ਵਿੱਚ ਕਰਨਾ ਚਾਹੀਦਾ ਹੈ। ਮੈਦਾ ਅਤੇ ਇਸ ਤੋਂ ਬਣੀਆ ਚੀਜ਼ਾਂ, ਜੰਕ ਫੂਡ ਅਤੇ ਮਿਠਾਈਆਂ ਤੋਂ ਬਿਲਕੁਲ ਪਰਹੇਜ਼ ਕਰਨਾ ਚਾਹੀਦਾ ਹੈ। ਅਲਕੋਹਲ ਅਤੇ ਇਸਦੇ ਸੰਬੰਧਿਤ ਪੀਣ ਵਾਲੀਆਂ ਚੀਜ਼ਾਂ ਤੋਂ ਵੀ ਬਚਣਾ ਚਾਹੀਦਾ ਹੈ।

ਅੱਜ-ਕੱਲ੍ਹ ਕੋਲਾ ਡਰਿੰਕਸ ਦਾ ਵੀ ਬਹੁਤ ਫੈਸ਼ਨ ਹੋ ਗਿਆ ਹੈ। ਵਿਆਹ ਸ਼ਾਦੀਆਂ ਜਾਂ ਹੋਰ ਪਾਰਟੀਆਂ ਵਿੱਚ ਕੋਲਾ ਡਰਿੰਕਸ ਜਾਂ ਹੋਰ ਮੌਕਟੇਲ ਡਰਿੰਕਸ ਜਾਂ ਡੱਬੇਬੰਦ ਫਲਾਂ ਦੇ ਜੂਸ ਦਾ ਬਹੁਤ ਰਿਵਾਜ਼ ਹੋ ਗਿਆ ਹੈ। ਇਹ ਸਾਰੇ ਪੀਣ ਵਾਲੇ ਪਦਾਰਥ ਖ਼ੂੰਨ ਵਿੱਚ ਸ਼ੂਗਰ ਦੀ ਮਾਤਰਾ ਇੱਕਦਮ ਵਧਾ ਦਿੰਦੇ ਹਨ। ਇਸ ਲਈ ਇਨ੍ਹਾਂ ਦਾ ਪੂਰਨ ਤੌਰ 'ਤੇ ਪਰਹੇਜ਼ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਮੁਕਾਬਲੇ ਫਿੱਕੀ ਸਕੰਜਵੀਂ ਜਾਂ ਫਿੱਕੀ ਲੱਸੀ ਜਾਂ ਨਾਰੀਅਲ ਪਾਣੀ ਬਹੁਤ ਬਿਹਤਰ ਬਦਲ ਹਨ। ਸਭ ਤੋਂ ਵਧੀਆ ਆਦਤ ਤਾਂ ਸਾਦਾ ਪਾਣੀ ਪੀਣ ਦੀ ਹੈ। ਖੋਜ ਦਸਦੀ ਹੈ ਕਿ ਹੋਰ ਪੀਣ ਵਾਲੇ ਪਦਾਰਥਾਂ ਜਾਂ ਅਲਕੋਹਲ ਵਾਲੇ ਪਦਾਰਥਾਂ ਦੀ ਬਜਾਏ ਹਮੇਸ਼ਾ ਸਾਦਾ ਪਾਣੀ ਪੀਣ ਨਾਲ ਸ਼ੂਗਰ ਰੋਗ ਹੋਣ ਦਾ ਖਤਰਾ ਘਟਦਾ ਹੈ।

**ਕਸਰਤ**:- ਨਿਯਮਿਤ ਰੂਪ ਨਾਲ ਕਸਰਤ ਕਰਨਾ ਬਹੁਤ ਲਾਹੇਵੰਦ ਹੈ। ਵਿਗਿਆਨੀਆਂ ਅਨੁਸਾਰ ਸ਼ੁਰੂ ਤੋਂ ਹੀ ਹਰ ਰੋਜ਼ ਕਸਰਤ ਕਰਨ ਨਾਲ ਸ਼ੂਗਰ ਰੋਗ ਹੋਣ ਦਾ ਖਤਰਾ ਪੰਜਾਹ ਫੀ ਸਦੀ ਘਟ ਜਾਂਦਾ ਹੈ। ਕਸਰਤ ਸਰੀਰ ਵਿੱਚ ਇਨਸੂਲਿਨ ਦੀ ਕਾਰਗੁਜਾਰੀ ਵਧਾਉਂਦੀ ਹੈ (It increases Insulin sensitivity)। ਦਰਮਿਆਨੀ ਕਸਰਤ ਕਰਨ ਨਾਲ ਇਹ ਤਕਰੀਬਨ ਪੰਜਾਹ ਫੀਸਦੀ ਅਤੇ ਜ਼ਿਆਦਾ ਜੋਰ ਦੀ ਵਰਜਿਸ਼ ਨਾਲ ਪਚਾਸੀ ਫੀਸਦੀ ਵਧਦੀ ਹੈ। ਲਗਾਤਾਰ ਜ਼ਿਆਦਾ ਸਮੇਂ ਬੈਠੇ ਰਹਿਣਾ ਵੀ ਹਾਨੀਕਾਰਕ ਹੈ ਅਤੇ ਇਸ ਨਾਲ ਸਿਹਤ ਖਰਾਬ ਹੁੰਦੀ ਹੈ। ਬਹੁਤ ਜ਼ਿਆਦਾ ਸਮਾਂ ਟੈਲੀਵਿਜ਼ਨ ਅੱਗੇ ਬੈਠਣਾ ਜਾਂ ਕੰਮਕਾਰ ਲਈ ਜਾਂ ਦਫਤਰ ਵਿੱਚ ਕੁਰਸੀ 'ਤੇ ਜ਼ਿਆਦਾ ਸਮੇ ਬੈਠੇ ਰਹਿਣਾ, ਜਾਂ ਜ਼ਿਆਦਾ ਸਮਾਂ ਬੈੱਡ 'ਤੇ ਪਏ ਰਹਿਣਾ ਵੀ ਮੋਟਾਪੇ ਅਤੇ ਸ਼ੂਗਰ ਰੋਗ ਦਾ ਕਾਰਣ ਬਣਦੇ ਹਨ। ਵਿਗਿਆਨੀ ਆਖਦੇ ਹਨ ਕਿ ਜ਼ਿਆਦਾ ਬੈਠਣਾ ਵੀ ਸਿਗਰਟ ਪੀਣ ਦੇ ਬਰਾਬਰ ਨੁਕਸਾਨ ਦਾਇਕ ਹੈ। ਨਵਾਂ ਅਖਾਣ ਹੈ **"Sitting is next Smoking".**

**ਵਜ਼ਨ ਜਾਂ ਭਾਰ ਘਟਾਉਣਾ**:- ਬੇਸ਼ੱਕ ਸਾਰੇ ਸ਼ੂਗਰ ਦੇ ਮਰੀਜ਼ ਮੋਟੇ ਨਹੀਂ ਹੁੰਦੇ ਪਰ ਜ਼ਿਆਦਾਤਰ ਮਰੀਜ਼ ਮੋਟੇ ਹੁੰਦੇ ਹਨ। ਜ਼ਿਆਦਾ ਭਾਰ ਵਧਣ ਨਾਲ ਸ਼ੂਗਰ ਰੋਗ ਹੋਣ ਦਾ ਖਤਰਾ ਵਧ ਜਾਂਦਾ ਹੈ। ਜੇ ਕਿਸੇ ਨੂੰ ਸ਼ੂਗਰ ਰੋਗ ਹੋ ਵੀ ਜਾਵੇ ਤਾਂ ਭਾਰ ਘਟਾਉਣ ਨਾਲ ਖੂਨ ਵਿੱਚ ਸ਼ੂਗਰ ਦਾ ਲੈਵਲ ਘਟਦਾ ਹੈ। ਇਸ ਲਈ ਜਿਵੇਂ ਕਿ ਪਹਿਲਾ ਵੀ ਕਿਹਾ ਜਾ ਚੁੱਕਿਆ ਹੈ ਕਿ ਸਰੀਰ ਦਾ ਭਾਰ ਕੰਟਰੋਲ ਵਿੱਚ ਰੱਖ ਕੇ ਸ਼ੂਗਰ ਰੋਗ ਤੋਂ ਬਹੁਤ ਹੱਦ ਤੀਕ ਬਚਿਆ ਜਾ ਸਕਦਾ ਹੈ।

ਸਿਗਰਟ ਨੋਸ਼ੀ ਵੀ ਸਿਹਤ ਲਈ ਬਹੁਤ ਨੁਕਸਾਨ ਦਾਇਕ ਹੈ। ਹਰ ਰੋਜ਼ ਵੀਹ ਸਿਗਰਟਾਂ ਪੀਣ ਨਾਲ ਵਿਅਕਤੀ ਵਿੱਚ ਸ਼ੂਗਰ ਰੋਗ ਹੋਣ ਦੀ ਸੰਭਾਵਨਾ ਤਕਰੀਬਨ ਸੱਠ ਫੀਸਦੀ ਵਧ ਜਾਂਦੀ ਹੈ। ਕੈਂਸਰ ਅਤੇ ਦਿਲ ਦੇ ਰੋਗ ਹੋਣ ਦੀ ਸੰਭਾਵਨਾ ਬਾਰੇ ਤਾਂ ਸਾਰੇ ਜਾਣਦੇ ਹੀ ਹਨ। ਇਸ ਤੋਂ ਇਲਾਵਾ ਭੋਜਨ ਵਿੱਚ ਜ਼ਿਆਦਾ ਫਾਈਬਰ (Fiber) ਖਾਣਾ ਚਾਹੀਦਾ ਹੈ ਜਿਵੇਂ ਕਿ ਹਰੀਆਂ ਸਬਜ਼ੀਆਂ, ਹਰਾ ਸਲਾਦ, ਘੱਟ ਮਿੱਠੇ ਫਲ, ਮੋਟਾ ਆਟਾ, ਇਸਬਗੋਲ ਆਦਿ। ਉਹ ਭੋਜਨ ਜਿਨ੍ਹਾਂ ਵਿੱਚ ਫਾਈਬਰ ਨਹੀਂ ਹੁੰਦਾ ਜਾਂ ਬਹੁਤ ਘੱਟ ਹੁੰਦਾ ਹੈ ਉਹਨਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ, ਜਿਵੇਂ ਕਿ ਚਿੱਟੇ ਚੌਲ, ਮੈਦਾ ਜਾਂ ਇਸ ਤੋਂ ਬਣੀਆਂ ਚੀਜ਼ਾਂ ਆਦਿ। ਹੋਰ ਪ੍ਰਸੈਸਡ ਚੀਜਾਂ ਜਾਂ ਭੋਜਨ (Processed Food) ਆਦਿ ਦਾ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਅੱਜ-ਕੱਲ ਬੱਚੇ ਅਕਸਰ ਹੀ ਜੰਕ ਫੂਡ (Junk Food) ਜਿਵੇਂ ਕਿ ਕੋਲਾ ਡਰਿੰਕ, ਚਿਪਸ, ਬਿਸਕੁਟ, ਫਰੈਂਚ ਫਰਾਈਜ਼, ਬਰਗਰ, ਪੀਜ਼ਾ, ਨੂਡਲਜ਼, ਚਾਟ, ਆਈਸਕਰੀਮ ਆਦਿ ਬਹੁਤ ਖਾਂਦੇ ਹਨ। ਇਨ੍ਹਾਂ ਸਭ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ।

ਅੱਜ-ਕੱਲ੍ਹ ਮਾਨਸਿਕ ਤਣਾਅ ਵੀ ਬਹੁਤ ਵਧ ਰਿਹਾ ਹੈ। ਦੇਖਾ ਦੇਖੀ ਜ਼ਿੰਦਗੀ ਦੀ ਅੰਨ੍ਹੇਵਾਹ ਦੌੜ ਵੀ ਮਾਨਸਿਕ ਤਣਾਅ ਦਾ ਸਬੱਬ ਬਣਦੀ ਹੈ। ਦੁਨੀਆਂ ਵਿੱਚ ਬੇਲੋੜੀਆਂ ਦਿਖਾਵੇ ਵਾਲੀਆਂ ਚੀਜਾਂ ਦਾ ਚਲਨ ਬਹੁਤ ਵਧ ਰਿਹਾ ਹੈ। ਆਪਣੇ ਵਿੱਤ ਤੋਂ ਬਾਹਰ ਹੋ ਕੇ ਕਿਸੇ ਵੀ ਤਰ੍ਹਾਂ ਦੇ ਦਿਖਾਵੇ ਕਰਨੇ ਆਦਿ ਵੀ ਜ਼ਿੰਦਗੀ ਨੂੰ ਬਦਤਰ ਬਣਾ ਦਿੰਦੇ ਹਨ। ਇਹਨਾਂ ਗੱਲਾਂ ਤੋਂ ਬਚ ਕੇ ਮਾਨਸਿਕ ਤਣਾਅ ਘੱਟ ਕੀਤਾ ਜਾਣਾ ਚਾਹੀਦਾ ਹੈ। ਖੋਜ ਦਸਦੀ ਹੈ ਕਿ ਜ਼ਿਆਦਾ ਮਾਨਸਿਕ ਤਣਾਅ ਵੀ ਕਈ ਰੋਗਾਂ ਨੂੰ ਜਨਮ ਦਿੰਦਾ ਹੈ, ਅਤੇ ਸ਼ੂਗਰ ਰੋਗ ਇਨ੍ਹਾਂ ਵਿੱਚੋ ਇੱਕ ਹੈ। ਸੋ ਮਾਨਸਿਕ ਤਣਾਅ ਬਾਰੇ ਵੀ ਅਣਗਹਿਲੀ ਨਹੀਂ ਕੀਤੀ ਜਾ ਸਕਦੀ। ਅਗਲੇ ਅੰਕ ਵਿੱਚ ਮਾਨਸਿਕ ਤਣਾਅ ਘਟਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਜਾਵੇਗੀ।

ਸੋ ਇਹ ਗੱਲ ਸਪੱਸ਼ਟ ਹੈ ਕਿ ਆਪਾਂ ਸਹੀ ਜੀਵਨ ਸ਼ੈਲੀ ਅਪਨਾ ਕੇ ਇਸ ਰੋਗ ਤੋਂ ਕਾਫੀ ਹੱਦ ਤੱਕ ਬਚ ਸਕਦੇ ਹਾਂ। ਪਰ ਫਿਰ ਵੀ ਕਈ ਕਾਰਣਾਂ ਕਰਕੇ ਵਿਅਕਤੀ ਨੂੰ ਇਹ ਰੋਗ ਹੋ ਸਕਦਾ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਇਸ ਰੋਗ ਦਾ ਬਹੁਤ ਸਫਲ ਇਲਾਜ ਮੌਜੂਦ ਹੈ। ਇਸ ਲਈ ਕੁੱਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

ਕਿਉਂਕਿ ਇਸ ਰੋਗ ਦੇ ਸ਼ੁਰੂ ਸ਼ੁਰੂ ਵਿੱਚ ਬਹੁਤੀ ਵਾਰ ਕੋਈ ਵੀ ਲੱਛਣ ਨਹੀਂ ਹੁੰਦੇ, ਇਸ ਲਈ ਹਰ ਵਿਅਕਤੀ ਨੂੰ ਕਦੇ ਕਦੇ ਖਾਲੀ ਪੇਟ ਸ਼ੂਗਰ ਦਾ ਟੈਸਟ ਕਰਵਾ ਲੈਣਾ ਚਾਹੀਦਾ ਹੈ। ਚਾਲੀ ਸਾਲ ਦੀ ਉਮਰ ਤੋਂ ਬਾਅਦ ਹਰ ਵਿਅਕਤੀ ਨੂੰ ਹਰ ਸਾਲ ਇੱਕ ਵਾਰ ਇਹ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ। ਜੇ ਵਿਅਕਤੀ ਨੂੰ ਮੋਟਾਪਾ ਹੈ ਤਾਂ ਇਸ ਉਮਰ ਤੋਂ ਪਹਿਲਾਂ ਹੀ ਕਰਵਾਉਣਾ ਚਾਹੀਦਾ ਹੈ। ਜੇ ਬਾਰ-ਬਾਰ ਪਿਆਸ ਲਗਦੀ ਹੋਵੇ, ਜਾਂ ਪਿਸ਼ਾਬ ਬਾਰ-ਬਾਰ ਆਉਂਦਾ ਹੋਵੇ ਜਾਂ ਭਾਰ ਘਟਣਾ ਸ਼ੁਰੂ ਹੋ ਜਾਵੇ, ਜ਼ਖਮ ਦੇਰ ਨਾਲ ਠੀਕ ਹੁੰਦੇ ਹੋਣ ਆਦਿ ਤਾਂ ਵੀ ਸ਼ੂਗਰ ਰੋਗ ਦਾ ਸ਼ੱਕ ਪੈਣਾ ਚਾਹੀਦਾ ਹੈ ਅਤੇ ਇਸਦੇ ਟੈਸਟ ਕਰਵਾਉਣੇ ਚਾਹੀਦੇ ਹਨ। ਜੇ ਦੋ ਵਾਰੀ ਟੈਸਟਾਂ ਵਿੱਚ ਇਹ ਪਤਾ ਲੱਗੇ ਕਿ ਵਿਅਕਤੀ ਨੂੰ ਸ਼ੂਗਰ ਰੋਗ ਦਾ ਸ਼ੱਕ ਹੈ ਤਾਂ ਕਿਸੇ ਵੀ ਚੰਗੇ ਡਾਕਟਰ ਜਾਂ ਇਸ ਬਿਮਾਰੀ ਦੇ ਸਪੈਸ਼ਲਿਸਟ ਡਾਕਟਰ ਦੀ ਸਲਾਹ ਲਵੋ। ਜੇ ਦਵਾਈ ਦਾ ਸੁਝਾਅ ਮਿਲੇ ਤਾਂ ਨਿਯਮਿਤ ਰੂਪ ਵਿੱਚ ਦਵਾਈ ਦੀ ਵਰਤੋਂ ਕਰੋ। ਇਸ ਦੇ ਨਾਲ ਨਾਲ ਜੋ ਇਸ ਬਿਮਾਰੀ ਤੋਂ ਬਚਾਅ ਦੇ ਤਰੀਕੇ ਦੱਸੇ ਗਏ ਹਨ ਉਨ੍ਹਾਂ 'ਤੇ ਵੀ ਅਮਲ ਕਰਦੇ ਰਹੋ ਭਾਵ ਇਹ ਕਿ ਆਪਣੀ ਜੀਵਨ ਸ਼ੈਲੀ ਨੂੰ ਸੁਧਾਰੋ ਅਤੇ ਇਸ ਬਿਮਾਰੀ ਸੰਬੰਧੀ ਪੂਰਾ ਪਰਹੇਜ਼ ਰੱਖੋ। ਇਲਾਜ ਨਾਲ ਇਸ ਬਿਮਾਰੀ 'ਤੇ ਪੂਰੀ ਤਰ੍ਹਾਂ ਕਾਬੂ ਪਾਇਆ ਜਾ ਸਕਦਾ ਹੈ ਅਤੇ ਇਕ ਨਾਰਮਲ ਸਿਹਤਮੰਦ ਜੀਵਨ ਜੀਵਿਆ ਜਾ ਸਕਦਾ ਹੈ।


ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ,
ਰਾਜਿੰਦਰਾ ਹਸਪਤਾਲ, ਪਟਿਆਲਾ।



## ਵਿਆਹ ਹਿਤ ਸੰਪਰਕ

ਪੜ੍ਹੇ ਲਿਖੇ ਪਰਿਵਾਰ ਦੇ ਵਿਨੀਪੈੱਗ (ਕਨੇਡਾ) ਵਿੱਚ ਪੜ੍ਹਾਈ (ਫਾਰਮੇਸੀ) ਉਪਰੰਤ ਕੰਮ ਵਾਲੇ ਵੀਜ਼ੇ ਵਾਲੇ, ਉਮਰ ਤੀਹ ਸਾਲ, ਕੱਦ 5'10", ਚੰਗੀ ਸਿਹਤ, ਨਸ਼ਾ ਰਹਿਤ, ਵਧੀਆ ਵਿਚਾਰਾਂ ਵਾਲੇ ਲੜਕੇ ਲਈ ਵਿਗਿਆਨਕ ਵਿਚਾਰਧਾਰਾ ਵਾਲੀ ਜੀਵਨ ਸਾਥਣ ਦੀ ਇੱਛਾ ਹੈ। **ਸੰਪਰਕ** - 94635 97057


## ਗ਼ਜ਼ਲ

*ਮਹਿੰਦਰ ਸਾਥੀ*

ਇਹ ਮੰਦਰ, ਮਸਜਿਦਾਂ, ਦੁਆਰੇ, ਵਿਕਦੇ ਨੇ ਸਾਰੇ ਦੇ ਸਾਰੇ
ਡਰਾਵੇ-ਨਰਕੀ, ਸੁਰਗੀ ਲਾਰਿਆਂ ਨੂੰ ਕੌਣ ਪੁੱਛਦਾ ਹੈ
ਇਹ ਮੰਡੀ ਹੈ, ਅਸੂਲ ਇਸਦਾ ਮੁਨਾਫ਼ਾ ਬਸ ਮੁਨਾਫ਼ਾ ਹੈ
ਨੈਤਿਕਤਾ ਨੂੰ ਕੌਣ ਸੁਣਦਾ ਹੈ, ਨਿਆਂ ਨੂੰ ਕੌਣ ਪੁੱਛਦਾ ਹੈ
ਧਰਮ, ਇਖ਼ਲਾਕ ਤੇ ਕਾਨੂੰਨ, ਵਿਕਦੇ ਕੋਠਿਆਂ ਵਾਂਗੂੰ
ਸ਼ਹੀਦਾਂ ਦੇ ਸਿਸਕਦੇ ਸੁਪਨਿਆਂ ਨੂੰ ਕੌਣ ਪੁੱਛਦਾ ਹੈ
ਕਈਆਂ ਨੂੰ ਮੁਕਤੀ ਦਾ ਲਾਰਾ, ਕਈਆਂ ਨੂੰ ਖਿਚਦੈ ਮਨੋਰੰਜਨ
ਜੇ ਲਾਰੇ ਲਾਉਣ ਨਾ, ਫਿਰ ਤੀਰਥਾਂ ਨੂੰ ਕੌਣ ਪੁੱਛਦਾ ਹੈ
ਇਹ ਮੇਰਾ ਦੇਸ਼ ਹੈ ਜਿੱਥੇ ਸਦਰ ਬਣ ਸਕਦੇ ਨੇ ਕਾਤਲ
ਇੱਥੇ 'ਗੁਜਰਾਤ ਦੀਆਂ ਫਾਈਲਾਂ' ਨੂੰ ਕੌਣ ਪੁੱਛਦਾ ਹੈ
ਹੈ ਪੁੱਛ ਅੱਜ ਬਾਬਿਆਂ ਦੀ, ਸੁਆਮੀਆਂ ਦੀ, ਲੀਡਰਾਂ ਦੀ ਜੀ
ਭਲਾ ਬਾਗ਼ੀ ਅਵਾਮੀ ਸ਼ਾਇਰਾਂ ਨੂੰ ਕੌਣ ਪੁੱਛਦਾ ਹੈ
ਪਸ਼ੂ ਤੇ ਪੈਸਿਆਂ ਦੀ ਪੂਜਾ 'ਸਾਥੀ' ਏਥੇ ਹੁੰਦੀ ਹੈ
ਕਲਾ ਨੂੰ, ਕਵਿਤਾ ਨੂੰ ਤੇ ਨਗ਼ਮਿਆਂ ਨੂੰ ਕੌਣ ਪੁੱਛਦਾ ਹੈ।

## ਬੰਦੇ ਬਿਰਖ ਹੋ ਗਏ...

ਕਰੋਨਾ ਮਹਾਂਮਾਰੀ ਹੈ ਜਾਂ ਸਾਧਾਰਨ ਬੀਮਾਰੀ, ਇਹਨਾਂ ਸਵਾਲਾਂ ਦਾ ਫਿਲਹਾਲ ਕੋਈ ਜਵਾਬ ਨਹੀਂ। ਸੰਸਾਰਿਕ ਕਚਹਿਰੀਆਂ ਜੋ ਕਦੀ ਭਗਵਾਨਾਂ ਅਤੇ ਉਹਨਾਂ ਦੇ ਸ਼ਰਧਾਲੂਆਂ ਦੇ ਜਾਇਦਾਦ ਸਬੰਧੀ ਝਗੜੇ ਨਿਬੇੜਦੀਆਂ ਸਨ, ਕੁਕਰਮੀ ਅਤੇ ਦੁਰਾਚਾਰੀ ਸਾਧਾਂ, ਬਾਬਿਆਂ, ਸੰਤਾਂ, ਮਹੰਤਾਂ ਨੂੰ ਜੇਲ੍ਹ ਭੇਜਦੀਆਂ ਸਨ। ਹੁਣ ਕੋਰੋਨਾ ਕਰਕੇ ਲੋਕਾਂ ਦੀਆਂ ਇਨਸਾਫ ਮੰਗਦੀਆਂ ਅਰਜ਼ੀਆਂ ਨੂੰ ਹੱਥ ਨਹੀਂ ਲਾਉਂਦੀਆਂ। ਕੋਰੋਨਾ ਕਾਰਨ ਇਨਸਾਨ ਤਾਂ ਦਮ ਤੋੜ ਹੀ ਰਿਹਾ ਹੈ, ਇਨਸਾਫ ਵੀ ਅੰਤਲੇ ਸਾਹਾਂ 'ਤੇ ਹੈ। ਸਾਰੇ ਭਾਰਤ ਦੇ ਸ਼ਾਹ ਮਾਰਗਾਂ 'ਤੇ ਫੈਲੇ ਹੋਏ ਪਰਵਾਸੀ ਮਜ਼ਦੂਰਾਂ ਦੇ ਲਹੂ ਲੁਹਾਣ ਪੈਰ, ਭੁੱਖੇ ਢਿੱਡ, ਅੱਗ ਵਰਗੀ ਧੁੱਪ ਵਿਚ ਸੜਕਾਂ ਦੇ ਕੰਢੇ ਹੋਏ ਜਣੇਪਿਆਂ ਕਾਰਨ ਚਿਉਂਦਾ ਲਹੂ, ਘਰ ਪਹੁੰਚਣ ਲਈ ਪੈਦਲ ਸਫ਼ਰ ਕਰ ਰਹੇ ਮਾਸੂਮ ਬਾਲ। ਯੋਗੀਆਂ, ਮੋਦੀਆਂ, ਸ਼ਾਹਾਂ, ਅਮਰਿੰਦਰਾਂ, ਡੋਵਾਲਾਂ, ਅੰਬਾਨੀਆਂ ਲਈ ਇਹ ਮਨੋਰੰਜਨ ਹੈ, ਉਹ ਭਾਰਤ ਹੈ ਜਿਸ ਦੀ ਉਹਨਾਂ ਨੂੰ ਕੱਖ ਪ੍ਰਵਾਹ ਨਹੀਂ। ਕੁੱਝ ਕੋਮਲ ਭਾਵੀ ਲੋਕ ਮਜ਼ਦੂਰਾਂ ਦੀ ਇਸ ਹਾਲਤ 'ਤੇ ਪਸੀਜ ਗਏ। ਉਹ ਭੱਜੇ ਭੱਜੇ ਇਨਸਾਫ ਦੇ ਵੱਡੇ ਮੰਦਰ ਚ ਪਹੁੰਚੇ। ਇਨਸਾਫ ਦੀ ਗੁਹਾਰ ਲਾਈ। ਪਰ ਇਨਸਾਫ ਦਾ ਮੰਦਰ ਕੋਰੋਨਾ ਤੋਂ ਡਰਦਾ ਬੰਦ ਹੈ। ਸਿਰਫ ਜ਼ਰੂਰੀ ਅਰਜ਼ੀਆਂ 'ਤੇ ਗੌਰ ਕਰਦਾ ਹੈ। ਮਜ਼ਦੂਰਾਂ ਦੀਆਂ ਦੁੱਖ ਤਕਲੀਫ਼ਾਂ ਅਤੇ ਮੌਤਾਂ ਭਲਾ ਕਿੰਨੇ ਕੁ ਜ਼ਰੂਰੀ ਮਸਲੇ ਹਨ ?

**ਐਡਵੋਕੇਟ ਐੱਨ.ਕੇ.ਜੀਤ**

# ਸ਼ੀਰਨੀ

**ਹਰਪ੍ਰੀਤ ਬਰਾੜ ਸਿੱਧੂ**

ਪਿਛਲੇ ਸਾਲ ਦੀ ਗੱਲ ਹੈ, ਮੈਂ ਨਵੀਂ ਨਵੀਂ ਕਨੇਡਾ ਆਈ ਸੀ। ਅਕਤੂਬਰ ਮਹੀਨੇ ਵਿੱਚ ਹੀ ਠੰਡ ਹੱਡਾਂ ਨੂੰ ਚੀਰਦੀ ਸੀ। ਰਾਤ ਨੂੰ ਤਾਂ ਹੋਰ ਵੀ ਠੰਡ ਲੱਗਦੀ ਸੀ, ਸ਼ਾਇਦ ਮੈਨੂੰ ਨਵੀਂ ਆਈ ਨੂੰ ਦੂਜਿਆਂ ਨਾਲੋ ਵੱਧ ਹੀ ਲੱਗਦੀ ਸੀ।

ਜਦੋਂ ਰਾਤ ਨੂੰ ਫੈਕਟਰੀ ਵਿੱਚੋ ਸਿਫਟ ਲਾ ਕੇ ਨਿਕਲੀ ਤਾਂ ਚਾਰੇ ਪਾਸੇ ਸੁੰਨ-ਸਾਨ ਤੇ ਅੱਤ ਦੀ ਠੰਡ। ਮੈਂ ਅਜੇ ਖੜ੍ਹੀ ਸੋਚ ਹੀ ਰਹੀ ਸੀ ਕਿ ਬੱਸ ਦਾ ਇੰਤਜ਼ਾਰ ਕਰਾਂ ਜਾਂ ਟੈਕਸੀ ਨੂੰ ਕਾਲ ਕਰਾਂ। ਇੰਨੇ ਵਿੱਚ ਮੈਨੂੰ 3-4 ਮੁੰਡਿਆਂ ਦਾ ਝੁੰਡ ਦਿਖਿਆ, ਕਾਲੇ ਸਨ ਸਾਰੇ। ਮੈਂ ਬਹੁਤ ਹੀ ਡਰ ਗਈ, ਪੈਰ ਜਿਵੇਂ ਮੇਰੇ ਜਾਮ ਹੀ ਹੋ ਗਏ ਸਨ। ਭਾਵੇਂ ਉਹ ਸਾਰੇ ਤਾਂ ਆਵਦੇ ਆਪ ਵਿੱਚ ਹੀ ਮਸਤ ਸਨ ਪਰ ਮੈਨੂੰ ਤਾਂ ਠੰਡ ਵਿੱਚ ਹੀ ਤ੍ਰੇਲੀਆਂ ਆ ਗਈਆਂ। ਇੰਨੇ ਵਿੱਚ ਹੀ ਅਚਾਨਕ ਇੱਕ ਕਾਰ ਮੇਰੇ ਕੋਲ ਆ ਕੇ ਰੁਕੀ, ਤੇ ਆਵਾਜ ਆਈ, "ਆਜਾ ਭੈਣ, ਬਹਿ ਜਾ, ਘਰ ਛੱਡ ਦਿੰਦਾ ਮੈਂ।" ਮੈਂ ਕਾਰ ਵਿੱਚ ਨਜਰ ਮਾਰੀ ਤਾਂ 35-36 ਸਾਲ ਦਾ ਕੋਈ ਪੰਜਾਬੀ ਮੁੰਡਾ ਸੀ।

ਮੈਨੂੰ ਝਿਜਕਦੀ ਜਿਹੀ ਨੂੰ ਦੇਖ ਫੇਰ ਬੋਲਿਆ, "ਆਜਾ ਛੋਟੀਏ ਆਜਾ, ਪੁੱਤ ਠੰਡ ਬਹੁਤ ਆ ਬਾਹਰ।" ਤੇ ਬੱਸ ਉਹਦੇ ਪਿਆਰ, ਅਪਣੱਤ ਭਰੇ ਬੋਲਾਂ ਨੇ ਮੈਨੂੰ ਕੀਲ ਹੀ ਲਿਆ ਤੇ ਮੈਂ ਕਾਰ ਵਿੱਚ ਬੈਠ ਗਈ। ਉਹਦੇ ਪੁੱਛਣ 'ਤੇ ਜਦੋਂ ਮੈਂ ਆਵਦਾ ਐਂਡਰੈਸ ਦੱਸਿਆ ਤਾਂ ਕਹਿਣ ਲੱਗਾ, "ਲੈ ਦੱਸ, ਮੈਂ ਤਾਂ ਉੱਥੋਂ ਹੀ ਲੰਘ ਕੇ ਜਾਣਾ, ਉਤਾਰ ਜਾਇਆ ਕਰੂੰ ਤੈਨੂੰ ਵੀ।" ਫੇਰ ਬੱਸ 10 ਮਿੰਟ ਦੇ ਰਸਤੇ ਵਿੱਚ ਮੈਂ ਉਹਨੂੰ ਸਭ ਦੱਸ ਦਿੱਤਾ ਕਿ ਮੈਂ ਸਟੂਡੈਂਟ ਹਾਂ ਅਤੇ ਤਿੰਨ ਦਿਨ ਇਸ ਫੈਕਟਰੀ ਵਿੱਚ ਇਹੀ ਸ਼ਿਫਟ ਕੰਮ ਕਰਦੀ ਹਾਂ ਤਾਂ ਉਹ ਕਹਿਣ ਲੱਗਾ ਕਿ ਆਹ ਮੇਰਾ ਨੰਬਰ ਰੱਖ। ਬੱਸ, ਜਿਸ ਦਿਨ ਤੇਰਾ ਕੰਮ ਹੁੰਦਾ ਦੱਸ ਦਿਆ ਕਰ, ਮੈਂ ਨਾਲ ਲੈ ਆਇਆ ਕਰਾਂਗਾਂ। ਘਰ ਆ ਗਿਆ ਤੇ ਮੈਂ ਜਦੋਂ ਰਾਇਡ ਦਾ ਕਿਰਾਇਆ ਪੁੱਛਿਆ ਤਾਂ ਹੱਸ ਕੇ ਕਹਿਣ ਲੱਗਾ, "ਮੈਂ ਤਾਂ ਇਧਰ ਨੂੰ ਵੈਸੇ ਵੀ ਆਉਣਾ ਹੀ ਹੁੰਦਾ, ਤੇਰੇ ਬਹਿਣ ਨਾਲ ਕਿਹੜਾ ਕਾਰ ਨੇ ਪੈਟਰੋਲ ਵੱਧ ਖਾ ਲਿਆ।" ਉਹ ਹੱਸਦਾ ਹੱਸਦਾ ਚਲਾ ਗਿਆ। ਮੈਨੂੰ ਉਹ ਚੰਦ ਮਿੰਟਾਂ ਵਿੱਚ ਹੀ ਇਸ ਪ੍ਰਦੇਸਣ ਧਰਤੀ 'ਤੇ ਕੋਈ ਆਪਣਾ ਜਿਹਾ ਲੱਗਣ ਲੱਗ ਪਿਆ ਸੀ।

ਅਗਲੇ ਦਿਨ ਵੀ ਉਹ ਪਹਿਲਾਂ ਹੀ ਉੱਥੇ ਖੜ੍ਹਾ ਸੀ। ਗੱਲਾਂ-ਗੱਲਾਂ ਵਿੱਚ ਮੈਨੂੰ ਪਤਾ ਲੱਗਾ ਕਿ ਮਲੇਰਕੋਟਲਾ ਨੇੜੇ ਦਾ ਸੀ ਤੇ ਮੈਂ ਉਹਨੂੰ ਦੱਸਿਆ ਕਿ ਮੈਂ ਮੁਕਤਸਰ ਸਾਹਿਬ ਤੋਂ ਹਾਂ। ਬੱਸ ਫੇਰ ਬਣ ਗਏ ਅਸੀਂ ਮਾਲਵੇ ਵਾਲੇ ਭੈਣ ਭਰਾ। ਉਹਨੇ ਮੈਨੂੰ ਦੱਸਿਆ ਕਿ ਕੋਈ 8-9 ਸਾਲ ਪਹਿਲਾਂ ਉਹਦੀ ਛੋਟੀ ਭੈਣ 10+2 ਕਰਕੇ ਇੱਥੇ ਆਈ ਸੀ। ਉਹਨੇ ਪੱਕੀ ਹੋ ਕੇ ਮੈਨੂੰ ਪਰਿਵਾਰ ਸਮੇਤ ਸੱਦ ਲਿਆ। ਹੁਣ ਪਿਛਲੇ ਤਿੰਨ ਸਾਲ ਤੋਂ ਉਹ ਇੱਥੇ ਰਹਿ ਰਿਹਾ। ਘਰਵਾਲੀ ਸਵੇਰੇ ਕੰਮ 'ਤੇ ਜਾਂਦੀ ਹੈ ਤੇ ਉਹ ਮੁੰਡੇ ਨੂੰ ਸਕੂਲ ਛੱਡ ਕੇ ਦੁਪਹਿਰੇ ਕੰਮ ਸ਼ੁਰੂ ਕਰਦਾ।

ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਉਹ ਸੱਚ-ਮੁੱਚ ਹੀ ਮੈਨੂੰ ਮੇਰੇ ਵੱਡੇ ਮਾਮੇ ਦੇ ਮੁੰਡੇ ਵਰਗਾ ਲੱਗਦਾ। ਇੱਕ ਦਿਨ ਮੈਂ ਉਹਨੂੰ ਦੱਸਣ ਲੱਗੀ ਕਿ ਵੀਰੇ, ਆਹ ਮੈਨੂੰ ਕਾਲਿਆਂ ਜਿਆਂ ਤੋਂ ਬਹੁਤ ਡਰ ਲੱਗਦਾ। ਤੇ ਉਹ ਮੈਨੂੰ ਹੱਸ ਕੇ ਸਮਝਾਉਣ ਲੱਗਾ ਕਿ ਪੁੱਤ, ਇਹ ਵੀ ਵਿਚਾਰੇ ਆਪਣੇ ਵਰਗੇ ਹੀ ਇਨਸਾਨ ਹਨ ਬੱਸ ਰੰਗ-ਰੂਪ ਵੱਖਰਾ ਹੋਣ ਕਰਕੇ ਸਾਇਦ ਤੈਨੂੰ ਇਹ ਵੱਖਰੇ ਲੱਗਦੇ ਹਨ। "ਨਹੀਂ ਵੀਰੇ, ਇਹ ਹੁੰਦੇ ਹੀ ਅਜੀਬ ਜਿਹੇ ਆ। ਇੱਕ ਇਹ ਤੇ ਇੱਕ ਮੁਸਲੇ (ਮੁਸਲਮਾਨ) ਮੈਨੂੰ ਬਹੁਤ ਭੈੜੇ ਲੱਗਦੇ ਹਨ। ਇਹਨਾਂ ਦਾ ਕੋਈ ਦੀਨ-ਈਮਾਨ ਨੀ ਕਿ ਕਦੋਂ ਕੀ ਕਰ ਦੇਣ। ਆਪਣੇ ਸਿੱਖਾਂ ਦੀ ਇਹ ਕੀ ਰੀਸ ਕਰ ਲੈਣਗੇ" ਤੇ ਉਹ ਬੱਸ ਚੁੱਪ-ਚਾਪ ਸੁਣਦਾ ਹੀ ਗਿਆ।

ਏਦਾਂ ਹੀ ਦਿਨ ਲੰਘਦੇ ਰਹੇ । ਫਿਰ ਇੱਕ ਦਿਨ ਉਹ ਫੈਕਟਰੀ ਵੱਲੋਂ ਨਹੀਂ ਸਗੋਂ ਘਰੋਂ ਲੈਣ ਆਇਆ ਮੈਨੂੰ। ਮੈਂ ਹੈਰਾਨ ਹੋ ਕੇ ਕਿਹਾ ਕਿ ਤੁਸੀਂ ਮੈਨੂੰ ਦੱਸ ਦਿੰਦੇ ਕਿ ਤੁਸੀਂ ਛੁੱਟੀ 'ਤੇ ਹੋ, ਮੈਂ ਟੈਕਸੀ ਕਰਾ ਕੇ ਚਲੇ ਜਾਣਾ ਸੀ। ਕਹਿਣ ਲੱਗਾ ਕਿ ਤੇਰੀ ਭਾਬੀ ਨੇ ਤੇਰੇ ਲਈ ਸ਼ੀਰਨੀ ਬਣਾਈ ਸੀ ਮੈਂ ਸੋਚਿਆ ਕਿ ਨਾਲੇ ਸ਼ੀਰਨੀ ਦੇ ਅਉਣਾ ਤੇ ਨਾਲੇ ਤੈਨੂੰ ਘਰ ਛੱਡ ਦਿੰਨਾ। ਤੂੰ ਐਵੇ ਔਖੀ ਹੋਣਾ ਸੀ। "ਚੱਲ ਚੰਗਾ ਈ ਕੀਤਾ ਵੈਸੇ ਵੀਰੇ, ਮੈਨੂੰ ਸੱਚੀਂ ਅੱਜ ਤਾਂ ਭੁੱਖ ਵੀ ਬਹੁਤ ਲੱਗੀ ਸੀ।" ਮੈ ਡੱਬਾ ਕਾਰ ਦੀ ਸੀਟ ਤੋਂ ਚੁੱਕਦੀ ਨੇ ਪੁੱਛਿਆਂ ਕਿ ਇਹ ਸ਼ੀਰਨੀ ਕਿਸ ਖੁਸ਼ੀ ਵਿੱਚ? "ਕੱਲ ਈਦ ਸੀ ਪੁੱਤ। ਹਾਂ ਸੱਚ, ਅਸੀ ਮੁਸਲੇ ਹੁੰਦੇ ਹਾਂ।" ਮੈ ਇੱਕ ਵਾਰ ਤਾਂ ਸੁਣ ਕੇ ਸੁੰਨ ਹੀ ਹੋ ਗਈ। ਕੋਈ ਸ਼ਬਦ ਹੀ ਨਹੀਂ ਅਹੁੜੇ। ਪਰ ਹਾਂ ਅਗਲੇ ਦਿਨ ਉਹ ਫੇਰ ਮੇਰੇ ਇੰਤਜ਼ਾਰ ਵਿੱਚ ਖੜ੍ਹਾ ਸੀ।

ਸਾਲ ਹੋ ਗਿਆ, ਇਸ ਗੱਲ ਨੂੰ। ਹੁਣ ਤਾਂ ਮੈਂ ਉਸ ਫੈਕਟਰੀ ਵਿੱਚ ਕੰਮ ਕਰਨਾ ਵੀ ਛੱਡ ਦਿੱਤਾ ਤੇ ਕਾਰ ਵੀ ਆਵਦੀ ਲੈ ਲਈ ਹੈ। ਹੁਣ ਹਰ ਛੁੱਟੀ 'ਤੇ ਮੈਂ ਅਨਵਰ ਵੀਰੇ ਦੇ ਪਰਿਵਾਰ ਨਾਲ ਹੀ ਹੁੰਦੀ ਹਾਂ। ਹਾਂ ਸੱਚ, ਹੁਣ ਮੈਨੂੰ ਕਾਲਿਆਂ ਤੋਂ ਵੀ ਡਰ ਨਹੀ ਲੱਗਦਾ।



# ਰਹੱਸ ਦਾ ਸਾਇਆ

**ਸ਼ਮਸ਼ੇਰ ਚੋਰ ਮਾਰ**

ਕਈ ਸਾਲ ਪਹਿਲਾਂ ਵਿਆਹ ਵਿੱਚ ਇੱਕ ਨੌਜਵਾਨ ਲੜਕੀ ਖੁਸ਼ੀ ਭਰੇ ਰੌਅ ਵਿੱਚ ਮਿਲੀ। ਉਸ ਦਾ ਪਹਿਰਾਵਾ ਤੇ ਦਿੱਖ ਚੰਗੀ ਜੀਵਨ ਜਾਂਚ ਦੀ ਸ਼ਾਹਦੀ ਭਰਦਾ ਪ੍ਰਤੀਤ ਹੁੰਦਾ ਸੀ। ਤੁਸੀਂ ਮੈਨੂੰ ਪਹਿਚਾਨਿਆ ਨਹੀਂ ? ਇਹ ਆਖ ਉਸਨੇ ਮੈਨੂੰ ਸੋਚੀਂ ਪਾ ਦਿੱਤਾ। ਮੇਰੇ ਨਾਂਹ ਕਹਿਣ 'ਤੇ ਉਹ ਬੋਲੀ, ਮੈਂ ਉਹੋ ਲੜਕੀ ਹਾਂ, ਨੌਵੀਂ ਪਾਸ, ਵਖਤਾਂ ਦੀ ਮਾਰੀ। ਜਿਸ ਨੂੰ ਤੁਸੀਂ ਮੁਸ਼ਕਲ 'ਚੋਂ ਕੱਢ ਜਿਉਣ ਦੇ ਰਾਹ ਪਾਇਆ ਸੀ। ਤੁਹਾਡਾ ਬਹੁਤ ਧੰਨਵਾਦ। ਤੁਹਾਡੇ ਸਹਿਯੋਗ ਨਾਲ ਮੈਂ ਮਾਸੀ ਕੋਲ ਜਾ ਕੇ ਪੜ੍ਹੀ ਲਿਖੀ। ਵਿਆਹ ਉਪਰੰਤ ਹੁਣ ਮੈਂ ਆਪਣੇ ਪਰਿਵਾਰ ਵਿੱਚ ਖੁਸ਼ੀ ਭਰਿਆ ਜੀਵਨ ਬਿਤਾ ਰਹੀ ਹਾਂ।

**ਘਟਨਾਵਾਂ ਦੀ ਤੰਦ:** ਉਸਨੂੰ ਮਿਲ ਮੇਰੇ ਮਨ ਮਸਤਕ ਵਿੱਚ ਰਹੱਸਮਈ ਘਟਨਾਵਾਂ ਦੇ ਹੱਲ ਕੀਤੇ ਕੇਸ ਦੀ ਕਹਾਣੀ ਉਜਾਗਰ ਹੋ ਗਈ। ਗੁਆਂਢੀ ਰਾਜ ਦੇ ਇੱਕ ਪਿੰਡ ਵਿੱਚ ਅਜੀਬ ਕਿਸਮ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਘਟਨਾਵਾਂ ਏਨੀਆਂ ਅਜੀਬੋ ਗਰੀਬ ਸਨ ਕਿ ਸਧਾਰਨ ਵਿਅਕਤੀ ਵੇਖ/ਸੁਣ ਕੇ ਡਰ ਜਾਂਦਾ। ਉਸ ਪਰਿਵਾਰ ਦੇ ਇੱਕ ਹਮਦਰਦ ਇਨਸਾਨ ਵੱਲੋਂ ਉਨ੍ਹਾਂ ਨੂੰ ਤਰਕਸ਼ੀਲਾਂ ਕੋਲ ਜਾਣ ਦੀ ਸਲਾਹ ਦਿੱਤੀ ਗਈ। ਉਸੇ ਹਮਦਰਦ ਨੇ ਸਾਨੂੰ ਫੋਨ 'ਤੇ ਘਟਨਾਵਾਂ ਦੀ ਸਾਰੀ ਜਾਣਕਾਰੀ ਇਸ ਤਰ੍ਹਾਂ ਸੁਣਾਈ।

ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੈ। ਪਰਿਵਾਰ ਵਿਚ ਕੁੱਲ ਪੰਜ ਮੈਂਬਰ ਹਨ, ਜਿਨ੍ਹਾਂ ਵਿਚ ਮੀਆਂ ਬੀਵੀ ਅਤੇ ਉਸ ਦੇ ਦੋ ਲੜਕੇ, ਇਕ ਲੜਕੀ ਜੋ ਮਕਾਨ ਮਾਲਕਣ ਦੀ ਭਤੀਜੀ ਹੈ, ਉਹ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ। ਉਸ ਲੜਕੀ ਨੂੰ ਬਹੁਤ ਤੇਜ ਦੌਰੇ ਪੈਂਦੇ ਹਨ। ਇਸ ਤੋਂ ਇਲਾਵਾ ਘਰ ਦੇ ਪਸੂਆਂ ਨੂੰ ਵੀ ਦੌਰੇ ਪੈ ਜਾਂਦੇ ਹਨ। ਉਨ੍ਹਾਂ ਦੇ ਪਸ਼ੂ ਵੀ ਮਰ ਰਹੇ ਹਨ। ਸਾਮ ਨੂੰ ਘਰ ਵਿਚ ਸਾਬਤ ਇੱਟਾਂ ਦੀ ਬਰਸਾਤ ਹੁੰਦੀ ਹੈ। ਜਦੋਂ ਪਸ਼ੂਆਂ ਦਾ ਦੁੱਧ ਚੋਅ ਕੇ ਰੱਖਿਆ ਜਾਂਦਾ ਐ ਤਾਂ ਇਹ ਜਲਦੀ ਹੀ ਖ਼ੂਨ ਵਿੱਚ ਤਬਦੀਲ ਹੋ ਜਾਂਦਾ ਹੈ। ਘਰ ਵਿੱਚ ਰੱਖੇ ਰਾਸ਼ਨ ਦਾ ਟੂਣਾ ਬਣ ਜਾਂਦਾ ਹੈ। ਲੜਕਾ ਜਦੋਂ ਖੇਤਾਂ 'ਚੋਂ ਹਰਾ ਚਾਰਾ ਲੈ ਕੇ ਆਉਂਦਾ ਹੈ ਤਾਂ ਉਸਨੂੰ ਪਿੱਛੋਂ ਧੱਫਾ ਵਜਦਾ ਹੈ। ਉਸਦਾ ਮੋਢੇ 'ਤੇ ਪਿਆ ਆਪਣੇ ਆਪ ਪਰਨਾ ਖਿੱਚਿਆ ਜਾਂਦਾ ਹੈ। ਉਹ ਡਰਦਾ, ਚੀਕਾਂ ਮਾਰਦਾ ਹਰੇ ਦੀ ਭਰੀ ਸੁੱਟ ਘਰ ਵਾਪਸ ਭੱਜ ਆਉਂਦਾ ਹੈ। ਕੁੜੀ ਦੀਆਂ ਬਾਹਾਂ 'ਤੇ ਬੰਨ੍ਹੇ ਹੋਏ ਤਵੀਤ ਸਭ ਦੇ ਸਾਹਮਣੇ ਵੇਖਦੇ ਹੋਇਆਂ ਟੁੱਟਕੇ ਆਪਣੇ ਆਪ ਡਿੱਗਣ ਲਗਦੇ ਹਨ। ਸਭ ਦੇ ਸਾਹਮਣੇ, ਲੜਕੀ ਦੀਆਂ ਉਂਗਲਾਂ ਵਿੱਚ ਸੂਈਆਂ ਆਪਣੇ ਆਪ ਨਹੁੰਆਂ ਨਾਲ਼ ਲਗਦੀ ਚਮੜੀ ਵਿੱਚ ਜਾ ਧਸਦੀਆਂ ਹਨ। ਉਸਨੇ ਦੱਸਿਆ ਕਿ ਅਲੋਕਾਰੀ ਜਾਪਦੀਆਂ ਇਹ ਘਟਨਾਵਾਂ ਨੇ ਘਰ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਜਿਉਣਾ ਮੁਹਾਲ ਕਰ ਰੱਖਿਆ ਹੈ। ਘਟਨਾਵਾਂ ਦਾ ਕੋਈ ਹੋਰ ਇਲਾਜ ਨਾ ਹੋਣ ਕਰਕੇ ਪਰਿਵਾਰ ਸਾਧ ਸਿਆਣਿਆਂ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ।

ਤੰਤਰਾਂ-ਮੰਤਰਾਂ 'ਚ ਉਲਝੇ ਇਸ ਪਰਿਵਾਰ ਦੀ ਆਰਥਿਕ ਤੇ ਮਾਨਸਿਕ ਲੁੱਟ ਹੋ ਰਹੀ ਹੈ। ਹੁਣ ਤਾਂ ਅਖੌਤੀ ਬਾਬੇ ਵੀ ਆਪਣੇ ਹੱਥ ਖੜ੍ਹੇ ਕਰਨ ਲੱਗੇ ਹਨ। ਸਮੱਸਿਆ ਦਾ ਕੋਈ ਹੱਲ ਨਹੀਂ ਹੋ ਰਿਹਾ। ਪਿੰਡ ਦੇ ਲੋਕਾਂ ਨੇ ਪਰਿਵਾਰ ਤੋਂ ਦੂਰੀ ਵੱਟ ਲਈ ਹੈ। ਉਹ ਉਸ ਘਰ ਨੂੰ ਭੂਤਾਂ ਅਤੇ ਆਤਮਾਵਾਂ ਦੇ ਵਾਸੇ ਵਾਲਾ ਘਰ ਮੰਨਣ ਲੱਗ ਪਏ ਹਨ। ਅਸੀਂ ਉਸ ਸੱਜਣ ਨੂੰ ਆਪਣੀਆਂ ਕੁਝ ਜਰੂਰੀ ਸਰਤਾਂ ਦੱਸੀਆਂ। ਉਹਨਾਂ ਪਰਿਵਾਰ ਵੱਲੋਂ ਪੂਰੇ ਸਹਿਯੋਗ ਦਾ ਵਾਅਦਾ ਕੀਤਾ।

**ਪਰਖ ਪੜਤਾਲ:** ਕਾਲਾਂਵਾਲੀ ਇਕਾਈ ਦੀ ਤਿੰਨ ਮੈਂਬਰੀ ਟੀਮ ਜਿਸ ਵਿਚ ਅਜਾਇਬ ਜਲਾਲਆਣਾ, ਹਰਦੇਵ ਅਗਰੋਈਆ ਅਤੇ ਮੈਂ ਸ਼ਾਮਲ ਸਾਂ। ਨਿਸਚਿਤ ਸਮੇਂ ਤੇ ਘਰ 'ਚ ਪਹੁੰਚ ਗਏ। ਉੱਥੇ ਪਿੰਡ ਦੇ ਲੋਕਾਂ ਦੀ ਭੀੜ ਜੁੜੀ ਹੋਈ ਸੀ। ਜਿਹੜੇ ਘਟਨਾਵਾਂ ਦਾ ਹੱਲ ਹੁੰਦਾ ਵੇਖਣਾ ਚਾਹੁੰਦੇ ਸਨ। ਉਹਨਾਂ ਨੂੰ ਸਮਝਾ ਬੁਝਾ ਕੇ ਘਰੋ ਘਰੀ ਤੋਰਿਆ। ਅਸੀਂ ਪੜਤਾਲ ਆਰੰਭ ਕਰਦਿਆਂ ਪਰਿਵਾਰ ਦੇ ਸਾਰੇ ਮੈਂਬਰਾਂ ਨਾਲ ਵੱਖਰੇ-ਵੱਖਰੇ ਤੌਰ 'ਤੇ ਗੱਲਬਾਤ ਸ਼ੁਰੂ ਕੀਤੀ। ਸਾਰੇ ਮੈਂਬਰ ਡਰੇ, ਸਹਿਮੇ ਹੋਏ ਸਨ। ਉਸ ਘਰ ਵਿੱਚ ਪੰਜ ਦੀ ਬਜਾਏ, 6ਵਾਂ ਮੈਂਬਰ (ਮਾਲਕਣ ਦੀ ਨਨਾਣ ਦਾ ਮੁੰਡਾ) ਵੀ ਰਹਿ ਰਿਹਾ ਸੀ। ਉਹ ਲੜਕਾ ਆਪਣੀ ਮਾਮੀ ਕੋਲ਼ ਨਾਨਕੇ ਘਰ ਅਕਸਰ ਆਉਂਦਾ ਰਹਿੰਦਾ। ਇਨ੍ਹਾਂ 6 ਮੈਂਬਰਾਂ ਨੇ ਉਪਰੋਕਤ ਘਟਨਾਵਾਂ ਦੀ ਪੁਸਟੀ ਕਰਦਿਆਂ ਦੱਸਿਆ ਕਿ ਇਹ ਸਾਰੀਆਂ ਘਟਨਾਵਾਂ ਸਾਡੀਆਂ ਅੱਖਾਂ ਦੇ ਸਾਹਮਣੇ ਵਾਪਰਦੀਆਂ ਹਨ। ਉਨ੍ਹਾਂ ਨਾਲ਼ ਕੀਤੀ ਵੱਖ-ਵੱਖ ਗੱਲਬਾਤ ਤੋਂ ਬਾਅਦ ਅਸੀਂ ਪਰਿਵਾਰ ਤੋਂ ਪਾਸੇ ਬੈਠ ਕੇ ਘਟਨਾਵਾਂ ਨੂੰ ਜੋੜਨ ਦਾ ਕੰਮ ਆਰੰਭਿਆ। ਪਸ਼ੂਆਂ ਨੂੰ ਦੌਰੇ ਪੈਣ ਅਤੇ ਲੜਕੀ ਦੇ ਨਹੁੰਆਂ ਦੀ ਚਮੜੀ ਵਿੱਚ ਸੂਈਆਂ ਦੇ ਆਪਣੇ ਆਪ

ਅਗਾਂਹ ਤੁਰਨ ਦੀਆਂ ਘਟਨਾਵਾਂ ਨੇ ਸਾਨੂੰ ਹੱਲ ਵੱਲ ਤੋਰਿਆ। ਅਸੀਂ ਆਪਣਾ ਸਾਰਾ ਧਿਆਨ ਲੜਕੀ ਵੱਲ ਕੇਂਦਰਿਤ ਕੀਤਾ।

**ਮੁਸ਼ਕਲਾਂ ਦਾ ਦਰਦ** : ਅਸੀਂ ਲੜਕੀ ਨਾਲ਼ ਪੂਰੀ ਹਮਦਰਦੀ, ਪਿਆਰ ਨਾਲ਼ ਗੱਲਬਾਤ ਸ਼ੁਰੂ ਕੀਤੀ। ਅਸੀਂ ਉਸਨੂੰ ਕਿਹਾ ਕਿ ਅਸੀਂ ਤੇਰੀ ਮੁਸ਼ਕਲ ਸਮਝਦੇ ਹਾਂ। ਤੇਰੀ ਜ਼ਿੰਦਗੀ ਬਾਰੇ ਜਾਣਨਾ ਚਾਹੁੰਦੇ ਹਾਂ। ਜੇਕਰ ਤੁਸੀਂ ਸਹਿਯੋਗ ਦਿੱਤਾ ਤਾਂ ਤੇਰੀਆਂ ਸਾਰੀਆਂ ਮੁਸਕਲਾਂ ਦੇ ਸਹੀ ਤੇ ਵਧੀਆ ਹੱਲ ਲੱਭ ਲਵਾਂਗੇ। ਉਹ ਕੁੱਝ ਸਮਾਂ ਸਾਨੂੰ ਸੁਣਦੀ ਰਹੀ। ਸਾਡਾ ਭਰੋਸਾ ਮਿਲਣ 'ਤੇ, ਉਹ ਭਰੇ ਮਨ ਨਾਲ ਸਾਨੂੰ ਦੱਸਣ ਲੱਗੀ, "ਮੈਂ ਆਪਣੀ ਭੂਆ ਕੋਲ਼ ਰਹਿੰਦੀ ਹਾਂ। ਮੇਰੇ ਮਾਤਾ ਪਿਤਾ ਦੀ ਬਹੁਤ ਸਮਾਂ ਪਹਿਲਾਂ ਮੌਤ ਹੋ ਚੁਕੀ ਹੈ। ਮੇਰਾ ਇੱਕ ਛੋਟਾ ਭਰਾ ਵੀ ਹੈ ਜੋ ਮੇਰੀ ਮਾਸੀ ਦੇ ਕੋਲ਼ ਰਹਿੰਦਾ ਹੈ। ਮੈਂ ਆਪਣੇ ਭਰਾ ਨੂੰ ਪੜਾਉਣਾ ਅਤੇ ਆਪ ਪੜ੍ਹਨਾਂ ਚਾਹੁੰਦੀ ਹਾਂ। ਮੈਨੂੰ ਆਪਣੇ ਭਰਾ ਦੀ ਬਹੁਤ ਯਾਦ ਆਉਂਦੀ ਹੈ। ਰਾਹ ਦੀਆਂ ਔਕੜਾਂ ਵੱਡੀਆਂ ਹਨ, ਕੋਈ ਰਾਹ ਨਜ਼ਰ ਨਹੀਂ ਆਉਂਦਾ। ਜ਼ਿੰਦਗੀ ਹਾਰਦੀ ਜਾਪਦੀ ਹੈ। ਮੇਰੀ ਭੂਆ ਜ਼ਮੀਨ ਦੇ ਲਾਲਚ ਵਿੱਚ ਇੱਕ 40 ਸਾਲਾਂ ਦੁਹਾਜੂ ਨਾਲ ਮੇਰਾ ਵਿਆਹ ਕਰਨਾ ਚਾਹੁੰਦੀ ਹੈ। ਮੇਰੀ ਉਮਰ ਤੇ ਨੇੜਲੇ ਰਿਸ਼ਤੇ ਨੂੰ ਭੁੱਲ ਉਹ ਆਪਣਾ ਸੁਆਰਥ ਸਿੱਧ ਕਰਨ ਦੀ ਤਾਕ ਵਿੱਚ ਹੈ। ਮੈਨੂੰ ਪੜ੍ਹਨ ਦਾ ਸ਼ੌਕ ਹੈ। ਮੈਂ ਨੌਵੀਂ ਜਮਾਤ ਵਿੱਚੋਂ ਵਧੀਆ ਨੰਬਰ ਪ੍ਰਾਪਤ ਕੀਤੇ ਹਨ। ਪੜ੍ਹਾਈ ਤੇ ਮਿਹਨਤ ਨਾਲ ਅਸੀਂ ਦੋਵੇਂ ਭੈਣ ਭਰਾ ਪੈਰਾਂ ਸਿਰ ਹੋਣਾ ਚਾਹੁੰਦੇ ਹਾਂ। ਵਿਆਹ ਤਾਂ ਅਜੇ ਦੂਰ ਦੀ ਗੱਲ ਹੈ।

ਉਹ ਉਦਾਸ ਸੀ, ਪਰ ਆਤਮ ਵਿਸ਼ਵਾਸ ਨਾਲ ਭਰੀ ਹੋਈ ਸੀ। ਆਪਣੀ ਹਾਲਤ ਬਿਆਨਦਿਆਂ ਉਹ ਅੱਖਾਂ ਭਰ ਆਉਂਦੀ, ਰੋਣ ਲਗਦੀ। ਅਸੀਂ ਉਸ ਨੂੰ ਹੌਂਸਲਾ ਦਿੱਤਾ ਅਤੇ ਕਿਹਾ, "ਰੋ ਨਾ ਪੁੱਤਰ, ਤੂੰ ਸਾਡੀ ਧੀ ਹੈਂ, ਸਾਡੇ 'ਤੇ ਵਿਸਵਾਸ ਕਰ। ਅਸੀਂ ਤੇਰੀ ਮੁਸ਼ਕਲ ਦਾ ਹੱਲ ਲੱਭ ਲਵਾਂਗੇ ਪਰ ਤੈਨੂੰ ਸਾਡਾ ਸਹਿਯੋਗ ਕਰਨਾ ਪਵੇਗਾ। ਘਰ ਵਿੱਚ ਵਾਪਰਦੀਆਂ ਘਟਨਾਵਾਂ ਨਾਲ ਹੀ ਤੁਹਾਡੀ ਸਮੱਸਿਆ ਦਾ ਹੱਲ ਜੁੜਿਆ ਹੋਇਆ ਹੈ।"

**ਜਿਉਣ ਦੀ ਚਾਹ ਲਈ:** ਤੁਸੀਂ ਘਰ ਵਿੱਚ ਵਾਪਰ ਰਹੀਆਂ ਰਹੱਸਮਈ ਘਟਨਾਵਾਂ ਬਾਰੇ ਜਾਨਣਾ ਚਾਹੁੰਦੇ ਹੋ ਨਾ? ਇਸ ਘਰ ਵਿਚ ਮੇਰਾ ਜਿਉਣਾ ਮੁਹਾਲ ਹੈ। ਘਰ ਵਿੱਚ ਨਾਨਕੇ ਘਰ ਆਉਂਦਾ ਲੜਕਾ ਮੇਰੇ 'ਤੇ ਗਲਤ ਨਜ਼ਰ ਰਖਦਾ ਹੈ। ਉਸ 'ਤੇ ਕੋਈ ਰੋਕ ਟੋਕ ਨਹੀਂ ਹੈ। ਘਰ ਦੀ ਛੋਟੀ ਚਾਰਦੀਵਾਰੀ ਕਾਰਣ ਗਲੀ ਵਿੱਚ ਲੰਘਦੇ ਟਪਦੇ ਲੋਕ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਤੱਕਦੇ ਹਨ। ਘਰ ਕੋਲੋਂ ਗੁਜ਼ਰਦੀ ਬੱਸ ਦਾ ਡਰਾਈਵਰ ਤੇ ਕੰਡਕਟਰ, ਇਹ ਸਾਰੇ ਮੈਨੂੰ ਘੂਰ-ਘੂਰ ਵੇਖਦੇ ਹਨ। ਜਿਵੇਂ ਮੈਨੂੰ ਖਾ ਜਾਣਾ ਚਾਹੁੰਦੇ ਹੋਣ। ਕੋਈ ਅਜਿਹੀਆਂ ਹਾਲਤਾਂ ਵਿੱਚ ਆਪਣੇ ਆਪ ਨੂੰ ਕਿਵੇਂ ਬਚਾ ਸਕਦਾ ਹੈ? ਆਪਣੀ ਜ਼ਿੰਦਗੀ ਦੀ ਡੋਰ ਤੇ ਸੁਪਨਿਆਂ ਦੀ ਤੰਦ ਨੂੰ ਬਿਖਰਨੋ ਰੋਕਣ ਲਈ ਮੈਂ ਉਹ ਸਭ ਕਰਨ ਲਈ ਮਜਬੂਰ ਹਾਂ ਜੋ ਮੈਨੂੰ ਨਹੀਂ ਕਰਨਾ ਚਾਹੀਦਾ। ਰਹੱਸ ਦਾ ਸਾਇਆ ਸਾਹਮਣੇ ਆ ਚੁੱਕਾ ਸੀ।

**ਸਮਝ ਸਮਝੌਤਾ:** ਰਹੱਸਮਈ ਘਟਨਾਵਾਂ ਦੇ ਵਾਪਰਨ ਦੀ ਕਹਾਣੀ ਸਾਨੂੰ ਸਮਝ ਆ ਗਈ ਸੀ। ਅਸੀਂ ਲੜਕੀ ਨੂੰ ਸਾਂਤ ਰਹਿਣ ਅਤੇ ਚੰਗੇ/ਮਨਚਾਹੇ ਨਤੀਜਿਆਂ ਲਈ ਸਾਡਾ ਸਹਿਯੋਗ ਕਰਨ ਤੇ ਉਡੀਕ ਕਰਨ ਦੀ ਸਲਾਹ ਦਿੱਤੀ। ਨਾਲ਼ ਹੀ ਹੁਣ ਉਸ ਨੂੰ ਅਜਿਹੇ ਕੰਮਾਂ ਤੋਂ ਦੂਰ ਰਹਿਣ ਦੀ ਚੇਤਾਵਨੀ ਵੀ ਦਿੱਤੀ। ਜਿਸ ਨੂੰ ਉਸਨੇ ਸਾਂਤ ਮਨ ਨਾਲ਼ ਸਵੀਕਾਰ ਕਰ ਲਿਆ। ਪਰਿਵਾਰ ਦਾ ਹਮਦਰਦ ਜੋ ਪ੍ਰਭਾਵਸਾਲੀ ਭੂਮਿਕਾ ਨਿਭਾਉਣ ਦੇ ਯੋਗ ਸੀ, ਅਸੀਂ ਉਸ ਨੂੰ ਸੁਝਾਅ ਦਿੱਤਾ ਕਿ ਘਰ ਨੂੰ ਬਚਾਉਣ ਤੇ ਘਟਨਾਵਾਂ ਰੋਕਣ ਲਈ ਲੜਕੀ ਹੁਣ ਇਸ ਘਰ ਵਿਚ ਨਹੀਂ ਰਹੇਗੀ। ਉਹ ਆਪਣੀ ਮਰਜ਼ੀ ਅਨੁਸਾਰ ਆਪਣੇ ਭਰਾ ਅਤੇ ਮਾਸੀ ਨਾਲ ਰਹੇਗੀ। ਉਸ ਨੂੰ ਹਰ ਹਾਲਤ ਵਿਚ ਦਸਵੀਂ ਜਮਾਤ ਵਿਚ ਦਾਖਲ ਕਰਵਾਇਆ ਜਾਏ। ਹਾਲ ਦੀ ਘੜੀ, ਇਸਦੇ ਵਿਆਹ ਬਾਰੇ ਕੋਈ ਗੱਲ ਨਾ ਛੇੜੀ ਜਾਵੇ। ਇਹ ਸੁਝਾਅ ਅਮਲੀ ਰੂਪ ਵਿੱਚ ਲਾਗੂ ਕਰਨ ਦੀ ਵੱਡੀ ਜ਼ਿੰਮੇਵਾਰੀ ਪਰਿਵਾਰ ਦੇ ਹਮਦਰਦ ਨੇ ਆਪਣੇ ਸਿਰ ਲੈ ਲਈ। ਆਉਣ ਵੇਲੇ ਸਾਰੇ ਪਰਿਵਾਰ ਨੂੰ ਸਮਝਾ ਕੇ, ਆਪੋ ਆਪਣੀ ਜ਼ਿੰਮੇਵਾਰੀ ਸਮਝਣ ਤੇ ਘਟਨਾਵਾਂ ਦੇ ਕਾਰਣ ਬਣਨ ਤੋਂ ਬਾਜ ਆਉਣ ਦੀ ਹਦਾਇਤ ਕੀਤੀ ਗਈ। ਪਰਿਵਾਰ ਨੇ ਆਪਣੇ ਵੱਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ।

**ਪਸ਼ੂਆਂ ਨੂੰ ਦੌਰੇ ਪੈਣ ਦਾ ਰਹੱਸ:** ਜਦੋਂ ਦੁਪਹਿਰ ਵੇਲੇ ਘਰ ਦੇ ਅੰਦਰ ਬੈਠੇ ਪਸ਼ੂ ਉਗਾਲੀ ਕਰ ਰਹੇ ਹੁੰਦੇ ਸਨ ਤਾਂ ਪੀੜਿਤ ਲੜਕੀ ਅਚਾਨਕ ਬੈਠੇ ਪਸ਼ੂਆਂ ਦੇ ਨਹੁੰ 'ਤੇ ਸੋਟੀ ਦੀ ਨੋਕ ਜ਼ੋਰ ਨਾਲ ਮਾਰਦੀ। ਪਸ਼ੂ ਡਰ ਨਾਲ ਤ੍ਰਭਕ ਕੇ ਇੱਕ ਦਮ ਖੜ੍ਹਾ ਹੋ ਜਾਂਦਾ। ਜਿਸ ਕਾਰਨ ਘਰ ਵਿਚ ਖੜਕੇ (ਪਸ਼ੂ ਡਿੱਗਣ ਦੀ) ਇੱਕ ਉੱਚੀ ਆਵਾਜ ਸੁਣਾਈ ਦਿੰਦੀ। ਲੜਕੀ ਦੇ ਕਹਿਣ 'ਤੇ ਕਿ ਪਸ਼ੂ ਕਿਸੇ ਦੌਰੇ ਕਾਰਨ ਡਿੱਗ ਗਿਆ ਸੀ। ਹੁਣ ਇਹ ਠੀਕ ਹੈ, ਬਾਕੀ ਪਰਿਵਾਰ ਇਸ ਨੂੰ ਸੱਚ ਮੰਨ ਲੈਂਦਾ। ਦੋ ਛੋਟੇ ਪਸ਼ੂਆਂ ਦੀ ਮੌਤ ਇਕ ਬਿਮਾਰੀ ਕਾਰਨ ਹੋਈ ਸੀ। ਪਰ ਅੰਧਵਿਸਵਾਸੀ ਪਰਿਵਾਰ ਵਾਪਰ ਰਹੀਆਂ ਘਟਨਾਵਾਂ ਨੂੰ ਕਿਸੇ ਗੈਬੀ ਸ਼ਕਤੀ ਨਾਲ਼ ਜੋੜਕੇ ਵੇਖ ਰਿਹਾ ਸੀ।

**ਚਮੜੀ ਵਿੱਚ ਸੂਈਆਂ ਕਿਉਂ ?** ਜਦੋਂ ਕੋਈ ਚੇਲਾ ਘਰ ਆਉਂਦਾ, ਘਰ ਦਾ ਮਾਹੌਲ ਡਰਾਉਣਾ ਹੋ ਜਾਂਦਾ। ਲੜਕੀ ਖ਼ੁਦ ਹੌਲੀ-

ਹੌਲੀ ਆਪਣੀਆਂ ਉਂਗਲਾਂ ਨਾਲ ਆਪਣੀ ਖੁਸ਼ਕ ਚਮੜੀ ਵਿੱਚ ਸੂਈਆਂ ਪਾ ਲੈਂਦੀ। ਆਮ ਲੋਕ ਇਸ ਨੂੰ ਸਮਝ ਨਹੀਂ ਰਹੇ ਸਨ। ਇਸੇ ਤਰ੍ਹਾਂ ਡਰ ਨੂੰ ਕਾਇਮ ਰੱਖਣ ਲਈ ਬਾਬੇ ਅਤੇ ਉਨ੍ਹਾਂ ਦੇ ਏਜੰਟ ਘਰ ਦੇ ਅੰਦਰ ਅਤੇ ਬਾਹਰੋਂ ਘਟਨਾਵਾਂ ਨੂੰ ਅੰਜ਼ਾਮ ਦੇ ਰਹੇ ਸਨ। ਇਸੇ ਤਰ੍ਹਾਂ ਇੱਟਾਂ ਡਿੱਗਣ, ਲੜਕੇ ਨੂੰ ਧੱਕਾ ਦੇਣਾ, ਦੁੱਧ ਦਾ ਖੂਨ ਬਣਨਾ, ਟੂਣਾ ਬਣਨਾ ਆਦਿ ਅਲੋਕਾਰੀ ਦਿਸਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਜਿਨ੍ਹਾਂ ਲਈ ਆਪਣੇ ਥੋੜ੍ਹੇ ਬਹੁਤ ਸੁਆਰਥਾਂ ਬਦਲੇ ਹੋਰ ਮੈਂਬਰ ਮੋਹਰੇ ਬਣੇ ਹੋਏ ਸਨ।

**ਮਸਲਿਆਂ ਦੀ ਜੜ੍ਹ :**

ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਕੁੜੀਆਂ/ਔਰਤਾਂ ਤੇ ਬੱਚਿਆਂ ਨਾਲ ਹੁੰਦੇ ਵਿਤਕਰੇ, ਅਪਮਾਨ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦੇ ਹਨ। ਸਮਾਜਿਕ ਨਾ ਬਰਾਬਰੀ ਤੇ ਸਮਾਜਿਕ ਕਦਰਾਂ ਬਲਦੀ 'ਤੇ ਤੇਲ ਪਾਉਂਦੇ ਹਨ। ਬਰਾਬਰੀ ਵਾਲਾ ਸਮਾਜ, ਲੋਕ ਪੱਖੀ ਰਾਜਨੀਤਕ ਪ੍ਰਬੰਧ ਤੇ ਵਿਗਿਆਨਕ ਪਹੁੰਚ ਹੀ ਚੰਗੇਰੀ ਜ਼ਿੰਦਗੀ ਦੇ ਲਖਾਇਕ ਹਨ।

**94167 09342**



## ਸਲਾਮ : ਚੀ ਗੁਵੇਰਾ

ਕੀ ਤੂੰ ਆਪਣੀ ਅਮਰਤਾ (ਅਮਰ ਹੋਣ ਬਾਰੇ) ਬਾਰੇ ਸੋਚ ਰਿਹਾ ਹੈਂ?" ਕਤਲ ਕਰਨ ਤੋਂ ਪਹਿਲਾਂ ਬੋਲੀਵੀਆਈ ਸੈਨਿਕ ਨੇ ਚੀ ਗਵੇਰਾ ਨੂੰ ਪੁੱਛਿਆ।

ਜਿਵੇਂ ਸ਼ਹੀਦ ਭਗਤ ਸਿੰਘ ਨੇ ਫਾਂਸੀ ਚੜ੍ਹਣ ਤੋਂ ਪਹਿਲਾਂ ਕਿਹਾ ਸੀ, "ਠਹਿਰੋ, ਮੈਂ ਕਿਤਾਬ ਦਾ ਇਹ ਸਫ਼ਾ ਪੂਰਾ ਪੜ੍ਹ ਲਵਾਂ।" ਉਸੇ ਤਰ੍ਹਾਂ ਚੀ ਗਵੇਰਾ ਨੇ ਹਿੱਕ ਤਾਣ ਕੇ ਨਿਧੜਕ ਆਵਾਜ਼ 'ਚ ਬੜੇ ਸਹਿਜ ਨਾਲ ਕਿਹਾ, "ਨਹੀਂ, ਮੈਂ ਇਨਕਲਾਬ ਦੀ ਅਮਰਤਾ ਬਾਰੇ ਸੋਚ ਰਿਹਾ ਹਾਂ।" ਉਸ ਤੋਂ ਬਾਅਦ ਉਸ ਨੂੰ ਨੌਂ ਗੋਲੀਆਂ ਮਾਰੀਆਂ ਗਈਆਂ ਅਤੇ ਹੱਥ ਕੱਟ ਦਿੱਤੇ ਗਏ। ਚੀ ਗਵੇਰਾ ਦੇ ਹੱਥ ਕਿਊਬਾ ਵਿੱਚ ਅਜੇ ਵੀ ਲੋਕਾਂ ਨੇ ਆਪਣੇ ਨਾਇਕ ਨੂੰ ਸਿਜਦਾ ਕਰਨ ਵਾਸਤੇ ਸਾਂਭ ਕੇ ਰੱਖੇ ਹੋਏ ਹਨ।

ਏਨੇ ਵੀ ਸੁੱਕੇ ਨਾ ਹੋਵੋ ਕਿ ਤਿੜ ਤਿੜ ਕਰਕੇ ਟੁੱਟ ਜਾਵੋ, ਪਰ ਏਨੇ ਵੀ ਸਿੱਲ੍ਹੇ ਨਾ ਹੋਵੋ ਕਿ ਤੁਹਾਨੂੰ ਕੰਬਲ ਵਾਂਗ ਨਿਚੋੜਿਆ ਜਾਵੇ।

**ਰਸੂਲ ਹਮਜ਼ਾਤੋਵ**



## ਵਿਗਿਆਨਕ ਨਜ਼ਰੀਏ ਦਾ ਮਾਣ

ਨਿਊਜ਼ ਚੈਨਲ ਦੇ ਸਟੂਡੀਓ ਵਿੱਚ ਸੂਰਜ ਗ੍ਰਹਿਣ ਬਾਰੇ ਬਹਿਸ ਚੱਲ ਰਹੀ ਸੀ। ਬਹਿਸ ਵਾਲੇ ਪੈਨਲ ਵਿੱਚ ਧਰਮ ਗੁਰੂ, ਪੱਤਰਕਾਰ, ਜੋਤਿਸ਼ੀ ਤੋਂ ਇਲਾਵਾ ਇੱਕ ਵਿਗਿਆਨੀ ਵੀ ਸ਼ਾਮਲ ਸੀ। ਜਿਹੜਾ ਬਹਿਸ ਦੌਰਾਨ ਵਿਗਿਆਨਕ ਚੇਤਨਾ ਦਾ ਹਰਕਾਰਾ ਬਣ ਧਰਮ ਦੀਆਂ ਪ੍ਰੰਪਰਾਵਾਂ ਤੇ ਜੋਤਿਸ਼ ਨੂੰ ਤੱਥਾਂ ਦੇ ਆਧਾਰ ਤੇ ਝੁਠਲਾ ਰਿਹਾ ਸੀ। ਜਦੋਂ ਜੋਤਿਸ਼ੀ ਸੂਰਜ ਗ੍ਰਹਿਣ ਦੌਰਾਨ ਕੁਝ ਨਾ ਖਾਣ ਬਾਰੇ ਬੋਲਣ ਲੱਗਾ ਤਾਂ ਪੈਨਲ ਵਿੱਚ ਬੈਠੇ ਪ੍ਰਸਿੱਧ ਵਿਗਿਆਨੀ, ਚਿੰਤਕ ਤੇ ਉਰਦੂ ਸ਼ਾਇਰ ਗੌਹਰ ਰਜ਼ਾ ਮੁਸਕਰਾਉਂਦਿਆਂ ਉਸੇ ਸਮੇਂ ਲਾਈਵ ਕੈਮਰੇ 'ਤੇ ਕੁਝ ਖਾਣ ਲੱਗੇ। ਬੋਲ ਰਹੇ ਜੋਤਿਸ਼ੀ ਨੂੰ ਵਿੱਚੋਂ ਟੋਕਦਿਆਂ ਚੈਨਲ ਦੀ ਐਂਕਰ ਵੱਲੋਂ ਇਹ ਸੁਆਲ ਪੁੱਛਣ ਤੇ "ਤੁਸੀਂ ਸੂਰਜ ਗ੍ਰਹਿਣ ਦੌਰਾਨ ਕੁਝ ਖਾਣ 'ਤੇ ਨੁਕਸਾਨ ਹੋਣ ਬਾਰੇ ਦੱਸ ਰਹੇ ਹੋ ਪਰ ਤੁਹਾਡੇ ਸਾਹਮਣੇ ਬੈਠੇ ਗੌਹਰ ਰਜ਼ਾ ਜੀ ਮੁਸਕਰਾਉਂਦੇ ਹੋਏ ਕੁਝ ਖਾ ਰਹੇ ਹਨ।" ਜੋਤਿਸ਼ੀ ਨਿਰਉੱਤਰ ਸੀ। ਵਿਗਿਆਨੀ ਦੀ ਮੁਸਕਰਾਹਟ ਵਿੱਚੋਂ ਵਿਗਿਆਨਕ ਨਜ਼ਰੀਏ ਦਾ ਜਿੱਤ ਰੂਪੀ ਮਾਣ ਨਜ਼ਰ ਆ ਰਿਹਾ ਸੀ।

## ਹਉਮੈਂ ਤੇ ਨਿੱਜਤਵ

ਅਸੀਂ ਅਧਿਆਪਕ ਇਹ ਭੁੱਲ ਜਾਂਦੇ ਹਾਂ ਕਿ ਨਿੱਕੇ ਬੱਚਿਆਂ ਲਈ ਸੰਸਾਰ ਦਾ ਗਿਆਨ ਵਿਅਕਤੀ ਦੇ ਗਿਆਨ ਨਾਲ ਸ਼ੁਰੂ ਹੁੰਦਾ ਹੈ। ਬੱਚੇ ਲਈ ਚੰਗਿਆਈ ਜਾਂ ਬੁਰਾਈ ਆਵਾਜ਼ ਦੀ ਉਸ ਰੌਂ ਤੋਂ ਪ੍ਰਗਟ ਹੁੰਦੀ ਹੈ ਜਿਸ ਵਿੱਚ ਉਹਦਾ ਪਿਤਾ ਉਹਦੀ ਮਾਤਾ ਨਾਲ ਗੱਲ ਕਰਦਾ ਹੈ। ਉਹਦੇ ਪਿਤਾ ਦੇ ਹਾਵ-ਭਾਵ ਅਤੇ ਹਰਕਤਾਂ ਤੋਂ ਪ੍ਰਗਟ ਹੁੰਦੀ ਹੈ। ਬੱਚਾ ਆਪਣੇ ਮਾਤਾ ਪਿਤਾ ਦੇ ਸਦਾਚਾਰਕ ਜੀਵਨ ਦਾ ਪ੍ਰਤੀਬਿੰਬ ਹੁੰਦਾ ਹੈ। ਚੰਗੇ ਮਾਤਾ-ਪਿਤਾ ਦਾ ਸਭ ਤੋਂ ਵਡਮੁੱਲਾ ਸਦਾਚਾਰਕ ਲੱਛਣ, ਜਿਹੜਾ ਬੱਚੇ ਵਧੇਰੇ ਵਾਰ ਸਿੱਖ ਲੈਂਦੇ ਹਨ, ਦਿਆਲਤਾ ਅਤੇ ਹੋਰਨਾਂ ਲੋਕਾਂ ਨਾਲ ਨੇਕੀ ਕਰਨ ਦੀ ਇੱਛਾ ਹੈ। ਜਿਹੜੇ ਟੱਬਰਾਂ ਵਿੱਚ ਪਿਤਾ ਅਤੇ ਮਾਤਾ ਆਪਣੇ ਆਪ ਦਾ ਇੱਕ ਹਿੱਸਾ ਹੋਰਨਾਂ ਨੂੰ ਦਿੰਦੇ ਹਨ, ਹੋਰ ਲੋਕਾਂ ਦੇ ਦੁੱਖ ਅਤੇ ਖੁਸ਼ੀਆਂ ਆਪਣੇ ਦਿਲ ਦੇ ਨੇੜੇ ਕਰਦੇ ਹਨ। ਉਹਨਾਂ ਦੇ ਬੱਚੇ ਵੱਡੇ ਹੋ ਕੇ ਚੰਗੇ, ਹਮਦਰਦ ਅਤੇ ਨਿੱਘੇ ਦਿਲਾਂ ਵਾਲੇ ਬਣਦੇ ਹਨ। ਸਭ ਤੋਂ ਵੱਡੀ ਬੁਰਾਈ ਕੁਝ ਮਾਤਾ-ਪਿਤਾ ਦੀ ਹਉਮੈ ਅਤੇ ਨਿੱਜਤਵ ਹੈ।

**ਸੁਖੋਮਲਿੰਸਕੀ**

*ਕਹਾਣੀ*



# ਪਾਰਟੀਸ਼ਨ

**ਸਵੈ ਪ੍ਰਕਾਸ਼**

ਕੀ ? ਤੁਸੀਂ ਕੁਰਬਾਨ ਭਰਾ ਨੂੰ ਨਹੀਂ ਜਾਣਦੇ ? ਉਹ ਇਸ ਕਸਬੇ ਦੇ ਸਭ ਤੋਂ ਸ਼ਾਨਦਾਰ ਵਿਅਕਤੀ ਹਨ।ਇਸ ਕਸਬੇ ਦਾ ਦਿਲ ਹੈ ਆਜ਼ਾਦ ਚੌਂਕ ਅਤੇ ਆਜ਼ਾਦ ਚੌਂਕ ਵਿੱਚ ਹੈ ਕੁਰਬਾਨ ਭਰਾ ਦੀ ਛੋਟੀ ਜਿਹੀ ਕਰਿਆਨੇ ਦੀ ਦੁਕਾਨ। ਇੱਥੇ ਹਰ ਸਮੇਂ ਚਿੱਟਾ ਕੁੜਤਾ-ਪਜਾਮਾ ਪਾਈ, ਦੋ-ਦੋ ਚਾਰ-ਚਾਰ ਆਨੇ ਦਾ ਸੌਦਾ ਮੰਗਦੀ ਬੱਚਿਆਂ-ਬੁੱਢਿਆਂ ਦੀ ਭੀੜ 'ਚ ਘਿਰੇ ਕੁਰਬਾਨ ਭਰਾ ਤੁਹਾਨੂੰ ਨਜ਼ਰ ਆ ਜਾਣਗੇ। ਭੀੜ ਨਾ ਹੋਵੇ ਤਾਂ ਬੈਠੇ ਕੁੱਝ ਨਾ ਕੁੱਝ ਲਿਖਦੇ ਹੋਣਗੇ। ਵਾਰ ਵਾਰ ਮੋਟੇ ਫਰੇਮ ਦੀ ਐਨਕ ਨੂੰ ਉਂਗਲੀ ਨਾਲ ਉੱਪਰ ਚੜ੍ਹਾਉਂਦੇ ਅਤੇ ਮੱਥੇ 'ਤੇ ਖਿੱਲਰੇ ਉੱਘੜ-ਦੁੱਘੜ ਵਾਲਾਂ ਨੂੰ ਸੱਜੇ ਜਾਂ ਖੱਬੇ ਹੱਥ ਦੀਆਂ ਉਂਗਲਾਂ ਵਿੱਚ ਫਸਾਕੇ ਪਿੱਛੇ ਵੱਲ ਨੂੰ ਵਾਹੁੰਦੇ ਹੋਏ।ਜੇ ਤੁਸੀਂ ਏਥੋਂ ਸੌਦਾ ਲੈਣਾ ਚਾਹੋ ਤਾਂ ਤੁਹਾਡਾ ਸੁਆਗਤ ਹੈ। ਸਭ ਤੋਂ ਵਾਜਬ ਕੀਮਤ, ਸਹੀ ਤੋਲ ਤੇ ਸ਼ੁੱਧ ਸੌਦਾ। ਜਿਸ ਚੀਜ਼ 'ਤੇ ਉਨ੍ਹਾਂ ਨੂੰ ਖ਼ੁਦ ਭਰੋਸਾ ਨਹੀਂ, ਕਦੇ ਨਹੀਂ ਵੇਚਣਗੇ। ਕਦੇ ਕੋਈ ਗਲਤ ਚੀਜ਼ ਧੋਖੇ ਨਾਲ ਦੁਕਾਨ ਵਿੱਚ ਆ ਵੀ ਗਈ ਤਾਂ ਪਈ-ਪਈ ਭਾਵੇਂ ਸੜ ਜਾਏ, ਸਾਫ ਮਨ੍ਹਾ ਕਰ ਦੇਣਗੇ।ਮਿਰਚ ? ਤੁਹਾਡੇ ਕੰਮ ਦੀ ਨਹੀਂ।ਰੰਗ ਮਿਲੀ ਹੋਈ ਆ ਗਈ ਹੈ।ਤੇਲ ? ਮਜ਼ੇਦਾਰ ਨਹੀਂ ਹੈ।ਮਿਲਾਵਟ ਵਾਲਾ ਹੈ।ਦੀਵਾ-ਬੱਤੀ ਕਰਨ ਲਈ ਚਾਹੇ ਲੈ ਜਾਓ।

ਇਹੀ ਕਾਰਣ ਹੈ ਕਿ ਇੱਕ ਵਾਰ ਜਿਹੜਾ ਸਮਾਨ ਲੈ ਜਾਂਦਾ ਹੈ ਮੁੜ ਕੇ ਕਿਸੇ ਹੋਰ ਦੁਕਾਨ 'ਤੇ ਨਹੀਂ ਜਾਂਦਾ। ਕੁਰਬਾਨ ਭਰਾ ਦਾ ਮਤਲਬ ਹੈ ਇਮਾਨਦਾਰੀ। ਕੁਰਬਾਨ ਭਰਾ ਦਾ ਮਤਲਬ ਹੈ ਉਧਾਰ ਦੀ ਸਹੂਲਤ ਅਤੇ ਭਰੋਸਾ।

ਹਾਂ, ਪਰ ਇੱਕ ਗੱਲ ਦਾ ਧਿਆਨ ਰੱਖਿਓ, ਜੋ ਸਮਾਨ ਤੁਸੀਂ ਲੈ ਕੇ ਜਾ ਰਹੇ ਹੋ, ਉਸਦਾ ਲਿਫਾਫਾ ਜਾਂ ਥੈਲੀ ਬਿਨ੍ਹਾਂ ਦੇਖੇ ਨਾ ਸੁੱਟ ਦਿਓ। ਹੋ ਸਕਦਾ ਹੈ ਉਸ ਉੱਤੇ ਕੋਈ ਖੁੱਦਾਰ ਜਾਂ ਖ਼ੂੰਖਾਰ ਸ਼ੇਅਰ ਲਿਖਿਆ ਹੋਵੇ। ਨਾ ਜਾਨੇ ਕਿੰਨੇ ਲੋਕ ਕਹਿ-ਕਹਿ ਹਾਰ ਗਏ ਕਿ ਗੱਲੇ ਵਿੱਚ ਇੱਕ ਕਾਪੀ ਰੱਖ ਲਉ, ਸ਼ੇਅਰ ਫੁਰਦਿਆਂ ਹੀ ਉਸ ਵਿੱਚ ਦਰਜ ਕਰ ਲਉ। ਉਹ ਸੁਣਦੇ ਸਭ ਦੀ ਹਨ, ਸਹਿਮਤ ਵੀ ਹੁੰਦੇ ਹਨ, ਜੋ ਖਜ਼ਾਨਾ ਖੋ ਗਿਆ ਹੈ ਉਸ 'ਤੇ ਦੁਖੀ ਵੀ ਹੁੰਦੇ ਹਨ, ਪਰ ਕਰਦੇ ਫਿਰ ਉਹੀ ਕੁੱਝ ਹਨ। ਮੇਰੀ ਵੀ ਇਸ ਸ਼ਾਨਦਾਰ ਬੰਦੇ ਨਾਲ ਇਸੇ ਤਰ੍ਹਾਂ ਵਾਕਫੀਅਤ ਹੋਈ।ਦਫਤਰ ਤੋਂ ਮੁੜਦੇ ਵਕਤ ਉਸ ਦੀ ਦੁਕਾਨ ਤੋਂ ਕੁੱਝ ਲੈਕੇ ਘਰ ਆਇਆ। ਲਿਫਾਫੇ ਤੇ ਨਜ਼ਰ ਗਈ- ਲਿਖਿਆ ਸੀ

*ਬੁਝਾ ਸਕਤਾ ਹੂੰ ਅੰਗਿਆਰੇ ਅਭੀ ਆਂਖੋਂ ਮੇਂ ਪਾਨੀ ਹੈ।*

ਤੇ ਇਹ ਆਦਮੀ ਅੱਜ ਵੀ ਚਾਰ-ਚਾਰ ਆਨੇ ਦੇ ਸੌਦੇ ਤੋਲ ਰਿਹਾ ਹੈ! ਅਤੇ ਕਿਉਂ ਤੋਲ ਰਿਹਾ ਹੈ, ਇਸਦੀ ਵੀ ਇਕ ਕਹਾਣੀ ਹੈ।

ਅਜਮੇਰ ਵਿੱਚ ਉਸ ਦੇ ਪਿਤਾ ਦਾ ਰੰਗਾਂ ਦਾ ਲੰਮਾ-ਚੌੜਾ ਕਾਰੋਬਾਰ ਸੀ। ਦੋ ਵੱਡੇ-ਵੱਡੇ ਮਕਾਨ ਸਨ।ਹਵੇਲੀਆਂ ਹੀ ਕਹੋ।ਨਵੇਂ ਬਜ਼ਾਰ ਵਿੱਚ ਬੜੀ ਵੱਡੀ ਦੁਕਾਨ ਸੀ।ਬਾਰਾਂ ਨੌਕਰ ਸਨ। ਘਰ 'ਚ ਬੱਘੀ ਸੀ, ਸਾਂਝਾ ਪਰਿਵਾਰ ਸੀ। ਪਿਤਾ ਮੌਲਾਨਾ ਆਜ਼ਾਦ ਦੇ ਸ਼ੈਦਾਈਆਂ ਵਿੱਚੋਂ ਸਨ। ਵੱਡੇ-ਵੱਡੇ ਲੀਡਰ ਅਤੇ ਸ਼ਾਇਰ ਘਰੇ ਆ ਕੇ ਠਹਿਰਦੇ ਸਨ। ਕੁਰਬਾਨ ਭਰਾ ਉਸ ਵਕਤ ਅਲੀਗੜ੍ਹ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਸਨ। ਨਾ ਭਵਿੱਖ ਦੀ ਚਿੰਤਾ, ਨਾ ਬੁਢਾਪੇ ਦਾ ਡਰ! ਮੌਜ ਨਾਲ ਜ਼ਿੰਦਗੀ ਗੁਜ਼ਰ ਰਹੀ ਸੀ।ਪਿਆਰ, ਸ਼ਾਇਰੀ, ਹੋਸਟਲ, ਸੁਪਨੇ।

ਉਦੋਂ ਹੀ ਵੰਡ ਹੋ ਗਈ। ਦੰਗੇ ਹੋ ਗਏ। ਦੁਕਾਨ ਜਲਾ ਦਿੱਤੀ ਗਈ। ਰਿਸ਼ਤੇਦਾਰ ਪਾਕਿਸਤਾਨ ਭੱਜ ਗਏ, ਦੋ ਭਰਾ ਕਤਲ ਕਰ ਦਿੱਤੇ ਗਏ। ਪਿਤਾ ਨੇ ਸਦਮੇ ਚ ਆਕੇ ਮੰਜਾ ਮੱਲ ਲਿਆ ਅਤੇ ਮਰ ਗਿਆ। ਨੌਕਰ ਘਰ ਦੀ ਪੂੰਜੀ ਲੈਕੇ ਭੱਜ ਗਏ।ਬਚਿਆਂ-ਖੁਚਿਆਂ ਨਾਲ ਆਪਣੀ ਜਾਨ ਬਚਾਉਂਦੇ ਕੁਰਬਾਨ ਭਰਾ ਨਾਗੌਰ ਆ ਗਏ। ਉਥੋਂ ਮੇੜਤਾ, ਮੇੜਤਾ ਤੋਂ ਟੌਂਕ। ਕਿੱਥੇ ਜਾਣ ? ?ਕਿੱਥੇ ਸਿਰ ਛੁਪਾਉਣ ? ਕੀ ਪਾਕਿਸਤਾਨ ਚਲੇ ਜਾਣ ? ਨਹੀਂ ਗਏ। ਕਿਉਂਕਿ ਜ਼ੋਸ਼ ਨਹੀਂ ਗਏ, ਸੁਰੱਈਆ ਨਹੀਂ ਗਈ, ਕਿਉਂਕਿ ਉਹਨਾਂ ਨੂੰ ਚੰਗੇ ਲੱਗਣ ਵਾਲੇ ਬਹੁਤ ਸਾਰੇ ਲੋਕ ਨਹੀਂ ਗਏ। ਤਾਂ ਫਿਰ ਉਹ ਕਿਉਂ ਜਾਂਦੇ ?

ਹੌਲੀ-ਹੌਲੀ ਘਰ ਦੀਆਂ ਵਿਕ ਸਕਣ ਵਾਲੀਆਂ ਸਭ ਚੀਜ਼ਾਂ ਵਿਕ ਗਈਆਂ ਪਰ ਕਿਤੇ ਕੋਈ ਕੰਮ, ਕਿਤੇ ਕੋਈ ਨੌਕਰੀ ਨਹੀਂ ਮਿਲੀ, ਕੋਈ ਗੁਰ ਵੀ ਨਹੀਂ ਜਾਣਦੇ ਸਨ, ਸਿੱਖਿਆ ਅਧੂਰੀ ਸੀ। ਆਖਰ ਇਕ ਸ਼ਾਹੂਕਾਰ ਕੋਲ ਹਿਸਾਬ-ਕਿਤਾਬ ਲਿਖਣ ਦਾ ਕੰਮ ਕਰਨ ਲੱਗੇ, ਪਰ ਆਪਣੇ ਆਦਰਸ਼ਵਾਦ, ਇਮਾਨਦਾਰੀ, ਦਿਆਨਤਦਾਰੀ, ਸ਼ਰਾਫਤ ਆਦਿ 'ਔਗੁਣਾਂ' ਕਾਰਣ ਜਲਦੀ ਹੀ ਕੱਢ ਦਿੱਤੇ ਗਏ।ਮਾਲਕ ਹੋਣ ਦਾ ਠਸਕਾ ਇਕ ਵਾਰ ਟੁੱਟਿਆ ਤਾਂ ਟੁੱਟਦਾ ਹੀ ਚਲਾ ਗਿਆ।ਹਾਲਤ ਇਹ ਸੀ ਕਿ ਹਿੰਦੂਆਂ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦੇ ਤਾਂ

ਸ਼ੱਕ-ਸ਼ੁਬਹੇ ਦੀਆਂ ਬਰਛੀਆਂ ਨਾਲ ਵਿੰਨ ਦਿੱਤੇ ਜਾਂਦੇ ਅਤੇ ਜੇ ਮੁਸਲਮਾਨਾਂ ਵਿੱਚ ਖਪਣ ਦੀ ਕੋਸ਼ਿਸ਼ ਕਰਦੇ ਤਾਂ ਲੀਗੀਆਂ ਦੇ ਧਾਰਮਿਕ ਜਨੂੰਨ ਦਾ ਜੁਆਬ ਦਿੰਦੇ-ਦਿੰਦੇ ਚੂਰ-ਚੂਰ ਹੋ ਜਾਂਦੇ।...ਉੱਤਰਦੇ ਗਏ...ਮਜ਼ਦੂਰੀ ਤੱਕ, ਛੁਟ-ਪੁਟ ਕਾਰੀਗਰੀ ਤੱਕ...ਇਨਸਾਨੀਅਤ ਤੱਕ। ਨਵੇਂ-ਨਵੇਂ ਕੰਮ ਸਿੱਖੇ। ਮਜ਼ਬੂਰੀ ਸਿਖਾ ਹੀ ਦਿੰਦੀ ਹੈ। ਸਾਈਕਲਾਂ ਦੇ ਪੈਂਚਰ ਲਾਏ, ਪੀਪਿਆਂ-ਕਨਸਤਰਾਂ ਦੇ ਥੱਲੇ ਲਾਏ, ਤਾਲੇ, ਛਤਰੀਆਂ, ਲਾਲਟੈਨਾਂ ਠੀਕ ਕੀਤੀਆਂ। ਚੁੰਨੀਆ ਰੰਗਣ ਦਾ ਕੰਮ ਕੀਤਾ...ਹਾਥੀ ਦੰਦ ਤੋਂ ਚੂੜੀਆਂ ਬਣਾਈਆਂ ...ਸ਼ਹਿਰ ਦਰ ਸ਼ਹਿਰ...ਹੁਣ ਹਮਲਾ ਫਿਰਕੂ ਜਨੂੰਨ ਦਾ ਨਹੀਂ, ਮਸ਼ੀਨ ਦਾ ਹੋ ਰਿਹਾ ਸੀ... ਜਿਹੜੀ ਵੀ ਚੀਜ਼ ਨੂੰ ਹੱਥ ਪਾਉਂਦੇ ਹੌਲੀ-ਹੌਲੀ ਹੱਥ ਵਿਚੋਂ ਖਿਸਕ ਜਾਂਦੀ। ਧੱਕੇ ਖਾਂਦੇ-ਖਾਂਦੇ ਪਤਾ ਨਹੀਂ ਕਦੋਂ, ਕਿਵੇਂ ਇਸ ਕਸਬੇ ਵਿੱਚ ਆ ਗਏ ਅਤੇ ਇਕ ਬਜ਼ੁਰਗ ਨਿਮਾਜ਼ੀ ਮੁਸਲਮਾਨ ਤੋਂ ਪੰਜਾਹ ਰੁਪਏ ਉਧਾਰ ਲੈਕੇ ਇੱਕ ਦਿਨ ਇਹ ਦੁਕਾਨ ਖੋਲ੍ਹ ਬੈਠੇ।...ਕੁੱਝ ਪੁੜੀਆਂ 'ਚ ਦਾਲ, ਚਾਵਲ...ਮਾਚਸ...ਬੀੜੀ-ਸਿਗਰੇਟ-ਗੋਭੀ-ਚਾਕਲੇਟ..ਕੀ ਦੱਸਾਂ ? ਕਿਵੇਂ ਦੱਸਾਂ ? ਇੱਕ ਆਦਮੀ ਦੇ ਦਰਦ ਅਤੇ ਸੰਘਰਸ਼ ਦੀ ਲੰਮੀ ਦਾਸਤਾਨ ਨੂੰ ਆਪਣੀ ਸਹੂਲਤ ਲਈ ਚੰਦ ਲਫਜ਼ਾਂ ਵਿੱਚ ਨਿਪਟਾ ਦੇਣਾ... ਨਾ ਸਿਰਫ ਜ਼ਿਆਦਤੀ ਹੈ, ਬਲਕਿ ਉਸਦੇ ਸੰਘਰਸ਼ ਦਾ ਅਪਮਾਨ,...ਉਸਦਾ ਮਜ਼ਾਕ ਉਡਾਉਣ ਵਰਗਾ ਲਗਦਾ ਹੈ। ਪਰ ਕੀ ਕਰਾਂ, ਕਹਾਣੀ ਜੋ ਦੱਸਣ ਜਾ ਰਿਹਾ ਹਾਂ, ਕੁੱਝ ਹੋਰ ਹੀ ਹੈ।

ਦੁਕਾਨ ਜੰਮ ਗਈ ਤਾਂ ਕੁਰਬਾਨ ਭਰਾ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਲਿਆ। ਠੀਹਾ ਹੋ ਗਿਆ। ਪਾਉਣ ਨੂੰ ਦੋ ਜੋੜੀ ਕੱਪੜੇ ਹੋ ਗਏ। ਪੈਸੇ ਦਾ ਚੱਕਰ ਚੱਲ ਪਿਆ। ਗਾਹਕੀ ਜੰਮ ਗਈ ਤਾਂ ਅੱਗੇ ਖਾਹਿਸ਼ ਹੀ ਕੀ ਸੀ। ਸ਼ੌਕ, ਮੌਜ-ਮਸਤੀ, ਸੈਰ-ਸਪਾਟਾ ਭੁੱਲ ਹੀ ਚੁੱਕੇ ਸਨ। ਪਰ ਰਸਾਲੇ ਜਰੂਰ ਮੰਗਵਾਉਂਦੇ। ਰਸਾਲੇ ਕਿਉਂ ਨਾ ਮੰਗਵਾਉਂਦੇ ? ਕੋਈ ਰਸਾਲਾ ਆਉਂਦਾ, ਲੈਣ ਵਾਸਤੇ ਖ਼ੁਦ ਕੁਰਬਾਨ ਭਰਾ ਪੋਸਟ ਆਫਿਸ ਪਹੁੰਚ ਜਾਂਦੇ। ਰਸਾਲੇ ਨੂੰ ਬਹੁਤ ਸੰਭਾਲ ਕੇ ਰੱਖਦੇ। ਉਸਦਾ ਪੰਨਾ-ਪੰਨਾ ਅੱਖਰ-ਅੱਖਰ ਚੱਟ ਜਾਂਦੇ। ਕਈ ਕਈ ਵਾਰ, ਜਿਵੇਂ ਕਿਸੇ ਭੁੱਖੇ ਪਿਆਸੇ ਨੂੰ ਤਰ੍ਹਾਂ ਤਰ੍ਹਾਂ ਦੇ ਭੋਜਨ ਮਿਲ ਗਏ ਹੋਣ। ਸਾਹਿਤ ਨੂੰ ਖ਼ੂਬ ਮੁਹੱਬਤ ਕਰਦੇ ਹਨ। ਰਸਾਲੇ ਮੰਗਵਾ ਕੇ, ਖਰੀਦ ਕੇ ਪੜ੍ਹਦੇ ਤੇ ਉਨ੍ਹਾਂ ਦੀ ਫਾਈਲ ਸੰਭਾਲ ਕੇ ਰੱਖਦੇ।

ਇਸ ਸਾਰੇ ਸਿਲਸਿਲੇ ਵਿੱਚ... ਉਨ੍ਹਾਂ ਦੇ ਗੁਣ ਬੋਲਣ ਲੱਗੇ।ਲੋਕਾਂ ਨੇ ਵੇਖਿਆ ਇਹ ਆਦਮੀ ਕਦੇ ਝੂਠ ਨਹੀਂ ਬੋਲਦਾ...ਠੱਗੀ ਚਾਰ ਸੌ ਵੀਹ ਨਹੀਂ ਕਰਦਾ...ਘੱਟ ਨਹੀਂ ਤੋਲਦਾ...ਓਏ-ਓਏ ਕਰਕੇ ਨਹੀਂ ਬੋਲਦਾ...ਗੰਦੇ ਮਜ਼ਾਕ ਨਹੀਂ ਕਰਦਾ...ਸਲੀਕੇ ਨਾਲ ਬੋਲਦਾ ਹੈ ਅਤੇ ਔਖੇ ਵੇਲੇ ਹਰੇਕ ਦੇ ਕੰਮ ਆਉਂਦਾ ਹੈ...ਇਸ ਲਈ ਹੌਲੀ-ਹੌਲੀ ਕਸਬੇ ਦੇ ਮੋਹਤਬਰ ਲੋਕ ਦੁਆ ਸਲਾਮ ਕਰਨ ਲੱਗੇ...ਵਪਾਰੀਆਂ ਦੇ ਘਰ ਕੋਈ ਵਿਆਹ-ਸ਼ਾਦੀ ਹੁੰਦੀ ਤਾਂ ਸੱਦੇ ਦੇ ਕਾਰਡ ਆਉਣ ਲੱਗੇ...ਪਰਿੰਦੇ ਦੇ ਕੋਲ ਪਰਿੰਦੇ ਖ਼ੁਦ ਖਿੱਚੇ ਚਲੇ ਆਉਣ ਲੱਗੇ।ਹੁਣ ਉਹ ਉਨ੍ਹਾਂ ਨੂੰ ਚਾਹ-ਪਾਣੀ ਪਿਆ ਰਹੇ ਹਨ ਅਤੇ ਗਾਹਕੀ ਛੱਡ ਕੇ ਗਾਲਿਬ 'ਤੇ ਬਹਿਸ ਕਰ ਰਹੇ ਹਨ।

ਅਹਿਸਤਾ-ਅਹਿਸਤਾ ਉਹਨਾਂ ਦੀ ਦੁਕਾਨ ਪੜ੍ਹਿਆਂ-ਲਿਖਿਆਂ ਦਾ ਅੱਡਾ ਬਣ ਗਈ। ਲੈਕਚਰਾਰ, ਅਧਿਆਪਕ, ਪੱਤਰਕਾਰ, ਪੜ੍ਹਨ-ਲਿਖਣ ਵਾਲੇ - ਸ਼ਾਮ ਹੁੰਦਿਆਂ ਹੀ ਦੁਕਾਨ ਠਹਾਕਿਆਂ ਤੇ ਬਹਿਸਾਂ ਨਾਲ ਖਿੜ ਉੱਠਦੀ। ਗਾਹਕੀ ਵੀ ਚਲਦੀ ਰਹਿੰਦੀ, ਬੜਾ ਮਜ਼ੇਦਾਰ ਦ੍ਰਿਸ਼ ਹੁੰਦਾ ਕਿ ਅੰਗ੍ਰੇਜ਼ੀ ਸਾਹਿਤ ਦਾ ਕੋਈ ਵਿਦਵਾਨ ਸੜਕ 'ਤੇ ਖੜੋ ਕੇ ਫਟਕ-ਫਟਕ ਕੇ ਲਸਣ ਦੇ ਛਿਲਕੇ ਉਡਾ ਰਿਹਾ ਹੈ ਜਾਂ ਲੋਕਲ ਅਖਬਾਰ ਦਾ ਕੋਈ ਪੱਤਰਕਾਰ ਕੋਡਾ ਜਿਹਾ ਹੋਕੇ ਚਬੂਤਰੇ ਥੱਲੇ ਰੱਖੀ ਬੋਰੀ ਚੋਂ ਮੁਲਤਾਨੀ ਮਿੱਟੀ ਕੱਢ ਰਿਹਾ ਹੈ ਜਾਂ ਇਤਿਹਾਸ ਦਾ ਮੰਨਿਆ ਹੋਇਆ ਅਧਿਆਪਕ...।

ਸਾਡੇ ਸਾਰਿਆਂ ਦੇ ਸੰਪਰਕ ਵਿੱਚ ਆਉਣ ਨਾਲ ਕੁਰਬਾਨ ਭਰਾ ਬਦਲਣ ਲੱਗੇ।ਉਨ੍ਹਾਂ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਨ੍ਹਾਂ ਦੀ ਇਕ ਅਦਬੀ ਸ਼ਖਸ਼ੀਅਤ ਵੀ ਹੈ। ਅਸੀਂ ਉਨ੍ਹਾਂ ਤੋਂ ਉਰਦੂ ਸਿੱਖੀ, ਉਨ੍ਹਾਂ ਦੀ ਲਾਇਬਰੇਰੀ ਨੂੰ ਤਰਤੀਬ ਦਿੱਤੀ, ਰਸਾਲਿਆਂ ਦੀਆਂ ਜਿਲਦਾਂ ਬੰਨਵਾਈਆਂ ਅਤੇ ਉਸ ਦਾ ਖ਼ੂਬ ਲਾਭ ਉਠਾਇਆ।ਅਸੀਂ ਕੁਰਬਾਨ ਭਰਾ ਨੂੰ ਫੜ੍ਹ-ਫੜ੍ਹ ਕੇ ਮੁਸ਼ਾਇਰਿਆਂ 'ਚ ਲਜਾਣ ਲੱਗੇ।ਅਸੀਂ ਉਨ੍ਹਾਂ ਨੂੰ ਅਜਿਹੇ ਰਸਾਲੇ ਦਿਖਾਏ ਜੋ ਉਨ੍ਹਾਂ ਪਹਿਲਾਂ ਸ਼ਾਇਦ ਹੀ ਕਦੇ ਦੇਖੇ ਸਨ.. ਐਹੋ ਜਿਹੇ ਲੇਖਕਾਂ ਕਵੀਆਂ ਬਾਰੇ ਦੱਸਿਆ ਜੋ ਸਿਰਫ ਉਨ੍ਹਾਂ ਦੀ ਕਲਪਨਾ ਵਿੱਚ ਹੀ ਸਨ ।ਐਹੋ ਜਿਹੇ ਸ਼ਾਇਰਾਂ ਦੀਆਂ ਰਚਨਾਵਾਂ ਸੁਣਾਈਆਂ ਜੋ ਸਾਕੀ ਸ਼ਰਾਬ ਨੂੰ ਕਦੋਂ ਦੇ ਅਲਵਿਦਾ ਕਹਿ ਚੁੱਕੇ ਸਨ । ਇਸ ਤਰ੍ਹਾਂ ਦੀ ਰਾਜਨੀਤੀ ਨਾਲ ਉਨ੍ਹਾਂ ਦੀ ਪਛਾਣ ਕਰਾਈ ਜਿਸ ਬਾਰੇ ਉਨ੍ਹਾਂ ਨੇ ਸਿਰਫ ਉੱਡਦੀਆਂ-ਉੱਡਦੀਆਂ ਗੱਲਾਂ ਹੀ ਸੁਣੀਆਂ ਸਨ।ਸ਼ੁਰੂ ਤੋਂ ਹੀ ਸੰਜੀਦਾ ਹੋਣ ਦੇ ਬਾਵਜੂਦ ਉਨ੍ਹਾਂ ਦੇ ਦਿਮਾਗ ਵਿੱਚ ਕਾਫੀ ਸਾਰਾ ਮਜ਼ਹਬੀ ਕੂੜਾ-ਕਬਾੜ ਭਰਿਆ ਹੋਇਆ ਸੀ।ਅਸੀਂ ਝਾੜੂ ਲੈਕੇ ਜੁਟ ਗਏ... ਅਸੀਂ ਉਨ੍ਹਾਂ ਨੂੰ ਅਖਬਾਰ 'ਤੇ ਵਿਚਾਰ ਦਾ ਚਸਕਾ ਲਾ ਦਿੱਤਾ।

ਨਤੀਜਾ ਇਹ ਨਿਕਲਿਆ ਕਿ ਉਹ ਹਫਤੇ ਵਿੱਚ ਇੱਕ ਦਿਨ ਛੁੱਟੀ ਕਰਨ ਲੱਗੇ। ਰਾਤ ਨੂੰ ਖਾਣਾ ਖਾਣ ਤੋਂ ਬਾਅਦ ਸਾਡੇ ਨਾਲ ਘੁੰਮਣ ਜਾਣ ਲੱਗੇ...ਆਪਣੇ ਬੀਤੇ ਬਾਰੇ

ਸੋਚ ਸੋਚ ਕੇ ਗੁੱਸੇ ਵਿੱਚ ਭਰੇ ਰਹਿਣ ਦੀ ਬਜਾਏ ਭਵਿੱਖ ਨੂੰ ਲੈਕੇ ਕਦੇ-ਕਦੇ ਚਹਿਕਣ ਵੀ ਲੱਗੇ ਅਤੇ ਸਾਡੇ ਹੋਰ ਨੇੜੇ ਹੋਣ ਲੱਗੇ।

ਹਿਸਾਬ ਸਿੱਧਾ ਸੀ ਕਿ ਕੁਰਬਾਨ ਭਰਾ ਦਾ ਜਿੰਨਾਂ ਸਮਾਂ ਸਾਨੂੰ ਮਿਲਦਾ, ਉਨਾਂ ਹੀ ਸਮਾਂ ਉਨ੍ਹਾਂ ਦੇ ਪੁਰਾਣੇ ਦੋਸਤਾਂ-ਲਤੀਫ ਸਾਹਬ, ਹਾਜੀ ਸਾਹਬ, ਇਮਾਮ ਸਾਹਬ ਵਗੈਰਾ ਦੇ ਹਿੱਸੇ ਚੋਂ ਘੱਟ ਹੋ ਜਾਂਦਾ।ਨਮਾਜ਼ ਪੜ੍ਹਣ ਉਹ ਸਿਰਫ ਸ਼ੁੱਕਰਵਾਰ ਨੂੰ ਜਾਂਦੇ ਸਨ। ਹੁਣ ਉਹ ਵੀ ਛੱਡ ਦਿੱਤੀ। ਮਦਰੱਸੇ ਨੂੰ ਪਹਿਲਾਂ ਵੀ ਚੰਦਾ ਦਿੰਦੇ ਸਨ, ਹੁਣ ਵੀ ਦੇ ਦਿੰਦੇ।ਹਾਂ ਕਦੇ-ਕਦੇ ਹੋਣ ਵਾਲੀਆਂ ਰਾਜਨੀਤਕ ਸਭਾਵਾਂ ਵਿੱਚ ਜਾਣ ਤੋਂ ਅਤੇ ਕਸਬੇ ਦੀ ਰਾਜਨੀਤੀ ਵਿੱਚ ਦਿਲਚਸਪੀ ਲੈਣ ਤੋਂ ਉਨ੍ਹਾਂ ਲਈ ਖਤਰਨਾਕ ਸਮਝ ਕੇ ਬਰਾਦਰੀ ਵਾਲੇ ਉਨ੍ਹਾਂ ਨੂੰ ਟੋਕਣ ਜ਼ਰੂਰ ਲੱਗੇ। ਰਾਜਨੀਤੀ ਸਾਡੇ ਲੋਕਾਂ ਲਈ ਨਹੀਂ ਹੈ, ਸਮਝੇ ? ਚੁੱਪ-ਚਾਪ ਦਾਲ-ਰੋਟੀ ਖਾ ਤੇ ਅੱਲਾਹ ਦਾ ਨਾਂ ਲੈ। ਸੁਖ ਚੈਨ ਨਾਲ ਜਿਉਣਾ ਹੈ ਤਾਂ ਇਨ੍ਹਾਂ ਝਮੇਲਿਆਂ ਵਿੱਚ ਨਾ ਹੀ ਪਉ।ਬੇਕਾਰ 'ਚ ਹੀ ਕਿਤੇ ਧਰ ਲਏ ਜਾਉਂਗੇ। ਤੇ ਸਾਨੂੰ ਵੀ ਫਸਵਾਉਂਗੇ।ਹੁਣ ਜਦੋਂ ਏਥੇ ਰਹਿਣਾ ਹੀ ਹੈ ਤਾਂ ਪਾਣੀ 'ਚ ਰਹਿਕੇ ਮਗਰਮੱਛਾਂ ਨੂੰ ਮੂੰਹ ਚਿੜਾਉਣ ਦਾ ਕੀ ਫਾਇਦਾ ?

ਪਰ ਅਸੀਂ ਲੋਕ ਤਾਂ ਆਪਣੀ ਮਸਤੀ 'ਚ ਮਸਤ ਸਾਂ। ਨਾ ਸਾਨੂੰ ਪਤਾ ਲੱਗਿਆ ਨਾ ਖੁਦ ਕੁਰਬਾਨ ਭਰਾ ਨੂੰ ਕਿ ਉਨ੍ਹਾਂ ਨੂੰ ਇਮਾਮਵਾੜੇ ਵਾਲੇ ਹੀ ਨਹੀਂ, ਸ਼ਾਖਾ ਵਾਲੇ ਵੀ ਘੂਰਦੇ ਹੋਏ ਲੰਘਣ ਲੱਗੇ।ਸ਼ਾਮ ਨੂੰ ਉਨ੍ਹਾਂ ਦੀ ਦੁਕਾਨ 'ਤੇ ਆਉਣ ਵਾਲੇ ਕੁੱਝ ਦੇਸ਼-ਪ੍ਰੇਮੀ ਕਿਸਮ ਦੇ ਲੋਕਾਂ ਦੀ ਪੱਕੀ ਗੈਰਹਾਜ਼ਰੀ ਦਾ ਗੂੜ੍ਹਾ ਅਰਥ ਵੀ ਅਸੀਂ ਨਹੀਂ ਸਮਝਿਆ।ਇਸੇ ਲਈ ਆਖਰ ਉਹ ਘਟਨਾ ਹੋ ਗਈ ਜਿਸਨੇ ਇਸ ਕਹਾਣੀ ਨੂੰ ਇੱਕ ਅਜਿਹੇ ਦੁਖਦ ਮੁਕਾਮ 'ਤੇ ਪਹੁੰਚਾ ਦਿੱਤਾ ਜੋ ਮਨ ਨੂੰ ਕੜਵਾਹਟ ਨਾਲ ਭਰ ਦਿੰਦੀ ਹੈ।

ਇੱਕ ਦਿਨ ਦੁਪਿਹਰ ਦੀ ਗੱਲ ਹੈ।ਇੱਕ ਗੱਡੇ ਵਾਲੇ ਨੇ ਠੀਕ ਉਸਦੀ ਦੁਕਾਨ ਦੇ ਸਾਹਮਣੇ ਗੱਡਾ ਰੋਕਿਆ।ਬਲਦ ਖੋਲ੍ਹੇ ਤੇ ਗੱਡੇ ਦਾ ਅਗਲਾ ਹਿੱਸਾ ਉਹਨਾਂ ਦੇ ਚਬੂਤਰੇ 'ਤੇ ਟਿਕਾ ਦਿੱਤਾ। ਇਸ ਬੰਦੇ ਨੇ ਆਪਣਾ ਗੱਡਾ ਇਸ ਤਰ੍ਹਾਂ ਖੜਾ ਕੀਤਾ ਕਿ ਹੁਣ ਕੋਈ ਗਾਹਕ ਉਹਨਾਂ ਦੀ ਦੁਕਾਨ ਤੱਕ ਪਹੁੰਚ ਹੀ ਨਹੀਂ ਸਕਦਾ ਸੀ। ਏਥੋਂ ਤੱਕ ਕਿ ਉਹ ਖ਼ੁਦ ਵੀ ਗੁਆਂਢੀ ਦੇ ਚਬੂਤਰੇ 'ਤੇ ਜਾਏ ਬਿਨ੍ਹਾਂ ਥੱਲੇ ਨਹੀਂ ਉੱਤਰ ਸਕਦੇ ਸਨ।ਗੱਡੇ ਵਾਲਾ ਵਕੀਲ ਉਖਚੰਦ ਦਾ ਹਾਲੀ ਸੀ ਅਤੇ ਉਹਨਾਂ ਨੂੰ ਪਤਾ ਸੀ ਕਿ ਹੁਣ ਉਹ ਗੱਡਾ ਖੜਾ ਕਰਕੇ ਗਿਆ ਸ਼ਾਮ ਨੂੰ ਹੀ ਮੁੜੇਗਾ।ਉਹਨਾਂ ਨੇ ਉਸਨੂੰ ਗੱਡਾ ਜ਼ਰਾ ਪਾਸੇ ਖੜਾ ਕਰਨ ਅਤੇ ਬਲਦਾਂ ਨੂੰ ਕਿਨਾਰੇ ਬੰਨ ਦੇਣ ਲਈ ਕਿਹਾ। ਉਹਨੇ ਗੱਲ ਅਨਸੁਣੀ ਕਰ ਦਿੱਤੀ। ਉਹਨਾਂ ਨੇ ਫਿਰ ਕਿਹਾ ਤਾਂ ਇੱਕ ਨਜ਼ਰ ਦੇਖ ਕੇ ਚੱਲ ਪਿਆ। ਉਹਨਾਂ ਨੇ ਖ਼ੁਦ ਉੱਠਕੇ ਚਬੂਤਰੇ 'ਤੇ ਟਿਕੇ ਗੱਡੇ ਦੇ ਅਗਲੇ ਹਿੱਸੇ ਨੂੰ ਉਠਾਇਆ ਹੀ ਸੀ ਕਿ ਉਸ ਆਦਮੀ ਨੇ ਉਹਨਾਂ ਨੂੰ ਗਲਮੇ ਤੋਂ ਫੜ ਲਿਆ ਅਤੇ ਗਾਲ੍ਹਾਂ ਕੱਢਣ ਲੱਗ ਪਿਆ। ਅਤੇ ਉਸਨੇ ਐਨਕ ਤੋੜ ਦਿੱਤੀ ਤੇ ਧੱਕਾ-ਮੁੱਕੀ ਕਰਨ ਲੱਗਾ। ਠੀਕ ਏਸੇ ਵੇਲੇ ਕੋਰਟ ਤੋਂ ਮੁੜਦੇ ਵਕੀਲ ਉਖਚੰਦ ਉਧਰੋਂ ਲੰਘੇ ਤੇ ਆਵਾਜ਼ ਮਾਰਕੇ ਪੁੱਛਿਆ, "ਕੀ ਹੋਇਆ, ਗੋਮਿਆਂ ?" ਗੋਮਾ ਬੋਲਿਆ, ਇਹ ਮੈਨੂੰ ਕੁੱਟ ਰਿਹਾ ਹੈ। ਵਕੀਲ ਉਖਚੰਦ ਨੇ ਪੁੱਛਿਆ, "ਕੌਣ" ? ਗੋਮਾ ਬੋਲਿਆ, "ਯੇ ਮੀਆਂ" !

ਕੁਰਬਾਨ ਭਰਾ ਸੁੰਨ ਹੋ ਗਏ। ਗੱਲ ਸਮਝ ਵਿੱਚ ਆਉਂਦੇ ਹੀ ਅੰਦਰੋਂ ਹਿੱਲ ਗਏ। ਅੱਖਾਂ ਅੱਗੇ ਤਾਰੇ ਨੱਚਣ ਲੱਗੇ। ਉੱਥੇ ਹੀ ਜ਼ਮੀਨ 'ਤੇ ਸਿਰ ਫੜ ਕੇ ਬੈਠ ਗਏ। ਇੱਕ ਗੋਲਾ ਜਿਹਾ ਕਲੇਜੇ ਵਿੱਚੋਂ ਉੱਠਿਆ ਤੇ ਹਲਕ ਵਿੱਚ ਆਕੇ ਫਸ ਗਿਆ। ਵਰ੍ਹਿਆਂ ਤੋਂ ਰੋਕਿਆ ਰੋਣ ਇੱਕੋ ਵਾਰ ਫੁੱਟ ਪੈਣ ਨੂੰ ਜ਼ੋਰ ਮਾਰਨ ਲੱਗਾ।

ਇਹ ਕੀ ਹੋ ਗਿਆ ?.. ਕਿਵੇਂ ਹੋ ਗਿਆ ? ਕੀ ਗੋਮਾ ਉਸਨੂੰ ਜਾਣਦਾ ਨਹੀਂ ? ਇੱਕ ਹੀ ਮਿੰਟ 'ਚ ਉਹ 'ਕੁਰਬਾਨ ਭਰਾ' ਤੋਂ 'ਮੀਆਂ' ਕਿਵੇਂ ਬਣ ਗਿਆ ? ਇੱਕ ਮਿੰਟ ਵੀ ਨਹੀਂ ਲੱਗਿਆ ! ਵਰ੍ਹਿਆਂ ਤੋਂ ਤਿਲਤਿਲ ਮਰਕੇ ਜੋ ਇੱਜ਼ਤ ਉਨ੍ਹਾਂ ਨੇ ਬਣਾਈ.. ਹਰ ਦਿਨ ਹਰ ਪਲ ਜਿਵੇਂ ਇੱਕ ਅਗਨੀ ਪ੍ਰੀਖਿਆ ਚੋਂ ਲੰਘ ਕੇ ਜੋ ਸਤਿਕਾਰ, ਜੋ ਪਿਆਰ ਹਾਸਲ ਕੀਤਾ...ਹਰ ਦਿਨ ਖ਼ੁਦ ਨੂੰ ਸਮਝਾਕੇ...ਕਿ ਪਾਕਿਸਤਾਨ ਜਾਕੇ ਵੀ ਕੋਈ ਨਵਾਬੀ ਨਹੀਂ ਮਿਲ ਜਾਂਦੀ...ਜਿਵੇਂ ਹਾਂ ਇੱਥੇ ਹੀ ਮਸਤ ਹਾਂ...ਲੁਟ ਜਾਣ ਦਿਉ ਕਾਰੋਬਾਰ ਨੂੰ...ਬਦਮਾਸ਼ਾਂ ਦੇ ਕਬਜ਼ੇ ਵਿੱਚ ਚਲੀਆਂ ਜਾਣ ਦਿਉ ਹਵੇਲੀਆਂ...ਗੁੰਮਨਾਮ ਪਈਆਂ ਰਹਿਣ ਦਿਉ ਭਰਾਵਾਂ ਦੀਆਂ ਕਬਰਾਂ...ਦਫਨਾ ਦਿਉ ਭਰੇ-ਪੂਰੇ ਘਰ ਦਾ ਸੁਪਨਾ...ਸ਼ਾਇਦ ਕਦੇ ਸਾਡਾ ਵੀ ਦਿਨ ਆਵੇ...ਤਦ ਤੱਕ ਸਬਰ ਕਰ ਲਉ.. ਕੀ-ਕੀ ਕੀਮਤ ਰੋਜ਼ ਚੁਕਾ ਕੇ ਕਸਬੇ ਵਿੱਚ ਥੋੜ੍ਹਾ ਜਿਹਾ ਆਪਣਾਪਨ...ਥੋੜ੍ਹੀ ਜਿਹੀ ਸਮਾਜਕ ਸੁਰੱਖਿਆ...ਥੋੜ੍ਹਾ ਜਿਹਾ ਆਤਮ ਵਿਸ਼ਵਾਸ਼...ਥੋੜ੍ਹੀ ਜਿਹੀ ਸਹਿਜਤਾ ਉਨ੍ਹਾਂ ਨੇ ਹਾਸਲ ਕੀਤੀ ਸੀ...ਅਤੇ ਕਿੰਨੀ ਵੱਡੀ ਦੌਲਤ ਸਮਝ ਰਹੇ ਸਨ ਉਹ ਇਸਨੂੰ... ਅਤੇ ਲਉ ! ਤਿਲ-ਤਿਲ ਕਰਕੇ ਬਣਾਇਆ ਪਹਾੜ ਇੱਕ ਫੂਕ ਵਿੱਚ ਉੱਡ ਗਿਆ ! ਇੱਕ ਜਾਹਲ ਆਦਮੀ...ਲੇਕਿਨ ਜਾਹਲ ਉਹ ਹੈ ਕਿ ਮੈਂ ? ਇੱਕ ਮਿੰਟ ਭਰ ਵਿੱਚ 'ਕੁਰਬਾਨ ਭਰਾ' ਤੋਂ 'ਮੀਆਂ' ਹੋ ਜਾਊਂਗਾ, ਇਹ ਕਦੇ ਸੋਚਿਆ ਕਿਉਂ ਨਹੀਂ ? ਆਪਣੀ ਮਿਹਨਤ ਦਾ ਖਾਂਦੇ ਹਾਂ। ਫਿਰ ਵੀ ਇਹ ਲੋਕ ਸਾਨੂੰ ਆਪਣੀ ਛਾਤੀ ਦਾ ਬੋਝ ਸਮਝਦੇ

ਹਨ - ਇਹ ਗੱਲ ਕਦੇ ਨਜ਼ਰ ਕਿਉਂ ਨਹੀਂ ਆਈ ?...ਪਾਕਿਸਤਾਨ ਚਲੇ ਜਾਂਦੇ। ਲੱਖ ਗੁਰਬਤ ਬਰਦਾਸ਼ਤ ਕਰ ਲੈਂਦੇ। ਘੱਟ ਤੋਂ ਘੱਟ ਐਨੀ ਹੋਛੀ ਗੱਲ ਤਾਂ ਨਾ ਸੁਨਣੀ ਪੈਂਦੀ। ਛੀ ! ਛੀ ! 'ਧਿਕਾਰ ਐ ! ਲਾਅਨਤ ਐ ਐਸੀ ਜ਼ਿੰਦਗੀ ਦੇ !

ਵਕੀਲ ਊਖਚੰਦ ਗੋਮੇ ਹਾਲੀ ਨੂੰ ਸਮਝਾਉਂਦਾ-ਬੁਝਾਉਂਦਾ ਨਾਲ ਲੈ ਗਿਆ।ਗੱਡਾ ਉੱਥੇ ਹੀ ਛੱਡ ਗਏ।ਆਂਢੀਆਂ-ਗੁਆਂਢੀਆਂ ਨੇ ਕੁਰਬਾਨ ਭਰਾ ਨੂੰ ਸੰਭਾਲਿਆ।ਉਨ੍ਹਾਂ ਨੂੰ ਦੰਦਲ ਪੈ ਗਈ ਸੀ। ਲੋਕਾਂ ਨੇ ਗੱਡਾ ਅਤੇ ਬਲਦ ਹਟਾਏ।ਕੁਰਬਾਨ ਭਰਾ ਨੂੰ ਚਬੂਤਰੇ 'ਤੇ ਲਿਟਾਇਆ। ਹਵਾ ਕੀਤੀ। ਮੂੰਹ 'ਤੇ ਠੰਡੇ ਪਾਣੀ ਦੇ ਛਿੱਟੇ ਮਾਰੇ। ਵਕੀਲ ਊਖਚੰਦ ਨੂੰ ਗਾਲ੍ਹਾਂ ਕੱਢੀਆਂ।ਉਨ੍ਹਾਂ ਨੂੰ ਕੀ ਪਤਾ ਸੀ, ਕਿ ਕੁਰਬਾਨ ਭਰਾ ਦੇ ਅੰਦਰੋਂ ਕੀ ਟੁੱਟ ਗਿਆ ਹੈ ? ਹੁਣੇ ਹੁਣੇ ! ਜੋ ਉਨ੍ਹਾਂ ਨੇ ਏਨੇ ਵਰ੍ਹਿਆਂ ਤੋਂ ਨਹੀਂ ਟੁੱਟਣ ਦਿੱਤਾ ਸੀ।ਆਖਰ ਅੰਦਰ ਦੀ ਸੱਟ ਦਿਸਦੀ ਕਦੋਂ ਹੈ ?

ਲੋਕ ਇਕੱਠੇ ਹੋ ਗਏ। ਸਾਰੇ ਕਸਬੇ ਵਿੱਚ ਖਬਰ ਫੈਲ ਗਈ।ਜਿਸ ਜਿਸ ਨੂੰ ਵੀ ਪਤਾ ਚਲਦਾ ਗਿਆ, ਆਉਂਦਾ ਗਿਆ।ਅਸੀਂ ਵੀ ਪਹੁੰਚ ਗਏ।ਹੁਣ ਜਿੰਨੇ ਮੂੰਹ ਉਨੀਆਂ ਗੱਲਾਂ।ਕਾਫੀ ਦੇਰ ਅੰਦਰਲਾ ਗੁਬਾਰ ਨਿੱਕਲਦਾ ਰਿਹਾ। ਫਿਰ ਇਹ ਤੈਅ ਹੋਇਆ ਕਿ ਇਹ ਬਦਤਮੀਜ਼ੀ ਚੁੱਪਚਾਪ ਬਰਦਾਸ਼ਤ ਨਹੀਂ ਕਰਨੀ ਚਾਹੀਦੀ।ਥਾਣੇ ਰਿਪੋਰਟ ਲਿਖਾਉਣੀ ਚਾਹੀਦੀ ਹੈ।

ਤੇ ਫਿਰ ਇੱਕ ਇਕੱਠ ਥਾਣੇ ਵੱਲ ਚੱਲ ਪਿਆ। ਪਰ ਰਸਤੇ ਵਿੱਚ ਹੀ ਕਿਸੇ ਨੂੰ ਪਿਸ਼ਾਬ ਆ ਗਿਆ, ਕਿਸੇ ਨੂੰ ਕੋਈ ਹੋਰ ਹਾਜ਼ਤ ਹੋ ਗਈ।ਪਹੁੰਚਦੇ-ਪਹੁੰਚਦੇ ਸਿਰਫ ਅਸੀਂ ਗਿਣਤੀ ਦੇ ਲੋਕ ਹੀ ਰਹਿ ਗਏ ਕੁਰਬਾਨ ਭਰਾ ਨਾਲ।

ਥਾਣੇਦਾਰ ਉੱਥੇ ਨਹੀਂ ਸੀ। ਮੁਨਸ਼ੀ ਉੱਥੇ ਹੀ ਸੀ। ਉਸ ਨੇ ਰਿਪੋਰਟ ਲਿਖਣ ਤੋਂ ਨਾਂਹ ਕਰ ਦਿੱਤੀ। ਕਰਦਾ ਵੀ ਕਿਉਂ ਨਾ ? ਥਾਣੇਦਾਰ ਕੋਲ ਪਹਿਲਾਂ ਹੀ ਵਕੀਲ ਊਖਚੰਦ ਦਾ ਟੈਲੀਫੋਨ ਆ ਚੁੱਕਿਆ ਸੀ। ਵਕੀਲ ਊਖਚੰਦ ਸੱਤਾਧਾਰੀ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਸੀ।ਕੁਰਬਾਨ ਭਰਾ ਕੌਣ ਹੁੰਦਾ ਸੀ ? ਅਸੀਂ ਲੋਕ ਕੌਣ ਹੁੰਦੇ ਸਾਂ ? ਅੱਧੇ ਘੰਟੇ ਦੀ ਮਗਜ਼ਪੱਚੀ ਅਤੇ ਡੇਢ ਘੰਟਾ ਥਾਣੇਦਾਰ ਦੀ ਉਡੀਕ ਕਰਨ ਤੋਂ ਬਾਅਦ ਅਸੀਂ ਮੂੰਹ ਲਟਕਾ ਕੇ ਪਰਤ ਆਏ।ਕੁਰਬਾਨ ਭਰਾ ਨੂੰ ਕਿਹਾ - ਸ਼ਾਮ ਨੂੰ ਫਿਰ ਆਵਾਂਗੇ।ਸ਼ਾਮ ਨੂੰ ਸਾਡੇ ਤੋਂ ਬਿਨਾਂ ਦੁਕਾਨ 'ਤੇ ਕੋਈ ਨਾ ਪਹੁੰਚਿਆ।ਅਤੇ ਉਹਨਾਂ ਨੇ ਸਾਡੇ ਨਾਲ ਥਾਣੇ ਚੱਲਣ ਦਾ ਭੋਰਾ ਵੀ ਉਤਸ਼ਾਹ ਨਹੀਂ ਵਖਾਇਆ।

ਇਕ ਅਪਰਾਧ- ਬੋਧ ਅਧੀਨ ਅਸੀਂ ਵੀ ਉਹਨਾਂ ਤੋਂ ਟਲਣ ਲੱਗੇ।...ਸਾਨੂੰ ਲੱਗ ਰਿਹਾ ਸੀ... ਸਾਡੇ ਦੋਸਤ 'ਤੇ ਹਮਲਾ ਹੋਇਆ ਹੈ, ਅਤੇ ਅਸੀਂ ਕੁੱਝ ਨਾ ਕਰ ਸਕੇ, ਉਸਦੇ ਕਿਸੇ ਕੰਮ ਨਾ ਆ ਸਕੇ। ਇਹ ਵੀ ਲੱਗ ਰਿਹਾ ਸੀ ਕਿ ਜ਼ਿਆਦਾ ਉਤਸ਼ਾਹ ਦਿਖਾਇਆ ਤਾਂ ਉਹਨਾਂ ਦੇ ਵਾਸਤੇ ਹੋਰ ਮੁਸੀਬਤਾਂ ਖੜ੍ਹੀਆਂ ਹੋ ਜਾਣਗੀਆਂ, ਤੇ ਅਸੀਂ ਕੁੱਝ ਨਹੀਂ ਕਰ ਪਾਵਾਂਗੇ।ਇਹ ਵੀ ਲੱਗ ਰਿਹਾ ਸੀ ਕਿ ਜੋ ਹੋਇਆ ਹੈ ਉਸ ਵਿੱਚ ਪੁਲੀਸ ਦੇ ਦਖਲ ਤੇ ਸਹਾਇਤਾ ਦੀ ਆਸ ਬੇਕਾਰ ਹੈ।ਇਸਦਾ ਮੁਕਾਬਲਾ ਰਾਜਨੀਤਕ ਪੱਧਰ 'ਤੇ ਹੀ ਕੀਤਾ ਜਾ ਸਕਦਾ ਹੈ, ਜੀਹਦੇ ਵਾਸਤੇ ਜਲਦੀ ਤੋਂ ਜਲਦੀ ਆਪਣੀ ਤਾਕਤ ਵਧਾਉਣੀ ਚਾਹੀਦੀ ਹੈ, ਪੰਜ ਤੋਂ ਪੰਜਾਹ ਹੋ ਜਾਣਾ ਚਾਹੀਦਾ ਹੈ।

ਪਰ ਇਹ ਸਭ ਬਹਾਨੇਬਾਜ਼ੀ ਸੀ।ਸੱਚ ਇਹ ਹੀ ਹੈ ਕਿ ਉਹਨਾਂ ਨੂੰ ਇੱਕਦਮ ਇਕੱਲਾ ਛੱਡ ਦਿੱਤਾ ਗਿਆ ਸੀ। ਸ਼ਾਇਦ ਅਸੀਂ ਉਸਦੀ ਤਕਲੀਫ ਨੂੰ ਵੰਡਾ ਹੀ ਨਹੀਂ ਸਕਦੇ ਸੀ, ਪਰ ਸਾਨੂੰ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਸੀ।

ਕੁਰਬਾਨ ਭਰਾ ਦੀ ਦੁਕਾਨ 'ਤੇ ਕਈ ਦਿਨ ਪਹਿਲਾਂ ਵਰਗਾ ਰੰਗ ਨਾ ਬੱਝਿਆ।ਉਹ ਬੁਝੇ ਬੁਝੇ ਰਹਿਣ ਲੱਗੇ, ਬਹੁਤ ਘੱਟ ਬੋਲਦੇ। ਉਹ ਘੁਟ ਰਹੇ ਸਨ ..ਅਤੇ ਅੰਦਰੋਂ ਅੰਦਰੀਂ ਘੁਲ ਰਹੇ ਸਨ। ਪਰ ਖੁੱਲ੍ਹ ਨਹੀਂ ਰਹੇ ਸਨ। ਜਾਂ ਸ਼ਾਇਦ ਅਸੀਂ ਉਨ੍ਹਾਂ ਨੂੰ ਨਹੀਂ ਖੋਹਲ ਪਾਏ। ਇੱਕ ਦਿਨ ਜਦੋਂ ਮੈਂ ਪਹੁੰਚਿਆ, ਮੇਰੇ ਵੱਲ ਉਨ੍ਹਾਂ ਦੀ ਪਿੱਠ ਸੀ, ਕਿਸੇ ਨੂੰ ਕਹਿ ਰਹੇ ਸਨ- ਤੁਸੀਂ ਕੀ ਸੁਆਹ ਇਤਿਹਾਸ ਪੜ੍ਹਾਉਂਦੇ ਹੋ ? ਕਹਿ ਰਹੇ ਹੋ ਕਿ ਪਾਰਟੀਸ਼ਨ (ਵੰਡ) ਹੋਈ ਸੀ। ਹੋਈ ਨਹੀਂ ਜਨਾਬ, ਹੋ ਰਹੀ ਹੈ, ਜਾਰੀ ਹੈ...ਅਤੇ ਮੈਨੂੰ ਦੇਖਦਿਆਂ ਹੀ ਚੁੱਪ ਹੋਕੇ ਕੰਮ ਵਿੱਚ ਲੱਗ ਗਏ।

ਇਸ ਕਹਾਣੀ ਦਾ ਅੰਤ ਚੰਗਾ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਨਾ ਪੜ੍ਹੋਂ। ਅਤੇ ਜੇ ਪੜ੍ਹੋਂ ਤਾਂ ਇਹ ਜ਼ਰੂਰ ਸੋਚੋਂ ਕਿ ਕੀ ਇਸਦਾ ਕੋਈ ਹੋਰ ਅੰਤ ਵੀ ਹੋ ਸਕਦਾ ਸੀ ? ਕੋਈ ਚੰਗਾ ਅੰਤ ? ਹੋ ਸਕਦਾ ਸੀ ਤਾਂ ਕਿਵੇਂ ?

ਗੱਲ ਬਸ ਏਨੀ ਕੁ ਬਚੀ ਹੈ ਕਿ ਕਈ ਦਿਨਾਂ ਬਾਅਦ ਜਦੋਂ ਇੱਕ ਦੁਪਿਹਰੇ ਮੈਂ ਆਜ਼ਾਦ ਚੌਂਕ ਵਿੱਚੋਂ ਲੰਘ ਰਿਹਾ ਸੀ- ਜੀਹਦਾ ਨਾਂ ਹੁਣ ਸੰਜੇ ਚੌਂਕ ਕਰ ਦਿੱਤਾ ਗਿਆ ਸੀ-ਅਤੇ ਹਾਂ, ਉਹ ਸ਼ੁੱਕਰਵਾਰ ਦਾ ਦਿਨ ਸੀ, ਮੈਂ ਦੇਖਿਆ ਕਿ ਕੁਰਬਾਨ ਭਰਾ ਦੀ ਦੁਕਾਨ ਦੇ ਸਾਹਮਣੇ ਲਤੀਫ ਭਾਈ ਖੜੇ ਹਨ...।ਅਤੇ ਕੁਰਬਾਨ ਭਰਾ ਦੁਕਾਨ ਨੂੰ ਤਾਲਾ ਲਗਾ ਰਹੇ ਹਨ।...ਅਤੇ ਉਨ੍ਹਾਂ ਨੇ ਮੁਸਲਮਾਨੀ ਟੋਪੀ ਲੈ ਰੱਖੀ ਹੈ।...ਅਤੇ ਫਿਰ ਦੋਵੇਂ ਮਸਜਿਦ ਵੱਲ ਨੂੰ ਚੱਲ ਪੈਂਦੇ ਹਨ।

**ਪੰਜਾਬੀ ਅਨੁਵਾਦ : ਜਸਵੰਤ ਮੋਹਾਲੀ**

**98555-30721**

ਪੈੜਾਂ ਸਿਤਾਰੇ ਚੰਦ ਤੇਰੇ ਨੇ ਤੇ ਸੂਰਜ ਵਿੱਚ ਵੀ ਹਿੱਸਾ ਹੈ,

## ਮੁਹਾਰਤ



20ਵੀਂ ਸਦੀ ਦੇ ਪ੍ਰਸਿੱਧ ਮਨੋਰੋਗ-ਵਿਗਿਆਨੀ ਵਿਕਟਰ ਫਰੈਂਕਲ ਨੂੰ ਅੱਧੀ ਰਾਤ ਕਿਸੇ ਅਣਜਾਣੀ ਔਰਤ ਨੇ ਫੋਨ ਕਰ ਕੇ ਦੱਸਿਆ ਕਿ ਉਹ ਖ਼ੁਦਕੁਸ਼ੀ ਕਰਨ ਲੱਗੀ ਹੈ। ਵਿਕਟਰ ਨੇ ਉਹਨੂੰ ਗੱਲੀਂ ਲਾ ਲਿਆ ਤੇ ਇਕ ਇਕ ਕਰ ਕੇ ਉਹ ਕਾਰਣ ਦਸਦਾ ਰਿਹਾ ਜਿਨ੍ਹਾਂ ਸਦਕਾ ਉਹਨੂੰ ਜਿਉਣਾ ਚਾਹੀਦਾ ਹੈ।

ਫੇਰ ਇਕ ਵਾਰ ਉਹ ਔਰਤ ਵਿਕਟਰ ਨੂੰ ਮਿਲੀ ਤਾਂ ਉਸਨੇ ਪੁੱਛਿਆ, "ਤੁਹਾਨੂੰ ਮੇਰੇ ਦੱਸੇ ਕਿਸ ਕਾਰਣ ਨੇ ਜਿਉਂਦੇ ਰਹਿਣ ਲਈ ਪ੍ਰੇਰਿਆ?"

ਉਹ ਬੜੀ ਸਹਿਜਤਾ ਨਾਲ ਬੋਲੀ, "ਉਹਨਾਂ ਵਿਚੋਂ ਕਿਸੇ ਕਾਰਣ ਨੇ ਵੀ ਨਹੀਂ!"

ਵਿਕਟਰ ਹੈਰਾਨ ਹੋਇਆ, "ਫੇਰ?"

ਉਹ ਕਹਿੰਦੀ, "ਤੁਹਾਡੇ ਨਾਲ ਗੱਲਾਂ ਕਰਨ ਪਿੱਛੋਂ ਮੈਂ ਸੋਚਿਆ, ਏਡੀ ਵੱਡੀ ਦੁਨੀਆਂ ਵਿਚ ਜੇ ਇਕ ਵੀ ਬੰਦਾ ਅਜਿਹਾ ਹੈ ਜੋ ਅੱਧੀ ਰਾਤੀਂ ਮੇਰੀ ਗੱਲ ਧਿਆਨ ਨਾਲ ਸੁਣ ਸਕਦਾ ਹੈ ਤਾਂ ਇਸ ਦੁਨੀਆਂ ਵਿਚ ਜੀਵਿਆ ਜਾ ਸਕਦਾ ਹੈ!"

**ਪੁਨਰ-ਕਥਨ: ਗੁਰਬਚਨ ਸਿੰਘ ਭੁੱਲਰ**

## ਅੱਖਾਂ ਖੋਲ੍ਹ



ਮਸਜਿਦ ਵਿਚ ਅਜ਼ਾਨ ਹੋ ਰਹੀ ਮੰਦਰ ਕੋਲ,
ਮੰਦਰ ਵਿਚ ਵੀ ਖੜਕ ਰਹੇ ਨੇ ਟੱਲ ਅਡੋਲ।
ਪਾਠੀ ਬਾਣੀ ਪੜ੍ਹ ਰਿਹੈ ਸੁਣ ਰਹੇ ਨੇ ਬੋਲ,
ਜਗਰਾਤੇ ਦੇ ਭੋਗ ਦਾ ਵੱਜ ਰਿਹਾ ਹੈ ਢੋਲ।
'ਦਿਲਬਰ' ਬਾਪੂ, ਸੁੱਤੇ ਨੂੰ ਮੈਨੂੰ ਆਖੇ ਉੱਠ,
ਪੁੱਤ! 'ਲੋਕਾਂ ਹੱਟੀਆਂ ਖੋਲ੍ਹ ਲਈਆਂ' ਤੂੰ ਅੱਖਾਂ ਖੋਲ੍ਹ।"

**ਹਰੀ ਸਿੰਘ ਦਿਲਬਰ**

"ਹਰ ਵਾਧੂ ਚੀਜ, ਬੇਲੋੜੇ ਲਫ਼ਜ਼ ਤੇ ਚਗਲ੍ਹੇ ਹੋਏ ਮੁਹਾਵਰੇ ਕੱਢ ਸੁੱਟੋ ਤੇ ਹਰ ਫਿਕਰੇ ਨੂੰ ਸੰਗੀਤਕ ਬਣਾਉਣ ਦਾ ਯਤਨ ਕਰੋ।" -ਚੈਖ਼ੋਵ

## ਲੇਖਕ ਦੀ ਮਹਾਨਤਾ

ਜਾਰਜ ਬਰਨਾਅਡ ਸ਼ਾਹ ਇੱਕ ਵਾਰ ਕਿਸੇ ਸੜਕ ਤੋਂ ਲੰਘ ਰਿਹਾ ਸੀ। ਅਚਾਨਕ, ਫੁੱਟਪਾਥ 'ਤੇ ਲੱਗੇ ਕਿਤਾਬਾਂ ਦੇ ਠੇਲ੍ਹੇ ਵੱਲ ਧਿਆਨ ਗਿਆ। ਇਹ ਕਿਤਾਬਾਂ ਦੇ ਢੇਰ 'ਤੇ ਪਈ ਉਸੇ ਦੀ ਹੀ ਕੋਈ ਕਿਤਾਬ ਸੀ। ਖੁਸੀ ਤੇ ਹੈਰਾਨੀ ਰਲੀ ਉਤਸੁਕਤਾ ਨਾਲ ਸੋਚਿਆ ਤੇ ਕਿਤਾਬ ਚੁੱਕੀ ਕਿ, ਉਸ ਕਿਤਾਬ ਦੇ ਇਸ ਫੁੱਟਪਾਥ 'ਤੇ ਲੱਗੇ ਕਿਤਾਬਾਂ ਦੇ ਠੇਲ੍ਹੇ ਤੱਕ ਆਉਣ ਦਾ ਰਸਤਾ ਕੀ ਰਿਹਾ ਹੋਣਾ? ਕਿਤਾਬ ਫਰੋਲੀ ਤਾਂ ਦੇਖਿਆ ਕਿ ਇਹ ਕਿਤਾਬ ਤਾਂ ਕਿੰਨਾ ਹੀ ਸਮਾਂ ਪਹਿਲਾਂ ਆਪਣੇ ਇੱਕ ਦੋਸਤ ਨੂੰ ਦਸਤਖ਼ਤ ਕਰਕੇ ਪਿਆਰ ਸਹਿਤ ਭੇਂਟ ਕੀਤੀ ਸੀ। ਸਾਹ ਨੇ ਕਿਤਾਬ ਖਰੀਦੀ।

ਘਰ ਪਹੁੰਚ ਕੇ ਪੁਸਤਕ ਚੰਗੀ ਤਰ੍ਹਾਂ ਸਾਫ ਕੀਤੀ। ਪਹਿਲਾਂ ਲਿਖੇ 'ਪਿਆਰ ਸਹਿਤ' ਦੇ ਥੱਲੇ "ਤੈਨੂੰ ਇੱਕ ਵਾਰ ਫੇਰ ਪਿਆਰ ਸਹਿਤ ਦੋਸਤ" ਲਿਖਿਆ, ਦਸਤਖ਼ਤ ਕੀਤੇ ਤੇ ਉਸੇ ਨੂੰ ਦੁਬਾਰਾ ਭੇਜ ਦਿੱਤਾ।

## ਬਰਾਬਰੀ ਦੀ ਘੁੰਡੀ

**ਜੋਤਿਸ਼ ਹੈਰਾਨ :**

1. ਕਿ ਕੋਰੋਨਾ ਨੇ 12 ਰਾਸ਼ੀਆਂ ਵਿੱਚ ਵੰਡੇ ਲੋਕਾਂ ਦੀ "ਕਿਸਮਤ ਇੱਕੋ ਜਿਹੀ" ਕਿਵੇਂ ਬਣਾ ਦਿੱਤੀ ?
2. ਕਿ ਜੋਤਿਸ਼ ਦੁਆਰਾ ਦੱਸਿਆ ਜਾਂਦਾ, ਗ੍ਰਹਿਆਂ ਦਾ ਅਲੱਗ-ਅਲੱਗ ਪ੍ਰਭਾਵ, ਕਿੱਥੇ ਗਿਆ ?

**ਧਰਮ ਹੈਰਾਨ :**

ਕਿ ਕੋਰੋਨਾ ਦੀ ਨਜਰ ਵਿੱਚ ਸਾਰੇ ਧਰਮ ਬਰਾਬਰ ਕਿਵੇਂ ਹੋ ਗਏ?

**ਕੌਮ-ਜਾਤ ਦੇ ਠੇਕੇਦਾਰ ਹੈਰਾਨ :**

ਕਿ ਮਨੁੱਖਾਂ ਦੁਆਰਾ ਬਣਾਈਆਂ ਅਖੌਤੀ ਕੌਮਾਂ, ਜਾਤਾਂ, ਸਭ ਬਰਾਬਰ ਕਿਵੇਂ ਹੋ ਗਈਆਂ?

**ਸਰਮਾਏਦਾਰ ਹੈਰਾਨ:**

ਕਿ ਕੋਰੋਨਾ ਨੇ ਧਨਾਢਾਂ ਨੂੰ ਵੀ "ਕੁੱਲੀ ਵਾਲਿਆਂ" ਦੇ ਬਰਾਬਰ ਹੀ ਕਿਵੇਂ ਸਮਝ ਲਿਆ ?

**ਸਿੱਟਾ: ਸਮਝਦਾਰਾਂ ਨੂੰ ਤਾਂ ਸਮਝ ਆ ਹੀ ਗਿਆ ਹੋਵੇਗਾ।**

**ਡਾ. ਅਵਤਾਰ ਸਿੰਘ ਢੀਂਡਸਾ**

## ਤੇਰੇ ਹਿੱਸੇ ਦੇ ਅੰਬਰ ਨੂੰ ਕੋਈ ਆ ਸੰਨ੍ਹ ਕਿਉਂ ਲਾਵੇ ।...ਸੁਰਿੰਦਰ ਗੀਤ

## ਮੇਰਾ ਅਧਿਆਪਕ



ਤੁਰਕੀ ਦੇ ਜਹਾਜ਼ ਨੇ ਜਿਉਂ ਹੀ ਉਡਾਣ ਭਰੀ ਤਾਂ ਮੁਸਾਫ਼ਰਾਂ ਨੇ ਪਹਿਲੀ ਅਨਾਊਸਮੈਂਟ ਸੁਣੀ। ਹੁਣ ਪਾਇਲਟ ਤੁਹਾਡੇ ਨਾਲ ਗੱਲ ਕਰਨਗੇ। ਸਤਿਕਾਰਤ ਯਾਤਰੀਉ, ਮੈਂ ਇਸ ਜਹਾਜ ਦਾ ਕਪਤਾਨ ਬੋਲ ਰਿਹਾਂ। ਅੱਜ ਦੇ ਦਿਨ ਦੀ ਖੁਸ਼ੀ ਤੁਹਾਡੇ ਸਾਰਿਆਂ ਨਾਲ ਸਾਂਝੀ ਕਰ ਰਿਹਾਂ। ਮੇਰੇ ਲਈ ਅੱਜ ਦਾ ਦਿਨ ਬਹੁਤ ਖਾਸ ਹੈ ਕਿਉਂਕਿ ਅੱਜ ਜਹਾਜ 'ਚ ਤੁਹਾਡੇ ਨਾਲ ਇਕ ਬਹੁਤ ਖਾਸ ਇਨਸਾਨ ਸਫਰ ਕਰ ਰਹੇ ਨੇ। ਜਿਨ੍ਹਾਂ ਕਰਕੇ ਅੱਜ ਮੈਂ ਪਾਇਲਟ ਹਾਂ ਤੇ ਤੁਹਾਡੀ ਸੇਵਾ ਕਰ ਰਿਹਾਂ। ਉਹ ਮੇਰੇ ਮਾਣਯੋਗ ਅਧਿਆਪਕ ਹਨ। ਯਾਤਰੀਆਂ ਦੀਆਂ ਨਜ਼ਰਾਂ ਉਸ ਅਧਿਆਪਕ ਨੂੰ ਢੂੰਡਣ ਲੱਗੀਆਂ। ਕੁਸ਼ ਹੀ ਪਲਾਂ ਵਿੱਚ ਜਹਾਜ਼ ਦੇ ਕਰਮੀ ਫੁੱਲਾਂ ਦਾ ਗੁਦਲਸਤਾ ਲੈ ਅਧਿਆਪਕ ਕੋਲ ਆ ਪਹੁੰਚੇ। ਗੁਲਦਸਤਾ ਅਧਿਆਪਕ ਦੇ ਹੱਥਾਂ ਵਿੱਚ ਸੀ ਤੇ ਜਹਾਜ਼ ਵਿੱਚ ਤਾੜੀਆਂ ਦੀ ਮਿੱਠੀ ਗੂੰਜ ਮਹਿਕ ਵਾਂਗ ਪਸਰ ਰਹੀ ਸੀ। ਕੀ ਤੁਸੀਂ ਜ਼ਿੰਦਗੀ ਦੇ ਸਹੀ ਅਰਥ ਦਸਦੇ ਅਜਿਹੇ ਰੋਲ ਮਾਡਲ (ਪਹਿਲੇ ਅਧਿਆਪਕ ਦੇ ਦੂਈਸ਼ੇਨ ਵਾਂਗ) ਬਣਨਾ ਚਾਹੋਗੇ? ਜਿਨ੍ਹਾਂ ਦੀ ਸਾਡੇ ਸਮਾਜ ਨੂੰ ਬਹੁਤ ਲੋੜ ਹੈ।

## ਦਾਤੇ

ਲੌਕ ਡਾਊਨ ਵਿੱਚ ਜ਼ਿੰਦਗੀ ਰੁਕ ਗਈ ਜਾਪਦੀ ਸੀ। ਨ੍ਹੇਰ ਸਵੇਰੇ ਲੋਕ ਬਾਹਰ ਨਿਕਲਦੇ। ਧਾਰਮਿਕ ਸਥਾਨ ਵੀ ਮਜਬੂਰੀ ਵਿੱਚ ਬੰਦ ਸੀ। ਸ਼ਰਧਾਲੂਆਂ ਤੋਂ ਬਿਨਾਂ ਪੁਜਾਰੀ ਦੀ ਹਾਲਤ ਬੇਵੱਸ ਬਾਪ ਵਰਗੀ ਸੀ। ਉਹ ਆਪਣੇ ਨੇੜਲੇ ਘਰਾਂ ਦੇ ਸਹਿਯੋਗ ਨਾਲ ਘਰ ਦਾ ਖਰਚਾ ਤੋਰਦਾ ਰਿਹਾ। ਸਰਕਾਰੀ ਹੁਕਮਾਂ ਤੇ ਜਦ ਕਰਫ਼ਿਊ ਤੋਂ ਛੋਟ ਮਿਲੀ ਤਾਂ ਉਸਨੂੰ ਸੁਖ ਦਾ ਸਾਹ ਆਇਆ। ਧਾਰਮਿਕ ਸਥਾਨ ਦੇ ਬਾਹਰ ਖੜ੍ਹੇ ਸ਼ਰਧਾਲੂਆਂ ਨੂੰ ਉਹ ਇਹ ਆਖ ਕੇ ਹੌਂਸਲਾ ਦੇਣ ਲੱਗਾ, ਬਈ ਦਾਤੇ ਨੂੰ ਸਭ ਦਾ ਫ਼ਿਕਰ ਏ, ਔਖੇ ਵੇਲੇ ਉਹੀ ਬਾਂਹ ਫੜ੍ਹਦਾ ਹੈ। ਇੱਕ ਨੌਜਵਾਨ ਬੋਲਿਆ, ਪੁਜਾਰੀ ਜੀ, ਮੇਰੀ ਗੱਲ ਦਾ ਗੁੱਸਾ ਨਾ ਕਰਿਓ। ਤੁਸੀ ਸਾਡੀ ਤਾਂ ਛੱਡੋ, ਔਖੀ ਘੜੀ ਤੁਹਾਡੇ ਕੰਮ ਕੌਣ ਆਇਆ ਭਲਾ? ਜੇ ਖੇਤਾਂ ਦੇ ਪੁੱਤਰ ਤੇ ਸਮਾਜ ਦਾ ਭਲਾ ਚਾਹੁਣ ਵਾਲੇ ਹੋਰ ਲੋਕ ਦਾਤੇ ਬਣ ਅੱਗੇ ਨਾ ਆਉਂਦੇ ਤਾਂ ਸਾਡਾ ਕੀ ਬਣਦਾ? ਪੁਜਾਰੀ ਨਿਰਉੱਤਰ ਨੌਜਵਾਨ ਨੂੰ ਘੂਰ ਰਿਹਾ ਸੀ।

## ਅਧਿਐਨ ਕਿਵੇਂ ਕਰੀਏ ?

ਇਤਿਹਾਸ ਦੇ ਸਹੀ ਅਧਿਐਨ ਬਾਰੇ ਜਾਣਕਾਰੀ ਬਹੁਤ ਜਰੂਰੀ ਹੈ। ਇਹ ਉਸ ਤਿੱਖੇ ਬਲੇਡ ਜਿਹਾ ਹੁੰਦਾ ਹੈ, ਜਿਸਦੀ ਸੁਹੱਪਣ ਲਈ ਸਹੀ ਵਰਤੋਂ ਹੋ ਸਕਦੀ ਹੈ ਪਰ ਦੁਰਵਰਤੋਂ ਲਹੂ ਲੁਹਾਣ ਕਰ ਸਕਦੀ ਹੈ। ਸਾਰੇ ਪੁਜਾਰੀ, ਸਵਾਰਥੀ ਰਾਜਨੀਤਿਕ ਲੋਕ, ਫਿਰਕਾਪ੍ਰਸਤ, ਅੰਧ ਰਾਸ਼ਟਰੀਏ ਆਦਿ ਇਸਦੀ ਦੁਰਵਰਤੋਂ ਕਰਕੇ ਛੋਟੇ/ਵੱਡਿਆਂ ਨੂੰ ਫਿਰਕਾਪ੍ਰਸਤ/ਅੰਧਵਿਸ਼ਵਾਸੀ ਬਣਾਉਂਦੇ ਹਨ।



ਇਸ ਵਿੱਚ ਇਖ਼ਲਾਕ ਨੂੰ ਬਣਾਉਣ ਤੇ ਵਿਗਾੜਨ ਦੀ ਐਨੀ ਸ਼ਕਤੀ ਹੈ ਕਿ ਇਹ ਤੁਹਾਡੇ ਲਈ ਵਰਦਾਨ ਵੀ ਬਣ ਸਕਦਾ ਹੈ ਤੇ ਸਰਾਪ ਵੀ।

**ਲਾਲਾ ਹਰਦਿਆਲ**

## ਨਸ਼ਤਰਾਂ

ਕਿਸੇ ਕੰਮ ਨਾ ਡਿਗਰੀਆਂ ਆਈਆਂ,
ਝੋਨਾ ਲਾਉਣਾ ਪੈ ਗਿਆ ਹਾਕਮਾ।
***
ਪਾਕਿਸਤਾਨ ਨੂੰ ਖੰਘਣ ਨਹੀਂ ਦੇਣਾ,
ਚੀਨ ਮੂਹਰੇ ਹੱਥ ਜੋੜ ਗਏ।
***
ਚੌਕੀਦਾਰ ਦੀ ਚਲਾਕੀ ਸਮਝੋ,
ਹੱਥਾਂ ਚ ਫੜ੍ਹ ਮੋਮਬੱਤੀਆਂ।
***
ਹੱਥ ਮੂਰਤੀ ਤੇ ਘੰਟੀ ਨੂੰ ਨਾ ਲਾਇਓ,
ਚੜ੍ਹਾਵਾ ਜਿੰਨਾ ਚਾੜ੍ਹੋ ਮਰਜ਼ੀ।
***
ਆਓ ਭਰੀਏ ਖਜ਼ਾਨਾ ਖ਼ਾਲੀ,
ਲੋਕਾਂ ਦੇ ਚਲਾਨ ਕੱਟ ਕੇ।
***



ਜਾਤਾਂ, ਧਰਮਾਂ ਦੀ ਕੰਧ ਓਹਲੇ ਢਕਿਆ,
ਹਾਕਮਾਂ ਵਿਕਾਸ ਦਾ ਮੁੱਦਾ।

**ਜਗਸੀਰ ਜੀਦਾ** (94173-33203)

# ਪਾਣੀ



ਸੋਪਾਨ ਜੋਸ਼ੀ

ਪਾਣੀ ਬਾਰੇ ਸਭ ਤੋਂ ਜਰੂਰੀ ਜੋ ਗੱਲ ਹੈ ਉਹ ਹਰ ਸਧਾਰਨ ਭਾਰਤੀ ਜਾਣਦਾ ਸੀ ਅਤੇ ਹਰੇਕ ਸਿਆਣਾ ਵਿਗਿਆਨੀ ਵੀ ਜਾਣਦਾ ਹੈ ਕਿ ਪਾਣੀ ਬਣਾਇਆ ਨਹੀਂ ਜਾ ਸਕਦਾ। ਅੱਜ ਵਿਗਿਆਨ ਨੇ ਕਲਪਨਾ ਤੋਂ ਵੀ ਪਰ੍ਹੇ ਦੀ ਤਰੱਕੀ ਕਰ ਲਈ ਹੈ। ਅਸੀਂ ਅਣੂ ਦੇ ਅੰਦਰ ਪ੍ਰਮਾਣੂ ਨੂੰ ਭੇਦ ਕੇ ਉਸ ਤੋਂ ਊਰਜਾ ਪ੍ਰਾਪਤ ਕਰ ਲੈਂਦੇ ਹਾਂ। ਤਰ੍ਹਾਂ ਤਰ੍ਹਾਂ ਦੇ ਰਸਾਇਣ ਤਾਂ ਬਣ ਹੀ ਚੁੱਕੇ ਹਨ। ਪ੍ਰਯੋਗਸ਼ਾਲਾ ਵਿੱਚ ਇਸ ਤਰ੍ਹਾਂ ਦੇ ਤੱਤ ਵੀ ਬਣਾ ਲਏ ਹਨ ਜਿਹੜੇ ਕੁਦਰਤ ਵਿੱਚ ਮਿਲਦੇ ਹੀ ਨਹੀਂ ਹਨ। ਇਸ ਸਭ ਦੇ ਬਾਵਜੂਦ ਅਸੀਂ ਪਾਣੀ ਨਹੀਂ ਬਣਾ ਸਕਦੇ। ਪਾਣੀ ਦਾ ਰਸਾਇਣਿਕ ਸੁਭਾਅ ਬੱਚਿਆਂ ਨੂੰ ਪਤਾ ਹੁੰਦਾ ਹੈ। ਇੱਕ ਕਣ ਆਕਸੀਜਨ ਅਤੇ ਦੋ ਕਣ ਹਾਈਡ੍ਰੋਜਨ ਦੇ ($H_2O$)। ਦੋਵੇਂ ਹੀ ਤੱਤ ਵੱਡੀ ਮਾਤਰਾ ਵਿੱਚ ਉਪਲੱਬਧ ਹਨ। ਸਾਡੇ ਬ੍ਰਹਿਮੰਡ ਦਾ ਤਿੰਨ ਚੌਥਾਈ ਹਿੱਸਾ (75%) ਹਾਈਡ੍ਰੋਜਨ ਦਾ ਬਣਿਆ ਹੋਇਆ ਹੈ। ਆਕਸੀਜਨ ਤੀਜਾ ਸਭ ਤੋਂ ਵੱਧ ਪਾਇਆ ਜਾਣ ਵਾਲਾ ਪਦਾਰਥ ਹੈ। ਪਾਣੀ ਬਣਾਉਣ ਦਾ ਕੱਚਾ ਮਾਲ ਵੱਡੀ ਮਾਤਰਾ ਹਰ ਪਾਸੇ ਉਪਲਬਧ ਹੈ। ਸ਼ੁੱਧ ਪਾਣੀ ਦੀ ਘਾਟ ਕਾਰਨ ਪਾਣੀ ਦਾ ਵੱਡਾ ਬਜਾਰ ਬਣ ਗਿਆ ਹੈ, ਜਿੱਥੇ ਪਾਣੀ ਪੈਟਰੋਲ ਤੋਂ ਮਹਿੰਗਾ ਵਿਕ ਰਿਹਾ ਹੈ। ਫਿਰ ਆਕਸੀਜਨ ਅਤੇ ਹਾਈਡ੍ਰੋਜਨ ਮਿਲਾ ਕੇ ਪਾਣੀ ਬਣਾਉਣ ਵਾਲਾ ਉਦਯੋਗ ਹੋਂਦ ਵਿੱਚ ਕਿਉਂ ਨਹੀਂ ਆਇਆ? ਕਿਉਂਕਿ ਸਿਰਫ ਦੋਵੇਂ ਤੱਤ ਮਿਲਾਉਣ ਨਾਲ ਕੰਮ ਨਹੀਂ ਚੱਲਦਾ। ਇਹਦੇ ਲਈ ਬਹੁਤ ਸਾਰੀ ਵਿਸਫੋਟਕ ਊਰਜਾ ਚਾਹੀਦੀ ਹੁੰਦੀ ਹੈ। ਇਹਨੇ ਵੱਡੇ ਵਿਸਫੋਟ ਕਰਨ ਨਾਲ ਬਹੁਤ ਨੁਕਸਾਨ ਹੁੰਦਾ ਹੈ। ਇਸ ਲਈ ਬਹੁਤ ਸਾਰੇ ਪ੍ਰਯੋਗ ਕਰਨ ਦੇ ਬਾਵਜੂਦ ਪਾਣੀ ਉਤਪਾਦਨ ਦਾ ਉਦਯੋਗ ਖੜਾ ਨਹੀਂ ਕੀਤਾ ਜਾ ਸਕਿਆ।

ਪੁਲਾੜ ਵਿੱਚ ਵੱਡੇ-ਵੱਡੇ ਤਾਰਿਆਂ ਦੇ ਗਰਭ ਵਿੱਚ ਏਨੀ ਊਰਜਾ ਹੁੰਦੀ ਹੈ ਕਿ ਉਸਦੀ ਗਣਨਾ ਕਰਨਾ ਤਾਂ ਕੀ ਵਿਗਿਆਨੀ ਉਸਦੀ ਕਲਪਨਾ ਵੀ ਨਹੀਂ ਕਰ ਸਕਦੇ। ਪੁਲਾੜ ਦੇ ਵਡ-ਅਕਾਰ ਤਾਰਿਆਂ ਦੀ ਤੁਲਨਾ ਵਿੱਚ ਸਾਡਾ ਸੂਰਜ ਇੱਕ ਛੋਟਾ ਜਿਹਾ ਤਾਰਾ ਹੈ। ਫਿਰ ਵੀ ਇਹ ਦਿਨ ਵਿੱਚ ਏਨੀ ਊਰਜਾ ਛੱਡਦਾ ਹੈ ਜਿੰਨੀ ਬਿਜਲੀ ਕੁੱਲ ਦੁਨੀਆਂ ਵਿੱਚ ਅਸੀਂ ਸਾਰੇ ਸਾਲ ਵਿੱਚ ਨਹੀਂ ਬਣਾ ਸਕਦੇ। ਇਸ ਤਰ੍ਹਾਂ ਦੀ ਊਰਜਾ ਨੇ ਪੁਲਾੜ ਵਿੱਚ ਹਾਈਡ੍ਰੋਜਨ ਤੇ ਆਕਸੀਜਨ ਨੂੰ ਮਿਲਾ ਕੇ ਪਾਣੀ ਬਣਾਇਆ ਹੋਵੇਗਾ। ਇਹ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਸਾਡੇ ਸੂਰਜ ਮੰਡਲ ਦੇ ਬਣਨ ਸਮੇਂ ਪਾਣੀ ਉਲਕਾ ਪਿੰਡਾਂ ਉੱਪਰ ਜੰਮੀ ਬਰਫ ਦੇ ਰੂਪ ਵਿੱਚ ਪ੍ਰਿਥਵੀ ਤੱਕ ਆਇਆ।

ਅੱਜ ਜੋ ਵੀ ਪਾਣੀ ਪ੍ਰਿਥਵੀ ਉੱਪਰ ਮੌਜੂਦ ਹੈ ਉਹ ਉਸ ਸਮੇਂ ਤੋਂ ਸਾਡੇ ਗ੍ਰਹਿ ਉੱਪਰ ਰਿਹਾ ਹੈ। ਜੋ ਬੂੰਦਾਂ ਅੱਜ ਸਾਡੇ ਸਰੀਰ ਵਿੱਚ ਖੂਨ ਦੇ ਰੂਪ ਵਿੱਚ ਵਹਿ ਰਹੀਆਂ ਹਨ ਹੋ ਸਕਦਾ ਹੈ ਉਹ ਬੂੰਦਾਂ ਇੱਕ ਸਮੇਂ ਡਾਇਨਾਸੋਰ ਦੇ ਸਰੀਰ ਵਿੱਚ ਵੀ ਹੋਣ। ਉਹੀ ਬੂੰਦਾਂ ਪ੍ਰਾਣੀਆਂ ਦੇ ਮੂਤਰ ਅਤੇ ਪਸੀਨੇ ਤੋਂ ਹੁੰਦੀਆਂ ਹੋਈਆਂ ਨਦੀ ਦੇ ਰਸਤੇ ਸਾਗਰ ਤੱਕ ਪਹੁੰਚ ਜਾਂਦੀਆਂ ਹਨ। ਫਿਰ ਭਾਫ ਬਣਕੇ ਬੱਦਲਾਂ ਦੇ ਸਹਾਰੇ ਵਾਪਸ ਆਉਂਦੀਆਂ ਹਨ। ਸੰਭਵ ਹੈ ਪਾਣੀ ਦੇ ਉਹੀ ਕਣ ਅੰਟਾਰਕਟਿਕਾ ਦੀਆਂ ਬਰਫਾਂ ਵਿੱਚ ਵੀ ਮੌਜੂਦ ਹੋਣ ਜੋ ਕਦੀ ਨਾ ਕਦੀ ਭੂ-ਮੱਧ ਰੇਖਾ ਦੇ ਉੱਪਰ ਕਿਸੇ ਫੁੱਲ ਦੀ ਤ੍ਰੇਲ ਦੀਆਂ ਬੂੰਦਾਂ ਬਣਕੇ ਸਰਕ ਰਹੀਆਂ ਸਨ। ਤੁਸੀਂ ਜੋ ਪਾਣੀ ਅੱਜ ਸਵੇਰੇ ਪੀਤਾ ਹੋਵੇਗਾ ਉਸ ਵਿੱਚ ਘੁੱਟ ਭਰ ਪੁਲਾੜ ਵੀ ਰਿਹਾ ਹੋਵੇਗਾ।

ਅਗਰ ਅਸੀਂ ਪਾਣੀ ਬਣਾ ਨਹੀਂ ਸਕਦੇ ਤਾਂ ਫਿਰ ਉਸ ਦਾ ਪ੍ਰਯੋਗ ਜਿੰਮੇਵਾਰੀ ਨਾਲ ਕਰਨਾ ਜਰੂਰੀ ਹੈ। ਇਹ ਸਬਕ ਸਾਡੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਨੂੰ ਪਤਾ ਸੀ। ਚਾਹੇ ਉਹਨਾਂ ਕੋਲ ਪੁਲਾੜ ਤੋਂ ਆਏ ਪਾਣੀ ਬਾਰੇ ਜਾਣਕਾਰੀ ਨਾ ਵੀ ਹੋਵੇ। ਜਲ ਸਰੋਤਾਂ ਦਾ ਸਨਮਾਨ ਹੁੰਦਾ ਸੀ। ਲੋਕ ਪਾਣੀ ਦੇ ਲਈ ਨਦੀ, ਤਲਾਬ, ਖੂਹ ਤੱਕ ਜਾਂਦੇ ਸਨ। ਪਾਣੀ ਦਾ ਇਸਤੇਮਾਲ ਅਹਿਸਾਨਮੰਦ ਤਰੀਕੇ ਨਾਲ ਕਰਦੇ ਸਨ। ਆਧੁਨਿਕਤਾ ਦੇ ਦੌਰ ਵਿੱਚ ਜਲ ਸਰੋਤਾਂ ਤੋਂ ਪਾਣੀ ਪਾਈਪਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਅੱਜ ਸਮਾਜ ਦਾ ਇੱਕ ਵੱਡਾ ਹਿੱਸਾ ਖੂਹ-ਬਾਉਲੀ-ਤਲਾਬ ਤੱਕ ਨਹੀਂ ਜਾਂਦਾ। ਟੂਟੀ ਰਾਹੀਂ ਪਾਣੀ ਉਹਨਾਂ ਦੇ ਘਰ ਤੱਕ ਪਹੁੰਚਦਾ ਹੈ। ਇਹ ਅੱਜ ਦੀ 'ਆਦਰਸ਼' ਸਥਿਤੀ ਹੈ। ਸਰਕਾਰਾਂ ਇਸ ਯਤਨ ਵਿੱਚ ਹਨ ਕਿ ਹਰ ਕਿਸੇ ਘਰ ਨੂੰ ਪਾਣੀ ਟੂਟੀ ਜਰੀਏ ਮਿਲ ਸਕੇ। ਇਸੇ ਤਰ੍ਹਾਂ ਦੀ ਸੁਵਿਧਾ ਕੌਣ ਨਹੀਂ ਭਾਲਦਾ?

ਕੁੱਲ ਜਿਨਾਂ ਪਾਣੀ ਵਰਤ ਹੁੰਦਾ ਹੈ, ਉਸਦਾ 80 ਫੀਸਦੀ ਗੰਦਾ ਹੋ ਕੇ ਨਾਲੀ ਵਿੱਚ ਵਹਿ ਜਾਂਦਾ ਹੈ। ਸਸਤੇ ਅਤੇ ਸੁਵਿਧਾਜਨਕ ਪਾਣੀ ਦੀ ਇਹ ਦੁਵਿਧਾ ਹੈ। ਇਹਨੂੰ ਸਾਫ ਕਰਨਾ ਬਹੁਤ ਮਹਿੰਗਾ ਸੌਦਾ ਹੈ। ਪਾਣੀ ਪ੍ਰਾਪਤ ਕਰਨ

ਲਈ ਅਸੀਂ ਵੱਡੇ-ਵੱਡੇ ਖਰਚ ਕਰਨ ਲਈ ਤਿਆਰ ਰਹਿੰਦੇ ਹਾਂ। ਅੱਜ ਕੱਲ੍ਹ ਘਰਾਂ ਦੀ ਰਸੋਈ ਵਿੱਚ ਪਾਣੀ ਨੂੰ ਸਾਫ ਕਰਨ ਵਾਲੇ ਮਹਿੰਗੇ ਮਹਿੰਗੇ ਯੰਤਰ ਲੱਗੇ ਹੋਏ ਹਨ। ਕਰੋੜਾਂ ਰੁਪਏ ਦੀ ਵਿਸ਼ਾਲ ਪਾਈਪ ਲਾਈਨ ਅਤੇ ਪੰਪਿੰਗ ਘਰ ਦੇ ਸਹਾਰੇ ਅਸੀਂ ਦੂਰ ਤੋਂ ਪਾਣੀ ਖਿੱਚ ਕੇ ਸ਼ਹਿਰਾਂ ਵਿੱਚ ਲਿਆਉਣ ਲੱਗੇ ਹਾਂ। ਪਰ ਗੰਦੇ ਪਾਣੀ ਨੂੰ ਸਾਫ਼ ਕਰਨ ਦਾ ਖਰਚਾ ਨਾ ਤਾਂ ਨਾਗਰਿਕ ਦੇਣਾ ਚਾਹੁੰਦਾ ਹੈ, ਨਾ ਨਗਰ ਪਾਲਿਕਾ, ਨਾ ਸਰਕਾਰਾਂ। ਅਕ੍ਰਿਤਘਣ ਹੋ ਗਏ ਸਮਾਜ ਦੀ ਇਹ ਅਨਾਥ ਦੁਵਿਧਾ ਹੈ।

ਇਹ ਮੈਲਾ ਪਾਣੀ ਸਾਡੀ ਗੰਦਗੀ ਨੂੰ ਵਹਾਅ ਕੇ ਸਿੱਧਾ ਨਦੀਆਂ ਜਾਂ ਭੂ ਜਲ ਵਿੱਚ ਸੁੱਟ ਦਿੰਦਾ ਹੈ। ਦੇਸ਼ ਭਰ ਦੇ ਨਦੀਆਂ ਤਲਾਬ ਸੀਵਰ ਬਣ ਚੁੱਕੇ ਹਨ। ਸਫਾਈ ਅਭਿਆਨਾਂ ਵਿੱਚ ਸਵੱਛਤਾ ਦੀ ਕੀਮਤ ਜਲ ਸ੍ਰੋਤ ਹੀ ਤਾਰਦੇ ਹਨ। ਬਹੁਤ ਸਾਰੇ ਪਿੰਡਾਂ ਸ਼ਹਿਰਾਂ ਦੇ ਭੂਜਲ ਵਿੱਚ ਮਲ ਮੂਤਰ ਦੇ ਕਣ ਪਾਏ ਜਾਣ ਲੱਗੇ ਹਨ। ਇਹ ਸਮੱਸਿਆ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਇੱਕ ਵਾਰ ਜਲ ਸ੍ਰੋਤ ਸੀਵਰ ਬਣ ਜਾਂਦੇ ਹਨ ਤਾਂ ਉਹਨਾਂ ਦੀ ਸਫਾਈ ਦੀ ਚਰਚਾ ਸ਼ੁਰੂ ਹੁੰਦੀ ਹੈ। ਨਦੀਆਂ ਦੀ ਸਫਾਈ ਵਿੱਚ ਹਜ਼ਾਰਾਂ ਕਰੋੜ ਖਰਚ ਹੋ ਚੁੱਕੇ ਹਨ ਪਰ ਨਦੀਆਂ ਸਾਫ ਨਹੀਂ ਹੁੰਦੀਆਂ। ਕਿਉਂਕਿ ਅਕ੍ਰਿਤਘਣ 'ਵਿਕਾਸ' ਦੇ ਨਾਂ 'ਤੇ ਨਦੀਆਂ ਦੇ ਪ੍ਰਦੂਸ਼ਣ ਲਈ ਉਸ ਤੋਂ ਵੀ ਕਿਤੇ ਵੱਧ ਕੇ ਲੱਖਾਂ ਕਰੋੜ ਖਰਚ ਹੁੰਦੇ ਹਨ।

ਗੰਗਾ ਨਦੀ ਅਤੇ ਦਿੱਲੀ ਵਿੱਚ ਯਮੁਨਾ ਨਦੀ ਨੂੰ ਸੀਵਰ ਬਣੇ ਅਰਸਾ ਬੀਤ ਗਿਆ ਹੈ। ਬੰਨ੍ਹਾਂ ਵਿੱਚ ਬੱਧੀ ਨਰਮਦਾ ਵਿੱਚ ਪਾਣੀ ਘੱਟ ਹੀ ਵਹਿੰਦਾ ਹੈ। ਤਰ੍ਹਾਂ ਤਰ੍ਹਾਂ ਦੇ ਧਾਰਮਿਕ ਪ੍ਰੋਗਰਾਮ ਬਣਾ ਕੇ ਇਹਨਾਂ ਨੂੰ ਸਾਫ ਕਰਨ ਦੀਆਂ ਕਸਮਾਂ ਖਾਧੀਆਂ ਜਾਂਦੀਆਂ ਹਨ। ਇਹਨਾਂ ਦੇ ਕਿਨਾਰਿਆਂ ਨੂੰ ਸੀਮੈਂਟ-ਕੰਕਰੀਟ ਵਿੱਚ ਢਾਲਣ ਨੂੰ ਵਿਕਾਸ ਅਤੇ ਧਰਮ ਦਾ ਯੱਗ ਦੱਸਿਆ ਜਾਂਦਾ ਹੈ। ਜਿਵੇਂ ਨਦੀਆਂ ਦਾ ਪੁਰਾਣਾ ਨਾਤਾ ਧਰਤੀ ਅਤੇ ਮਿੱਟੀ ਨਾਲ ਨਾ ਹੋ ਕੇ ਪੱਕੇ ਕੰਕਰੀਟ ਨਾਲ ਰਿਹਾ ਹੋਵੇ। ਨਦੀ ਨਾ ਹੋਈ ਨਹਿਰ ਹੋ ਗਈ।

ਸਾਰੇ ਜਾਣਦੇ ਹਨ ਕਿ 30 ਸਾਲ ਤੋਂ ਚੱਲ ਰਹੇ ਨਦੀ ਸਵੱਛਤਾ ਪ੍ਰੋਗਰਾਮ ਸਿਰਫ ਢਕੋਸਲਾ ਹਨ। ਕਿਸੇ ਛੋਟੀ ਮੋਟੀ ਨਦੀ ਦੀ ਸਫਾਈ ਨੂੰ ਵੱਡੀਆਂ ਨਦੀਆਂ ਲਈ ਮਾਡਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਨਦੀਆਂ ਉੱਪਰ ਏਨੀ ਚਰਚਾ ਇਸ ਲਈ ਹੁੰਦੀ ਹੈ ਕਿ ਇਹ ਸੁਵਿੱਧਾਜਨਕ ਹੈ। ਸਭਿਆਤਾਵਾਂ ਨਦੀਆਂ ਕੰਢੇ ਵੀ ਇਸੇ ਸੁਵਿਧਾ ਲਈ ਵਿਕਸਿਤ ਹੋਈਆਂ। ਅਜੋਕੇ ਆਧੁਨਿਕ ਸ਼ੋਧ ਇਹ ਦੱਸ ਰਹੇ ਹਨ ਕਿ ਨਦੀਆਂ ਕਿਨਾਰੇ ਰਹਿਣਾ ਮਨੁੱਖੀ ਇਤਿਹਾਸ ਵਿੱਚ ਹਾਲ ਹੀ ਵਿੱਚ ਆਇਆ ਹੈ। ਇਸ ਧਰਤੀ ਉੱਪਰ ਆਪਣੇ ਹੋਂਦ ਦਾ ਵੱਡਾ ਹਿੱਸਾ ਸਾਡੀ ਪ੍ਰਜਾਤੀ ਨੇ ਨਦੀਆਂ ਤੋਂ ਦੂਰ ਹੰਢਾਇਆ ਹੈ। ਸਾਡੀ ਧਾਰਮਿਕ ਪਰੰਪਰਾ ਵਿੱਚ ਦੇਖੀਏ, ਆਸਤਿਕ ਪ੍ਰੰਪਰਾ ਵਿੱਚ ਰਿਸ਼ੀਆਂ ਦੇ ਆਸ਼ਰਮ ਵਣ ਵਿੱਚ ਬਣਦੇ ਸਨ। ਨਾਸਤਿਕ ਪ੍ਰੰਪਰਾ ਵਾਲੇ ਆਸ਼ਰਮ ਵੀ ਜੰਗਲਾਂ ਵਿੱਚ ਹੀ ਬਣਦੇ ਸਨ।

ਸਮਾਜ ਨਦੀ-ਤਲਾਬ ਦੀ ਪੂਜਾ ਜਰੂਰ ਕਰਦਾ ਹੈ। ਲੇਕਿਨ ਉਸਦੀ ਅੱਖ ਹਮੇਸ਼ਾਂ ਬੱਦਲਾਂ ਉੱਪਰ ਰਹਿੰਦੀ ਹੈ। ਰਾਜਸਥਾਨ ਵਰਗੇ ਖੁਸ਼ਕ ਪ੍ਰਾਂਤ ਵਿੱਚ ਵੀ ਬੱਦਲਾਂ ਦੇ ਅਨੇਕ ਨਾਮ ਪ੍ਰਚਲਿਤ ਹਨ, ਜਿਨਾਂ ਵਿੱਚੋਂ 40 ਨਾਮ ਤਾਂ ਸਮਾਜਿਕ ਪੱਤਰਕਾਰ ਅਨੁਮਪ ਮਿਸ਼ਰ ਨੇ ਆਪਣੀ ਇੱਕ ਕਿਤਾਬ ਵਿੱਚ ਦੱਸੇ ਹਨ। ਸਾਡਾ ਸਮਾਜ ਜਾਣਦਾ ਹੈ ਕਿ ਜਮੀਨ ਉੱਪਰ ਜੋ ਵੀ ਪਾਣੀ ਮੌਜੂਦ ਹੈ ਉਹ ਸਾਗਰ ਤੋਂ ਬੱਦਲਾਂ ਦੇ ਰੂਪ ਵਿੱਚ ਆਉਂਦਾ ਹੈ।

**ਪੰਜਾਬੀ ਰੂਪ : ਪਾਲ ਬਾਗਪੁਰ**

---

# ਮੈਂ ਫਿਰ ਨਾ ਆਵਾਂਗਾ

***ਨਵਜੋਤ***



ਤੇਰੇ ਮਹਿਲਾਂ ਮੀਨਾਰਾਂ ਵਿੱਚੋਂ
ਮੈਂ ਮੁੜ ਚੁੱਕਿਆਂ ਹਾਂ ਆਪਣੇ ਪਿੰਡ ਨੂੰ
ਪਰਿਵਾਰ ਸਮੇਤ,
ਭਾਂਡੇ, ਕੱਪੜੇ ਸਭ ਸਮੇਟ।
ਮੈਂ ਫਿਰ ਨਾ ਆਵਾਂਗਾ,
ਮੇਰੀ ਉਡੀਕ ਨਾ ਕਰੀਂ।
ਯਾਦ ਰੱਖਾਂਗਾ ਤੇਰੀ ਬੇਵਫ਼ਾਈ,
ਤੇਰੀ ਚੁੱਪ, ਤੇਰੀ 'ਰਹਿਨੁਮਾਈ'।
ਤੇਰੀ ਜ਼ਮੀਨ 'ਤੇ ਖ਼ੂਨ ਪਸੀਨਾ ਵਹਾਉਣ ਮਗਰੋਂ,
ਜਿੱਥੇ ਕਰਦਾ ਸੀ ਮੈਂ ਸਜਦਾ, ਬਾਲਦਾ ਸੀ ਦੀਵੇ ਤੇ ਮੋਮਬੱਤੀਆਂ
ਕਿਸੇ ਥਾਂ ਦੇ ਨਾ ਗੋਲਕ ਖੁੱਲ੍ਹੇ,
ਨਾ ਹੀ ਆਇਆ ਮੇਰੀ ਹਮਾਇਤ 'ਚ,
ਕੋਈ ਧਰਮ ਦਾ ਠੇਕੇਦਾਰ।
ਪੰਜਾਂ ਸਾਲਾਂ 'ਚ ਇੱਕ ਵਾਰ ਘੁੰਮਦੇ ਸੀ,
ਜੋ ਮੇਰੇ ਅੱਗੇ ਪਿੱਛੇ,
ਮੇਰੀ ਉਂਗਲੀ ਤੋਂ ਆਪਣੇ ਨਾਂ ਦੀ ਮੋਹਰ ਲਵਾਉਣ ਖਾਤਰ,
ਕਿਸੇ ਤੋਂ ਕੁਝ ਨਾ ਸਰਿਆ,
ਤਾੜੀਆਂ ਤੇ ਥਾਲੀਆਂ ਵਜਵਾਉਣ ਤੋਂ ਬਿਨ੍ਹਾਂ।
ਮੇਰੇ ਪੈਰਾਂ ਦੇ ਛਾਲੇ, ਭੁੱਖੇ ਬੱਚੇ ਦੀ ਕਿਲਕਾਰੀ
ਤੇ ਮੇਰੇ ਟੱਬਰ ਦੀ ਬੇਬਸੀ ਵੀ ਕੁਚਲੀ ਗਈ,
ਉਸ ਰੇਲ ਦੀ ਪਟੜੀ 'ਤੇ
ਜਿਸਨੂੰ ਮੈਂ ਆਪਣੀ ਸਮਝਣ ਦਾ ਭੁਲੇਖਾ ਕਰ ਬੈਠਾ।

ਇੰਗਲੈਂਡ

*ਅਨੁਭਵ*

# ਮੈਂ ਤਰਕਸ਼ੀਲ ਕਿਵੇਂ ਬਣਿਆ



**ਬਲਵਾਨ ਸਿੰਘ**

ਮੈਂ ਇੱਕ ਦਰਮਿਆਨੇ ਕਿਸਾਨ ਦੇ ਘਰ ਪੈਦਾ ਹੋਇਆ– ਜੋ ਕਿ ਬਹੁਤ ਅੰਧਵਿਸ਼ਵਾਸੀ ਪਰਿਵਾਰ ਸੀ। ਜਦੋਂ ਮੈਂ ਚੌਥੀ ਕਲਾਸ ਵਿੱਚ ਪੜ੍ਹਦਾ ਸੀ ਤਾਂ ਉਸ ਸਮੇਂ ਮੈਂ ਸੌਣ ਤੋਂ ਪਹਿਲਾਂ ਹਰ ਰੋਜ ਅਖੌਤੀ ਭਗਵਾਨ ਦਾ ਨਾਮ ਲੈ ਕੇ ਸੌਂਦਾ ਸੀ। ਇਹ ਵਰਤਾਰਾ ਤਕਰੀਬਨ 1982 ਤੱਕ ਚੱਲਦਾ ਰਿਹਾ। ਮੇਰੀ ਮਾਂ ਅਤੇ ਮਾਸੀ (ਜੋ ਕਿ ਮੇਰੀ ਚਾਚੀ ਵੀ ਲਗਦੀ ਸੀ)- ਪੰਡਤਾਂ ਅਤੇ ਬਾਬਿਆਂ ਵਿੱਚ ਅੰਨ੍ਹਾ ਵਿਸ਼ਵਾਸ ਰੱਖਦੀਆਂ ਸਨ। ਜਿਸ ਕਾਰਣ ਹਰ ਵੀਰਵਾਰ ਅਤੇ ਮੱਸਿਆ ਨੂੰ ਬਾਬੇ ਜਾਂ ਪੰਡਿਤ ਨੂੰ ਖੀਰ ਖਾਣ ਦਾ ਨਿਉਤਾ ਦਿੱਤਾ ਜਾਂਦਾ ਸੀ। ਮੈਨੂੰ ਅਤੇ ਮੇਰੇ ਭੈਣ ਭਰਾਵਾਂ ਨੂੰ ਇਨ੍ਹਾਂ ਤੋਂ ਪਹਿਲਾਂ ਖੀਰ ਖਾਣ ਤੋਂ ਰੋਕਿਆ ਜਾਂਦਾ ਸੀ। ਪਰ ਮੈਂ ਸ਼ਰਾਰਤੀ ਹੋਣ ਕਰਕੇ ਮੌਕਾ ਦੇਖ ਕੇ ਪਹਿਲਾਂ ਖੀਰ ਖਾ ਜਾਂਦਾ ਸੀ ਅਤੇ ਕਈ ਵਾਰ ਖੀਰ ਨੂੰ ਜੂਠਾ ਵੀ ਕਰ ਦਿੰਦਾ ਸੀ। ਜਦੋਂ ਕਿ ਮੇਰੀ ਮਾਸੀ ਬਾਬਿਆਂ ਬਾਰੇ ਅਤੇ ਪੰਡਿਤਾਂ ਬਾਰੇ ਦੱਸਦੀ ਸੀ ਕਿ ਇਨ੍ਹਾਂ ਕੋਲ ਅਲੌਕਿਕ ਸਕਤੀਆਂ ਹੁੰਦੀਆਂ ਹਨ। ਜਦੋਂ ਮੈਂ ਖੀਰ ਨੂੰ ਜੂਠਾ ਕਰ ਦਿੰਦਾ ਸੀ ਤਾਂ ਮੇਰੇ ਮਨ ਵਿੱਚ ਡਰ ਰਹਿੰਦਾ ਸੀ ਕਿ ਕਦੇ ਬਾਬੇ ਜਾਂ ਪੰਡਿਤ ਨੂੰ ਪਤਾ ਨਾ ਲੱਗ ਜਾਵੇ ਕਿ ਖੀਰ ਜੂਠੀ ਕੀਤੀ ਹੋਈ ਹੈ। ਜਦੋਂ ਬਾਬੇ ਅਤੇ ਪੰਡਿਤਾਂ ਨੂੰ ਪਤਾ ਨਹੀਂ ਲੱਗਿਆ ਕਿ ਖੀਰ ਜੂਠੀ ਹੈ ਤਾਂ ਮੈਂ ਇਹ ਸੋਚਦਾ ਰਿਹਾ ਕਿ ਇਹਨਾਂ ਬਾਬਿਆਂ ਅਤੇ ਪੰਡਿਤਾਂ ਪੱਲੇ ਕੋਈ ਸ਼ਕਤੀ ਨਹੀਂ। ਇਹ ਤਾਂ ਸਾਡੇ ਵਰਗੇ ਹੀ ਹਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ।

ਗੱਲ ਮਾਰਚ 1982 ਦੀ ਹੈ। ਮੈਂ ਕੁਰੂਕਸ਼ੇਤਰ ਬੀ.ਏ. ਭਾਗ ਪਹਿਲਾ ਦੇ ਪੇਪਰ ਦੇਣ ਗਿਆ ਹੋਇਆ ਸੀ। ਉਸ ਸਮੇਂ ਪੀ. ਆਰ. ਟੀ. ਸੀ. ਦੇ ਮਹਿਕਮੇ ਵਿੱਚ ਪੇਂਟਰ ਦੀ ਪੋਸਟ ਨਿੱਕਲੀ ਹੋਈ ਸੀ ਅਤੇ ਮੇਰੇ ਕੋਲ ਫ਼ਾਰਮ ਭਰਨ ਲਈ ਰੁਪਏ ਖਤਮ ਹੋ ਗਏ ਸਨ। ਜਿਸ ਕਾਰਣ ਮੈਨੂੰ ਚਿੰਤਾ ਹੋਈ ਕਿ ਫਾਰਮ ਕਿਵੇਂ ਭਰਿਆ ਜਾਵੇ। ਮੈਂ ਉਸ ਸਮੇਂ ਕਿਸੇ ਜਾਣਕਾਰ ਦੇ ਕੋਲ ਰੁਕਿਆ ਹੋਇਆ ਸੀ ਜੋ ਕਿ ਬਿਲਕੁਲ ਕੁਰੂਕਸ਼ੇਤਰ ਤਾਲਾਬ ਦੇ ਨਾਲ ਰਹਿੰਦਾ ਸੀ। ਮੈਂ ਕੁਦਰਤੀ ਤੌਰ 'ਤੇ ਤਾਲਾਬ ਵਿੱਚ ਨਹਾਉਣ ਚਲਾ ਗਿਆ। ਜਦੋਂ ਮੈਂ ਕੱਪੜੇ ਉਤਾਰ ਕੇ ਨਹਾਉਂਣ ਲਈ ਤਾਲਾਬ ਦੀਆਂ ਪੌੜੀਆਂ ਉੱਤਰਿਆ ਤਾਂ ਉੱਥੇ ਪਾਣੀ ਵਿਚਲੀਆਂ ਪੌੜੀਆਂ ਉੱਪਰ ਕਾਫੀ ਸਿੱਕੇ ਪਏ ਹੋਏ ਸਨ। ਸਿੱਕਿਆਂ ਨੂੰ ਦੇਖ ਕੇ ਮੇਰੇ ਮਨ ਵਿੱਚ ਆਇਆ ਕਿ ਕਿਉਂ ਨਾ ਪੌੜੀਆਂ 'ਤੇ ਪਏ ਸਿੱਕੇ ਚੁੱਕੇ ਜਾਣ। ਮੈਂ ਪਾਣੀ ਵਿੱਚ ਗੋਤਾ ਲਗਾਉਂਦਾ ਅਤੇ ਜੋ ਵੀ ਸਿੱਕੇ ਹੱਥ ਲਗਦੇ ਉਹਨਾਂ ਨੂੰ ਕੱਢ ਕੇ ਆਪਣੇ ਕੱਪੜਿਆਂ ਥੱਲੇ ਲਕੋ ਕੇ ਰੱਖ ਦਿੰਦਾ ਅਤੇ ਫਿਰ ਪਾਣੀ ਵਿੱਚ ਗੋਤਾ ਲਾ ਕੇ ਸਿੱਕੇ ਕੱਢ ਕੇ ਲੈ ਆਉਂਦਾ। ਇਸ ਤਰ੍ਹਾਂ ਮੈਂ ਤਕਰੀਬਨ ਇੱਕ ਘੰਟਾ ਅਜਿਹਾ ਹੀ ਕਰਦਾ ਰਿਹਾ। ਕੁਰੂਕਸ਼ੇਤਰ ਤਲਾਬ ਦੇ ਅੰਦਰ ਇੱਕ ਮੰਦਰ ਵੀ ਬਣਿਆ ਹੋਇਆ ਹੈ। ਜਿਸ ਕਾਰਣ ਮੈਨੂੰ ਇਸ ਤਰ੍ਹਾਂ ਕਰਦੇ ਡਰ ਵੀ ਲੱਗ ਰਿਹਾ ਸੀ। ਪਰ ਮੈਨੂੰ ਮੇਰੇ ਬਚਪਨ ਵਾਲੀ ਗੱਲ ਯਾਦ ਆ ਰਹੀ ਸੀ ਕਿ ਮੰਦਿਰ ਦੇ ਪੁਜਾਰੀਆਂ ਕੋਲ ਕੋਈ ਸ਼ਕਤੀ ਨਹੀਂ ਹੁੰਦੀ। ਪਰ ਇਹ ਡਰ ਵੀ ਲਗਦਾ ਸੀ ਕਿ ਇਸ ਤਰ੍ਹਾਂ ਕਰਦੇ ਕਿਸੇ ਦੇਖ ਲਿਆ ਤਾਂ ਕੁੱਟ-ਮਾਰ ਹੋ ਸਕਦੀ ਹੈ। ਪਰ ਮੈਂ ਹਿੰਮਤ ਕਰਕੇ 8 ਰੁਪਏ 97 ਪੈਸੇ ਦੀ ਭਾਨ ਇਕੱਠੀ ਕਰ ਲਈ ਅਤੇ ਕੱਪੜੇ ਪਾ ਕੇ ਸਿੱਧਾ ਡਾਕਖਾਨੇ ਪਹੁੰਚਿਆ। ਉੱਥੇ ਜਾ ਕੇ ਮੈਂ ਪੀ. ਆਰ. ਟੀ. ਸੀ. ਵਿੱਚ ਨੌਕਰੀ ਲਈ ਫਾਰਮ ਭਰ ਕੇ ਅਪਲਾਈ ਕਰ ਦਿੱਤਾ- ਜਿਸ ਦੀ ਉਸ ਸਮੇਂ ਪੋਸਟਲ ਆਰਡਰ ਦੀ ਫੀਸ 7 ਰੁਪਏ ਸੀ ਅਤੇ ਮੈਂ ਲਿਫਾਫੇ ਦੀ ਰਜਿਸਟਰੀ ਕਰਵਾ ਦਿੱਤੀ। ਇਸ ਦੇ ਬਾਅਦ ਵਿਭਾਗ ਦੇ ਸੱਦੇ 'ਤੇ 7 ਅਪ੍ਰੈਲ 1982 ਨੂੰ ਮੁੱਖ ਦਫ਼ਤਰ ਪੀ. ਆਰ. ਟੀ. ਸੀ. ਪਟਿਆਲਾ ਵਿਖੇ ਇੰਟਰਵਿਊ ਲਈ ਪਹੁੰਚ ਗਿਆ ਅਤੇ ਮੈਨੂੰ ਨੌਕਰੀ ਲਈ ਸਲੈਕਟ ਕਰ ਲਿਆ ਗਿਆ।

1984 ਵਿੱਚ ਜਦੋਂ ਤਰਕਸ਼ੀਲ ਸੁਸਾਇਟੀ ਬਣੀ ਤਾਂ ਮੈਂ 'ਤੇ ਦੇਵ ਪੁਰਸ਼ ਹਾਰ ਗਏ' ਕਿਤਾਬ ਪੜ੍ਹੀ ਤਾਂ ਮੇਰੇ ਹੋਰ ਸਾਰੇ ਭੁਲੇਖਿਆਂ ਦੇ ਨਾਲ ਨਾਲ ਰੱਬ ਬਾਰੇ ਵੀ ਸਾਰੇ ਭੁਲੇਖੇ ਦੂਰ ਹੋ ਗਏ। ਇਸ ਤਰ੍ਹਾਂ ਮੈਂ ਤਰਕਸ਼ੀਲ ਬਣਿਆ। ਮੈਂ ਤਰਕਸ਼ੀਲ ਸਾਹਿਤ ਜੋ ਵੀ ਉਸ ਸਮੇਂ ਛਪਦਾ- ਉਹ ਪੜ੍ਹਦਾ ਗਿਆ ਅਤੇ ਜਿਸ ਕਾਰਣ ਮੈਂ ਇੱਕ ਵਿਗਿਆਨਕ ਵਿਚਾਰ ਵਾਲੀ ਮੁਲਾਜ਼ਮ ਜਥੇਬੰਦੀ ਵਿੱਚ ਕੰਮ ਕਰਦਾ ਰਿਹਾ। ਅੰਤ ਚੰਡੀਗੜ੍ਹ ਡਿਪੂ ਵਿੱਚ ਕਾਫੀ ਸਾਲ ਡਿਊਟੀ ਕਰਨ ਤੋਂ ਬਾਅਦ ਮੈਂ ਰਿਟਾਇਰ ਹੋ ਗਿਆ ਅਤੇ 2019 ਵਿੱਚ ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਪਟਿਆਲਾ ਦਾ ਮੈਂਬਰ ਬਣ ਗਿਆ। ਇਸ ਸਮੇਂ ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਪਟਿਆਲਾ ਦੇ ਵਿੱਤ ਵਿਭਾਗ ਮੁਖੀ ਦੀ ਜ਼ੁੰਮੇਵਾਰੀ ਨਿਭਾ ਰਿਹਾ ਹਾਂ ਅਤੇ ਸੁਸਾਇਟੀ ਦੇ ਹਰ ਕੰਮ ਵਿੱਚ ਵੱਧ ਚੜ੍ਹ ਕੇ ਭਾਗ ਲੈ ਰਿਹਾ ਹਾਂ।

*98158 50957*

# ਇਤਿਹਾਸਕ ਦਿਨ

1 ਜੁਲਾਈ : ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜਨ ਵਾਇਲੀ ਦੀ ਲੰਡਨ ਵਿੱਚ ਗੋਲੀਆਂ ਮਾਰ ਕੇ ਹੱਤਿਆ (1909)

6 ਜੁਲਾਈ : ਲੂਈ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਲਈ ਟੀਕੇ ਦੀ ਈਜ਼ਾਦ (1885)

11 ਜੁਲਾਈ : ਵਿਸ਼ਵ ਜਨਸੰਖਿਆ ਦਿਵਸ

13 ਜੁਲਾਈ : ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)

16 ਜੁਲਾਈ : ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀ ਤੋਂ ਉਡਾਣ (1969)

17 ਜੁਲਾਈ : ਪੰਜਾਬ ਰਿਆਸਤੀ ਪਰਜਾਮੰਡਲ ਦੀ ਸਥਾਪਨਾ (1928)

18 ਜੁਲਾਈ : ਜੀਵ ਸੈੱਲ ਸਿਧਾਂਤ ਦੇ ਖੋਜ਼ੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)

20 ਜੁਲਾਈ : ਚੰਦ ਉੱਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)

20 ਜੁਲਾਈ : ਸ਼ਹੀਦ ਭਗਤ ਸਿੰਘ ਨਾਲ ਬਰਤਾਨਵੀ ਅਸੈਂਬਲੀ ਵਿੱਚ ਲੋਕ-ਵਿਰੋਧੀ ਬਿਲਾਂ ਖਿਲਾਫ਼ ਬੰਬ ਸੁੱਟਣ ਵਾਲੇ ਉਹਨਾਂ ਦੇ ਸਾਥੀ ਬਟੁਕੇਸ਼ਵਰ (ਬੀ.ਕੇ.) ਦੱਤ ਦੀ ਮੌਤ (1965)

23 ਜੁਲਾਈ : ਚੰਦਰ ਸ਼ੇਖਰ ਆਜ਼ਾਦ ਦਾ ਜਨਮ (1906)

24 ਜੁਲਾਈ : ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਮੌਤ (1954)

31 ਜੁਲਾਈ : ਸ਼ਹੀਦ ਊਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)

31 ਜੁਲਾਈ : ਕਿਰਤੀ ਲੋਕਾਂ ਦੇ ਦੁੱਖ-ਦਰਦ, ਉਮੀਦਾਂ ਅਤੇ ਸੁਪਨਿਆਂ ਨੂੰ ਆਪਣੀ ਕਲਮ ਨਾਲ ਬਿਆਨਣ ਵਾਲੇ ਮਹਾਨ ਹਿੰਦੀ ਕਹਾਣੀਕਾਰ ਮੁਨਸ਼ੀ ਪ੍ਰੇਮ ਚੰਦ ਦਾ ਜਨਮ (1880)

5 ਅਗਸਤ : ਚੰਦ 'ਤੇ ਪਹਿਲਾਂ ਪੈਰ ਧਰਨ ਵਾਲੇ ਨੀਲ ਆਰਮਸਟਰੌਂਗ ਦਾ ਜਨਮ (1930)

6 ਅਗਸਤ : ਪ੍ਰਮਾਣੂ ਬੰਬ ਵਿਰੋਧੀ ਦਿਵਸ, ਹੀਰੋਸ਼ੀਮਾ ਦਿਵਸ - ਮਨੁੱਖਤਾ ਦੇ ਇਤਿਹਾਸ ਦਾ ਇੱਕ ਕਾਲਾ ਦਿਨ (1945)

9 ਅਗਸਤ : ਕਾਕੋਰੀ ਰੇਲ ਡਕੈਤੀ ਘਟਨਾ-ਅੰਗਰੇਜ ਹਕੂਮਤ ਨੂੰ ਸਿੱਧੀ ਚੁਣੌਤੀ (1925)

11 ਅਗਸਤ : ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)

13 ਅਗਸਤ : ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਟਰੋ ਦਾ ਜਨਮ (1926)

17 ਅਗਸਤ : ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿੱਚ ਫਾਂਸੀ (1909)

18 ਅਗਸਤ : ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿੱਚ ਸੰਭਾਵੀ ਮੌਤ (1945)

23 ਅਗਸਤ : ਪਥਰਾਟ ਵਿਗਿਆਨੀ ਜਾਰਜ ਕੂਵੀਅਰ ਦਾ ਜਨਮ (1769)

24 ਅਗਸਤ : ਜਨਮ ਦਿਵਸ ਸ਼ਹੀਦ ਸ਼ਿਵ ਰਾਮ ਹਰੀ ਰਾਜਗੁਰੂ (1908)

28 ਅਗਸਤ : ਜਨਮ ਮਹਾਨ ਰੂਸੀ ਲੇਖਕ ਲੇਵ ਤਾਲਸਤਾਏ (1828)

29 ਅਗਸਤ : ਕੌਮੀ ਖੇਡ ਦਿਵਸ

## ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਨਾਸਤਿਕ ਕੇਂਦਰ ਵਿਜੈਵਾੜਾ ਤੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ (FIRA) ਦੇ ਸਰਪ੍ਰਸਤ ਡਾ. ਵਿਜਯਮ ਜੀ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਆਗੂ ਕਾਮਰੇਡ ਨੌਂ ਨਿਹਾਲ ਸਿੰਘ ਜੀ, ਪੰਜਾਬੀ ਦੀ ਪਹਿਲੀ ਔਰਤ ਨਾਟਕ-ਕਲਾਕਾਰ ਸਤਿਕਾਰਤ ਉਮਾ ਗੁਰਬਖਸ਼, ਪ੍ਰਸਿੱਧ ਲੇਖਕ ਹਮਦਰਦਵੀਰ ਨੌਸ਼ਹਿਰਵੀ ਜੀ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਤੇ ਪ੍ਰਸਿੱਧ ਲੋਕ ਪੱਖੀ ਗਾਇਕ ਜਗਸੀਰ ਜੀਦਾ ਦੇ ਪਿਤਾ ਸਤਿਕਾਰਤ ਗੁਰਦੇਵ ਸਿੰਘ ਜੀ, ਇਕਾਈ ਦਿੜ੍ਹਬਾ ਦੇ ਵਿੱਤ ਵਿਭਾਗ ਮੁਖੀ ਅਸ਼ਵਨੀ ਪ੍ਰਿੰਸ ਦੇ ਪਿਤਾ ਲੱਭੂਰਾਮ ਜੀ, ਇਕਾਈ ਜਰਗ ਦੇ ਮੈਂਬਰ ਜਗਜੀਤ ਦਾਉਦਪੁਰ ਦੀ ਹਮਸਫ਼ਰ ਨਰਿੰਦਰ ਕੌਰ ਜੀ, ਗੁਰਜੰਟ ਸਿੰਘ ਮਹਿਰਾਜ ਜੀ (ਇਕਾਈ ਰਾਮਪੁਰਾ ਫੂਲ ਦੇ ਮੈਂਬਰ ਰੂਪ ਸਿੰਘ ਮਹਿਰਾਜ ਦੇ ਭਰਾ ਅਤੇ ਜ਼ੋਨ ਬਠਿੰਡਾ ਵਿੱਤ ਸਕੱਤਰ ਜੰਟਾ ਸਿੰਘ ਦੇ ਭਣੋਈਆ) ਅਤੇ ਮਾਸਟਰ ਸੱਤਪਾਲ ਗਰਗ ਮੰਡੀ ਕਲਾਂ (ਸਾਬਕਾ ਇਕਾਈ ਵਿੱਤ ਸਕੱਤਰ ਪ੍ਰਲਾਦ ਕੁਮਾਰ ਦੇ ਪਿਤਾ ਜੀ) ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

**...ਅਦਾਰਾ**

# ਜੇਲ੍ਹਾਂ 'ਚ ਬੰਦ ਬੁੱਧੀਜੀਵੀ



**ਤਰਸੇਮ ਲਾਲ ਧੂਰੀ**

ਜ਼ਿਕਰ ਅਧੀਨ ਘਟਨਾ ਮਹਾਂਰਾਸ਼ਟਰ ਦੇ ਪੂਨਾ ਜ਼ਿਲ੍ਹੇ ਨਾਲ ਸਬੰਧਿਤ ਹੈ। ਅੱਜ ਤੋਂ ਲਗਭਗ 200 ਸਾਲ ਪਹਿਲਾਂ ਪੂਨੇ ਜ਼ਿਲ੍ਹੇ ਦੇ ਭੀਮਾ ਕੋਰੇਗਾਓ ਸਥਾਨ 'ਤੇ 1818 ਵਿੱਚ ਦਲਿਤ ਮਹਾਰ ਯੋਧਿਆਂ ਨੇ ਅੰਗਰੇਜ ਫੌਜਾਂ ਦੀ ਮਦਦ ਕਰਕੇ ਬ੍ਰਾਹਮਣ ਪੇਸਵਾਂ ਨੂੰ ਭਾਂਜ ਦਿੱਤੀ ਸੀ। ਪਰੰਤੂ ਅੰਗਰੇਜਾਂ ਨੇ ਦਲਿਤ ਮਹਾਰਾਂ ਦੀ ਇਸ ਕੁਰਬਾਨੀ ਨੂੰ ਨਜ਼ਰ ਅੰਦਾਜ ਕਰ ਦਿੱਤਾ ਅਤੇ 1892 ਵਿੱਚ ਦਲਿਤ ਮਹਾਰਾਂ ਨੂੰ ਮਾਰਸਲ ਨਸਲਾਂ ਦੀ ਸੂਚੀ ਵਿੱਚੋਂ ਬਾਹਰ ਕਰ ਦਿਤਾ ਅਤੇ ਉਹਨਾਂ ਦੀ ਫੌਜ ਵਿੱਚ ਭਰਤੀ ਰੋਕ ਦਿੱਤੀ। ਮਹਾਰਾਂ ਨੇ ਅੰਗਰੇਜਾਂ ਨੂੰ ਯਾਦ ਦਿਵਾਉਣ ਲਈ ਇਸ ਲੜਾਈ ਦੀ ਬਰਸੀ ਮਨਾਉਣੀ ਸ਼ੁਰੂ ਕਰ ਦਿੱਤੀ ਜੋ ਹਰ ਸਾਲ ਜਨਵਰੀ ਦੇ ਪਹਿਲੇ ਹਫਤੇ ਭੀਮਾ ਕੋਰੇਗਾਓ ਵਿਖੇ ਮਨਾਈ ਜਾ ਰਹੀ ਹੈ।

ਇੱਕ ਜਨਵਰੀ 2018 ਨੂੰ ਇਸ ਦੀ 200 ਵੀ ਬਰਸੀ ਲਈ ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ ਅਤੇ ਹੋਰ ਜਮਹੂਰੀਅਤ ਪਸੰਦ ਲੋਕਾਂ ਨਾਲ ਤਾਲਮੇਲ ਸਥਾਪਤ ਕੀਤਾ ਗਿਆ। ਇਸ ਸਬੰਧੀ 31 ਦਸੰਬਰ 2017 ਨੂੰ ਪੂਣੇ ਦੇ 'ਸ਼ਨੀਵਾਰ ਵਾੜਾ' ਵਿਖੇ ਐਲਗਾਰ ਪ੍ਰੀਸ਼ਦ ਆਯੋਜਿਤ ਕੀਤੀ ਗਈ। 'ਭੀਮਾ ਕੋਰੇਗਾਓ ਸੌਰਿਆ ਦਿਵਸ ਪ੍ਰੇਰਣਾ ਅਭਿਆਨ' ਦੇ ਨਾਮ ਹੇਠ 260 ਸੰਗਠਨ ਇਕੱਠੇ ਹੋਏ। ਇਸ ਐਲਗਾਰ ਪ੍ਰੀਸ਼ਦ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਪੀ.ਬੀ.ਸਾਵੰਤ, ਇੱਕ ਹੋਰ ਜੱਜ ਕੋਲਸੇ ਪਾਟਿਲ, ਪ੍ਰਕਾਸ਼ ਅੰਬੇਦਕਰ ਅਤੇ ਗੁਜਰਾਤ ਦੇ ਵਿਧਾਇਕ ਜਿਗਨੇਸ਼ ਮੇਵਾਨੀ ਨੇ ਕੀਤੀ। ਇਸ ਐਲਗਾਰ ਪ੍ਰੀਸ਼ਦ ਦਾ ਮਕਸਦ ਹਿੰਦੂਤਵੀ ਫਾਸ਼ੀਵਾਦ ਵਿਰੁੱਧ ਸੰਘਰਸ਼ ਨੂੰ ਸੇਧਤ ਕਰਨਾ ਸੀ। ਇਸ ਪ੍ਰੀਸ਼ਦ ਦਾ ਨਾਅਰਾ ਸੀ 'ਭੀਮਾ-ਕੋਰੇਗਾਓ ਦਿਲੇ ਢਾਡਾ, ਨਵੀਂ ਪੇਸ਼ਾਵਾਈ ਮਸਨਾਥ ਘਾਡਾ" ਭਾਵ 'ਭੀਮਾ ਕੋਰੇਗਾਓ ਨੇ ਦਿਖਾਇਆ ਰਸਤਾ, ਨਵੀਂ ਪੇਸ਼ਵਾਈ ਦਾ ਵੱਢੋ ਫਸਤਾ"। ਮੌਜੂਦਾ ਰਾਜ ਨੂੰ ਨਵੀਂ ਪੇਸ਼ਵਾਈ ਕਰਾਰ ਦੇ ਕੇ ਇਸ ਦੇ ਖਿਲਾਫ਼ ਲੜਾਈ ਵਿੱਢਣਾ ਸੀ। ਇਸ ਪ੍ਰੀਸ਼ਦ ਦੇ ਪ੍ਰੋਗਰਾਮ ਨੂੰ ਦਲਿਤ ਨੌਜਵਾਨਾਂ, ਮੁਸਲਿਮ ਭਾਈਚਾਰਾ, ਓ.ਬੀ.ਸੀ. ਜਾਤਾਂ ਅਤੇ ਅਗਾਂਹਵਧੂ ਮਰਾਠਾ ਜਥੇਬੰਦੀਆਂ ਨੇ ਸਾਥ ਦਿੱਤਾ।

ਇੱਕ ਜਨਵਰੀ 2018 ਨੂੰ ਲੱਖਾਂ ਦਾ ਇਕੱਠ ਜੁੜਿਆ। ਵੱਡੀ ਭੀੜ ਯਾਦਗਾਰ ਨੂੰ ਨਮਨ ਕਰਨ ਜਾ ਰਹੀ ਸੀ। ਭਗਵਾਂ ਝੰਡਾ ਧਾਰੀ 100-150 ਵਿਅਕਤੀਆਂ ਦਾ ਸਮੂਹ ਇਸ ਮੇਲੇ ਵਿੱਚ ਖਲਲ ਪੈਦਾ ਕਰਨ ਲਈ ਹਿੰਸਾ ਕਰਦਾ ਹੈ। ਇਹ ਹਿੰਦੂਤਵੀ ਸੰਗਠਨ 'ਸ਼ਿਵ ਪ੍ਰਤਿਸ਼ਠਾਨ ਹਿੰਦੁਸਤਾਨ' ਦੇ ਸੰਭਾ ਜੀ ਭਿੰਡੇ ਅਤੇ 'ਸਮਸਤ ਹਿੰਦੂ ਅਗਰਵਾਦੀ ਸੰਗਠਨ' ਦੇ ਮਿਲਿੰਦ ਏਕਬੋਟੇ ਦੇ ਇਸ਼ਾਰੇ 'ਤੇ ਕੀਤਾ ਗਿਆ। ਇਹਨਾਂ ਲੋਕਾਂ ਦੀ ਮੌਜੂਦਾ ਸਰਕਾਰ ਵਿੱਚ ਚੰਗੀ ਪੁੱਗਤ ਹੈ। ਇਸ ਹਿੰਸਾ ਦੇ ਖਿਲਾਫ਼ ਪੁਲਿਸ ਰਪਟ ਵੀ ਦਰਜ ਕਰਵਾਈ ਗਈ ਜਿਸ ਵਿੱਚ ਇਹਨਾਂ ਦਾ ਨਾਮ ਦਰਜ ਹੈ। ਪਰੰਤੂ ਉਸ ਵੇਲੇ ਦੀ ਫੜਨਵੀਸ ਸਰਕਾਰ ਨੇ ਇਹਨਾਂ ਹਿੰਦੂਤਵੀ ਆਗੂਆਂ 'ਤੇ ਕੋਈ ਕਾਰਵਾਈ ਕਰਨ ਦੀ ਥਾਂ ਐਲਗਾਰ ਪ੍ਰੀਸ਼ਦ ਨੂੰ ਹੀ ਹਿੰਸਾ ਦਾ ਕਾਰਣ ਬਣਾ ਦਿੱਤਾ। ਸ਼ਹਿਰੀ ਮਾਓਵਾਦ, ਨਕਸਲੀ ਅਤੇ ਪ੍ਰਧਾਨ ਮੰਤਰੀ ਨੂੰ ਮਾਰਣ ਦੀ ਸਾਜਿਸ਼ ਵਰਗੇ ਦੋਸ਼ ਘੜਣੇ ਸ਼ੁਰੂ ਕਰ ਦਿੱਤੇ। ਐਲਗਾਰ ਪ੍ਰੀਸ਼ਦ ਵੱਲੋਂ ਦਰਜ ਕਰਾਈ ਐੱਫ.ਆਈ.ਆਰ 'ਤੇ ਕਾਰਵਾਈ ਦੀ ਥਾਂ 8 ਜਨਵਰੀ 2018 ਨੂੰ ਪੂਨੇ ਦੇ ਵਿਸ਼ਰਾਮ ਬਾਗ ਥਾਣੇ ਵਿੱਚ ਧਾਰਾ 153 ਏ, 505 (1) ਬੀ, ਧਾਰਾ 34 ਅਤੇ ਧਾਰਾ 117 ਤਹਿਤ ਬਰਸੀ ਦੇ ਆਯੋਜਕਾਂ ਅਤੇ ਇਸ 'ਚ ਸ਼ਾਮਲ ਜ਼ਮਹੂਰੀ ਆਗੂਆਂ 'ਤੇ ਹੀ ਕੇਸ ਦਰਜ ਕਰ ਲਿਆ ਗਿਆ। ਬਾਅਦ ਵਿੱਚ ਅਪਰਾਧਿਕ ਸਾਜਿਸ਼ ਤਹਿਤ ਯੂ.ਏ.ਪੀ.ਏ. ਵੀ ਨਾਲ ਜੋੜ ਦਿੱਤਾ ਗਿਆ। ਸੁਪਰੀਮ ਕੋਰਟ ਵੱਲੋਂ ਸੰਭਾ ਜੀ ਭਿੰਡੇ ਨੂੰ ਗ੍ਰਿਫਤਾਰ ਕਰਨ ਦੇ ਹੁਕਮਾਂ ਦੇ ਬਾਵਜੂਦ ਉਹਨਾਂ ਖਿਲਾਫ ਕੇਸ ਵਾਪਸ ਲੈ ਲਏ ਗਏ।

ਇਸ ਐੱਫ.ਆਈ.ਆਰ. 'ਤੇ ਕਾਰਵਾਈ ਕਰਦੇ ਹੋਏ ਵਕੀਲਾਂ ਦੀ ਸਰਬ ਭਾਰਤੀ ਜਥੇਬੰਦੀ ਦੇ ਆਗੂ ਸੁਰੇਂਦਰ ਗਾਡਲਿੰਗ, ਨਾਗਪੁਰ ਯੂਨੀਵਰਸਿਟੀ ਦੇ ਅੰਗਰੇਜੀ ਵਿਭਾਗ ਦੀ ਪ੍ਰੋਫੈਸਰ ਸੋਮਾ ਸੇਨ, ਮਰਾਠੀ ਪੱਤਰਿਕਾ 'ਵਿਦਰੋਹੀ' ਦੇ ਸੰਪਾਦਕ ਸੁਧੀਰ ਧਾਵਲੇ, ਸਿਆਸੀ ਕੈਦੀਆਂ ਦੀ ਰਿਹਾਈ ਲਈ ਮੰਚ ਦੇ ਆਗੂ ਰੋਨਾ ਵਿਲਸਨ ਅਤੇ ਵਿਸਥਾਪਣ ਵਿਰੋਧੀ ਅੰਦੋਲਨ ਦੇ ਕਾਰਕੁੰਨ ਮਹੇਸ਼ ਰਾਓਤ ਨੂੰ 6 ਜੂਨ 2018 ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫਤਾਰੀਆਂ ਦਾ ਸਿਲਸਿਲਾ ਬਹੁਤ ਪੁਰਾਣਾ ਹੈ। 'ਸਲਵਾ ਜੁਡਮ' ਨਾਂ ਦੀ ਚੌਕਸੀ ਸੈਨਾ ਦੇ ਵਿਰੋਧ ਵਿੱਚ ਪੀ.ਯੂ.ਸੀ.ਐੱਲ (ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼) ਛੱਤੀਸਗੜ੍ਹ ਦੇ ਜਨਰਲ ਸਕੱਤਰ

ਮਸ਼ਹੂਰ ਡਾ. ਬਿਨਾਇਕ ਸੇਨ ਨੂੰ ਜੇਲ੍ਹ ਵਿੱਚ ਭੇਜਿਆ ਗਿਆ। ਉਸਦੀ ਥਾਂ ਸੁਧਾ ਭਾਰਦਵਾਜ ਨੇ ਲੈ ਲਈ। ਪ੍ਰੋ. ਸਾਈ ਬਾਬਾ ਜੋ ਬਸਤਰ ਵਿੱਚ ਨੀਮ ਫੌਜੀ ਬਲਾਂ ਦੇ ਧੱਕੇ ਖਿਲਾਫ ਬੋਲਦੇ ਸਨ, ਨੂੰ ਗ੍ਰਿਫਤਾਰ ਕਰ ਲਿਆ। ਰੋਨਾ ਵਿਲਸਨ ਅਤੇ ਸੁਰਿੰਦਰ ਗਾਡਲਿੰਗ ਨੂੰ ਗ੍ਰਿਫਤਾਰ ਕਰ ਲਿਆ ਤਾਂ ਗੌਤਮ ਨਵਲੱਖਾ ਤੇ ਕਈ ਹੋਰ ਉਹਨਾਂ ਦੇ ਹੱਕ ਵਿੱਚ ਖੜ੍ਹੇ ਹੋਏ। ਇਹ ਕਾਰਨ ਹੈ ਕਿ 28 ਅਗਸਤ ਸਵੇਰੇ ਸਾਝਰੇ ਪੂਣੇ ਦੀਆਂ ਕਈ ਪੁਲਿਸ ਟੀਮਾਂ ਵੱਲੋਂ ਹੈਦਰਾਬਾਦ, ਮੁੰਬਈ, ਦਿੱਲੀ, ਫਰੀਦਾਬਾਦ, ਰਾਂਚੀ ਅਤੇ ਗੋਆ ਵਿੱਚ 9 ਉੱਘੀਆਂ ਜਮਹੂਰੀ ਸਖਸ਼ੀਅਤਾਂ ਦੇ ਘਰਾਂ ਵਿੱਚ ਛਾਪੇ ਮਾਰੇ ਗਏ। ਹੈਦਰਾਬਾਦ (ਤਿਲੰਗਾਨਾ) ਵਿੱਚ ਇਨਕਲਾਬੀ ਕਵੀ ਪ੍ਰੋ. ਵਰਵਰਾ ਰਾਓ, ਰੈਵੋਲਿਊਸ਼ਨਰੀ ਰਾਈਟਰਜ਼ ਐਸੋਸੀਏਸ਼ਨ ਦੇ ਅਸੀਮ ਕ੍ਰਾਂਤੀ, ਮੁੰਬਈ ਵਿੱਚ ਅਰੁਨ ਫਰੇਰਾ, ਵਰਨੋਨ ਗੋਜ਼ਾਲਵੇਜ਼ ਅਤੇ ਉਸ ਦੀ ਜੀਵਨ ਸਾਥਨ ਸੁਸਾਨ ਅਬਰਾਹਮ, ਗੋਆ ਵਿੱਚ ਅਨੰਦ ਤੇਲਤੁੰਮਡੇ (ਘਰ ਨਾ ਹੋਣ ਕਾਰਨ ਬਚ ਗਏ), 83 ਸਾਲਾਂ ਪਾਦਰੀ ਸਟੈਨ ਸਵਾਮੀ, ਦਿੱਲੀ ਵਿੱਚ ਗੌਤਮ ਨਵਲੱਖਾ ਅਤੇ ਫਰੀਦਾਬਾਦ ਵਿੱਚ ਸੁਧਾ ਭਾਦਰਵਾਜ ਨੂੰ ਹਿਰਾਸਤ ਵਿੱਚ ਲੈ ਲਿਆ। ਹਾਈਕੋਰਟ ਵਿੱਚ ਹੈਬੀਅਸ ਕਾਰਪਸ ਪਾਏ ਜਾਣ ਕਾਰਣ ਅਤੇ ਟਰਾਂਜਿਟ ਰਿਮਾਂਡ ਅਗਲੇ ਦਿਨ ਪਾਏ ਜਾਣ ਕਾਰਨ ਗੌਤਮ ਨਵਲੱਖਾ ਨੂੰ ਘਰੇ ਨਜਰਬੰਦ ਕਰਨਾ ਪਿਆ ਅਤੇ ਗ੍ਰਿਫਤਾਰੀ ਤੋਂ ਕੁੱਝ ਸਮੇਂ ਲਈ ਰਾਹਤ ਮਿਲੀ। ਬਾਕੀਆਂ ਨੂੰ ਪੁਲਿਸ ਰਿਮਾਂਡ ਲੈ ਕੇ ਹਿਰਾਸਤ ਵਿੱਚ ਲੈ ਲਿਆ। ਗੌਤਮ ਨਵਲੱਖਾ ਅਤੇ ਅਨੰਦ ਤੇਲਤੁੰਬੜੇ ਨੂੰ ਹੁਣ ਮਈ ਵਿੱਚ ਕਰੋਨਾ ਸਮੇਂ ਗ੍ਰਿਫਤਾਰ ਕੀਤਾ ਗਿਆ। ਸਾਰੇ ਉੱਚ ਕੋਟੀ-ਬੁੱਧੀਜੀਵੀਆਂ, ਪ੍ਰੋਫੈਸਰਾਂ, ਮਨੁੱਖੀ ਹੱਕਾਂ ਦੇ ਵੱਡੇ ਆਗੂਆਂ ਦੀ ਗ੍ਰਿਫਤਾਰੀ ਦੇ ਖਿਲਾਫ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਵੱਡੇ ਚਿੰਤਕਾਂ, ਆਗੂਆਂ ਅਤੇ ਜਥੇਬੰਦੀਆਂ ਨੇ ਝੂਠੇ ਕੇਸ ਰੱਦ ਕਰਨ ਲਈ ਅਪੀਲਾਂ ਕੀਤੀਆਂ। ਜਿਨ੍ਹਾਂ ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ, ਉੱਘੇ ਅਮਰੀਕੀ ਚਿੰਤਕ ਨੌਮ ਚੌਮਸਕੀ, ਅਰੁੰਧਤੀ ਰਾਏ, ਰੋਮਿਲਾ ਥਾਪਰ ਆਦਿ ਸ਼ਾਮਲ ਹਨ। ਪਰੰਤੂ ਸਰਕਾਰ ਇਹ ਗ੍ਰਿਫਤਾਰੀਆਂ ਕਰਕੇ ਉਹਨਾਂ ਉੱਪਰ ਸ਼ਹਿਰੀ ਨਕਸਲੀ, ਮਾਓਵਾਦੀ ਜਥੇਬੰਦੀਆਂ ਦੇ ਪਿੱਛੇ ਦਿਮਾਗ ਆਦਿ ਵਿਸ਼ੇਸ਼ਣ ਲਗਾ ਕੇ ਬਾਕੀ ਜਮਹੂਰੀ ਲੋਕਾਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਫਿਰਕੂ ਨਫਰਤ ਦੇ ਟੀਕੇ ਲਗਾ ਰਹੀ ਹੈ। ਫਿਰਕੂ ਨਫਰਤ ਦਾ ਇਹ ਜ਼ਹਿਰ ਮੁਸਲਮਾਨਾਂ, ਦਲਿਤਾਂ, ਕੰਮੀਆਂ ਅਤੇ ਹੋਰ ਅਖੌਤੀ ਛੋਟੀਆਂ ਜਾਤਾਂ ਨੂੰ ਆਮ ਮੱਧ ਵਰਗੀ ਹਿੰਦੂ ਬਹੁਮਤ ਜਨਸੰਖਿਆ ਲਈ ਖਤਰਾ ਕਰਾਰ ਦੇ ਕੇ ਸਰਕਾਰ ਵੋਟਾਂ ਦਾ ਧਰੁਵੀਕਰਨ ਕਰਨ ਲੱਗੀ ਹੋਈ ਹੈ।

**ਵਰਵਰਾ ਰਾਓ ਕੌਣ ਹੈ**



3 ਨਵੰਬਰ 1940 ਨੂੰ ਤਿਲੰਗਾਨਾ ਦੇ ਉੱਤਰੀ ਜ਼ਿਲੇ ਵਾਰੰਗਲ ਵਿੱਚ ਜਨਮੇ ਵਰਵਰਾ ਰਾਓ ਤਿਲੰਗਾਨਾ ਰਾਜ ਦੀ ਨਾਮਵਰ ਸਖਸ਼ੀਅਤ ਹਨ। ਤੇਲਗੂ ਸਾਹਿਤ, ਤੇਲਗੂ ਸੱਭਿਆਚਾਰ, ਤੇਲਗੂ ਪਹਿਚਾਨ, ਤੇਲਗੂ ਭਾਸ਼ਾ ਦੇ ਮਾਹਰ, ਵਰਵਰਾ ਰਾਓ ਨੇ ਤਿਲੰਗਾਨਾ ਦੀ ਅਲੱਗ ਪਹਿਚਾਣ ਸਥਾਪਤ ਕਰਨ ਵਿੱਚ ਮੋਢੀ ਰੋਲ ਅਦਾ ਕੀਤਾ। ਉਹਨਾਂ ਤੇਲਗੂ ਸਾਹਿਤ ਦਾ ਆਲੋਚਨਾਤਮਿਕ ਅਧਿਐਨ 40 ਸਾਲ ਆਂਧਰਾ ਪ੍ਰਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ। “ਤਿਲੰਗਾਨਾ ਮੁਕਤੀ ਸੰਘਰਸ਼” ਉੱਤੇ ਉਸ ਦਾ ਸੋਧ ਪੱਤਰ ਬੇਹੱਦ ਚਰਚਾ ਵਿੱਚ ਰਿਹਾ। ਉਹਨਾਂ ਨੇ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਬਹੁਤ ਸਾਰੇ ਸੰਗਠਨਾਂ ਨੂੰ ਅਗਵਾਈ ਦਿੱਤੀ। ਰਾਇਤ ਕੂਲੀ ਸੰਗਮ, ਵਿਰਾਸਮ, ਮਜ਼ਦੂਰ ਕਿਸਾਨ ਸੰਘਰਸ਼ ਸੰਮਤੀ, ਏਪੀਸੀਐੱਲਸੀ, ਆਰ.ਡੀ.ਐਫ, ਏ.ਆਈ.ਪੀ.ਆਰ.ਐੱਫ. ਆਦਿ ਕੁੱਝ ਕੁ ਸੰਗਠਨਾਂ ਦੇ ਨਾਮ ਹਨ। ਉਨ੍ਹਾਂ ਜੰਗਲਾਂ ਵਿੱਚ ਚੱਲ ਰਹੇ ਆਦਿਵਾਸੀ ਸੰਘਰਸ਼ ਦੀ ਵੀ ਹਮਾਇਤ ਕੀਤੀ। ਸੱਤਾ ਵਿੱਚ ਮੌਜੂਦ ਰਹੇ ਹਿੱਸੇ ਵੀ ਅਨੇਕਾਂ ਮਸਲਿਆਂ ਵਿੱਚ ਉਸ ਦੀ ਸਲਾਹ ਲੈਂਦੇ ਰਹੇ। ਮਾਓਵਾਦੀ ਸੰਘਰਸ਼ ਦੀ ਸੱਤਾ ਵਿਚਕਾਰ ਗੱਲਬਾਤ ਕਰਵਾਉਣ ਵਿੱਚ ਵੀ ਉਹਨਾਂ ਦਾ ਰੋਲ ਰਿਹਾ। ਇਸ ਤਰ੍ਹਾਂ ਦੀ ਪ੍ਰੁੱਗਤ ਦੇ ਬਾਵਜੂਦ ਵੀ ਉਹ ਅਸੂਲਾਂ, ਨਿਯਮਾਂ, ਵਿਚਾਰਧਾਰਾ ’ਤੇ ਐਨੇ ਦ੍ਰਿੜ ਹਨ ਕਿ ਕੋਈ ਵੀ ਉਹਨਾਂ ਦੇ ਥਿੜਕਣ ਬਾਰੇ ਸੋਚ ਹੀ ਨਹੀਂ ਸਕਦਾ। ਬੇਹੱਦ ਸਨਿਮਰ, ਆਪਣੀ ਗੱਲ ਨੂੰ ਬਹੁਤ ਹੀ ਠਰੰਮੇ ਨਾਲ, ਤਰਕ ਭਰਪੂਰ ਢੰਗ ਨਾਲ ਕਹਿਣ ਦਾ ਉਹਨਾਂ ਕੋਲ ਹੁਨਰ ਹੈ। ਉਹ ਸਾਥੀਆਂ ਨੂੰ ਕੀਲ ਕੇ ਰੱਖ ਦਿੰਦੇ ਹਨ। ਉਹਨਾਂ ਦੀ ਸੰਗਤ ਵਿੱਚ ਆਇਆ ਵਿਅਕਤੀ ਉਹਨਾਂ ਦਾ ਪ੍ਰਭਾਵ ਕਬੂਲੇ ਬਿਨਾਂ ਨਹੀਂ ਰਹਿ ਸਕਦਾ। ਉਹਨਾਂ ਦਾ ਪੰਜਾਬ ਨਾਲ ਵੀ ਚੰਗਾ ਰਿਸ਼ਤਾ ਰਿਹਾ ਹੈ। ਇੱਥੇ ਵੀ ਕਿੰਨੇ ਹੀ ਜਮਹੂਰੀ ਹੱਕਾਂ ਅਤੇ ਚੇਤਨਾ ਦੇ ਪ੍ਰੋਗਰਾਮਾਂ ਵਿੱਚ ਉਹਨਾਂ ਸੰਬੋਧਨ ਕੀਤਾ ਹੈ। ਸੰਕੋਚਵਾ ਖਾਣ ਪੀਣ, ਸੰਕੋਚਵੀ ਪਰਪੱਕ ਬੋਲ ਬਾਣੀ, ਗੰਭੀਰ ਫਲਸਫਾਨਾ ਸੋਚ ਉਹਨਾਂ ਦੀ ਸਖਸ਼ੀਅਤ ਦੇ ਉੱਘੜਵੇਂ ਲੱਛਣ ਹਨ। ਉਹਨਾਂ ਦੀ ਸਮਾਜ ਅਤੇ ਸੱਤਾ ਬਾਰੇ ਸਪਸ਼ਟ ਪਹੁੰਚ ਹੈ। ਹਰ ਗੱਲ ਨੂੰ ਮਾਰਕਸੀ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਸਟੀਕ ਢੰਗ ਨਾਲ ਵਿਸ਼ਲੇਸ਼ਣ ਕਰਕੇ ਸਮਝਾਉਂਦੇ ਹਨ।

ਉਹ ਪੂਰੀ ਜ਼ਿੰਦਗੀ ਵਿੱਚ ਲੰਬਾ ਸਮਾਂ ਜੇਲ੍ਹਾਂ ਵਿੱਚ ਰਹੇ ਹਨ ਅਤੇ ਕਈ ਮੁਕੱਦਮਿਆਂ ਦਾ ਸਾਹਮਣਾ ਕੀਤਾ। 1973

ਤੋਂ ਸ਼ੁਰੂ ਹੋਇਆ ਜੇਲ੍ਹਾਂ ਦਾ ਸਫਰ 1974 ਦੇ ਸਿਕੰਦਰਾਬਾਦ ਸਾਜਿਸ਼ ਕੇਸ, ਜੋ 15 ਸਾਲ ਚੱਲਿਆ, ਤੋਂ ਅੱਜ ਤੱਕ ਜਾਰੀ ਹੈ। ਹੁਣ ਉਹਨਾਂ ਨੂੰ ਭੀਮਾ ਕੋਰੇਗਾਓ ਸਾਜਿਸ਼ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਐਮਰਜੈਂਸੀ ਸਮੇਂ ਉਹਨਾਂ ਨੂੰ ਮੁਲਾਕਾਤ ਦੀ ਆ ਗਿਆ ਨਹੀਂ ਦਿੱਤੀ ਗਈ ਅਤੇ ਸਭ ਤੋਂ ਬਾਅਦ ਮੀਸਾ ਖਤਮ ਕਰਨ 'ਤੇ ਰਿਹਾਅ ਕੀਤਾ ਗਿਆ। 1983 ਵਿੱਚ ਐੱਨ.ਟੀ. ਰਾਮਾਰਾਓ ਦੀ ਸਰਕਾਰ, ਜੋ ਨਕਸਲੀਆਂ ਦੀ ਦੇਸ਼ ਭਗਤੀ ਦੀ ਪ੍ਰਸੰਸਾ ਕਰਦਿਆ ਨਹੀਂ ਸੀ ਥੱਕਦੀ 1985 ਵਿੱਚ ਉਹਨਾਂ ਤੇ ਹੀ ਜਬਰ ਕਰਦੀ ਹੈ ਜਿਸ ਵਿਰੁੱਧ ਵਰਵਰਾ ਰਾਓ ਨੇ ਪੂਰੇ ਭਾਰਤ ਵਿੱਚ ਜਨਤਕ ਰੋਹ ਲਹਿਰ ਲਾਮਬੰਦ ਕਰਨ ਵਿੱਚ ਪੂਰਾ ਯੋਗਦਾਨ ਪਾਇਆ। ਉਸ ਸਮੇਂ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਰਾਮਾਨਾਥਮ ਦੀ ਪੁਲਿਸ ਨੇ ਮੁਕਾਬਲਾ ਬਣਾ ਕੇ ਹੱਤਿਆ ਕੀਤੀ। ਵਰਵਰਾ ਰਾਓ ਜਿਹੜਾ ਉਸ ਦਾ ਪੱਕਾ ਸੰਗੀ ਸੀ ਉਹ ਵੀ ਪੁਲਿਸ ਦੇ ਨਿਸ਼ਾਨੇ 'ਤੇ ਸੀ। 1986 ਵਿੱਚ ਰਾਮ ਨਗਰ ਸਾਜਿਸ਼ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ। ਭਾਵੇਂ 1988 ਵਿੱਚ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਪਰੰਤੂ ਮੁਕੱਦਮਾ 17 ਸਾਲਾਂ ਬਾਅਦ 2003 ਵਿੱਚ ਖਤਮ ਹੋਇਆ। 1990 ਤੋਂ ਬਾਅਦ ਅੱਜ ਕੱਲ੍ਹ ਉਹ ਹੈਦਰਾਬਾਦ ਵਿਖੇ ਰਹਿ ਰਹੇ ਹਨ।

ਇਸ ਤਰ੍ਹਾਂ ਲੰਬਾ ਸਮਾਂ ਜੇਲ੍ਹਾਂ ਵਿੱਚ ਰਹਿਣ ਕਾਰਣ ਉਹ ਪੂਰੇ ਭਾਰਤ ਨੂੰ ਇੱਕ ਵੱਡੀ ਜੇਲ੍ਹ ਅਤੇ ਅਸਲੀ ਜੇਲ੍ਹ ਨੂੰ ਛੋਟੀ ਜੇਲ੍ਹ ਕਹਿੰਦੇ ਹਨ। ਉਹਨਾਂ ਨੇ ਜੇਲ੍ਹ ਜੀਵਨ ਸਮੇਂ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਉਹਨਾਂ ਦੀਆਂ 15 ਕਿਤਾਬਾਂ ਕਵਿਤਾ ਦੀਆਂ ਹੀ ਹਨ ਜੋ ਵਿਸ਼ਵ ਪ੍ਰਸਿੱਧ ਸਾਹਿਤ ਦਾ ਹਿੱਸਾ ਹਨ। ਉਹਨਾਂ ਵਿੱਚੋਂ ਬਹੁਤੀਆਂ ਦਾ ਹੋਰ ਭਾਸ਼ਾਵਾਂ ਵਿੱਚ ਤਰਜਮਾ ਹੋ ਚੁੱਕਿਆ ਹੈ। 'ਕੈਪਟਵ ਅਮੈਜੀਨੇਸ਼ਨ' ਪੈਂਗੁਇਨ ਵੱਲੋਂ ਅੰਗਰੇਜੀ ਵਿੱਚ ਅਨੁਵਾਦ ਕੀਤੀ ਕਿਤਾਬ ਵਿਸ਼ਵ ਪ੍ਰਸਿੱਧ ਪੁਸਤਕ ਹੈ। ਉਹਨਾਂ ਦਾ ਇੱਕ ਨਾਵਲ ਸਮਾਜ ਅਤੇ ਸਾਹਿਤ ਵਿੱਚ ਅੰਤਰ ਸਬੰਧਾਂ ਬਾਰੇ ਪੂਰੇ ਸੰਸਾਰ ਅੰਦਰ ਚਰਚਾ ਦਾ ਵਿਸ਼ਾ ਬਣਿਆ ਹੈ।

ਉਹ ਆਪਣੀ ਪਤਨੀ ਹੇਮ ਲਥਾ ਨੈਲੂਟਲਾ ਨਾਲ ਹੈਦਰਾਬਾਦ ਵਿਖੇ ਰਹਿ ਰਹੇ ਸਨ ਜਿੱਥੇ 18 ਅਗਸਤ 2018 ਨੂੰ ਉਹਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਉਹਨਾਂ ਦੀਆਂ ਤਿੰਨ ਬੇਟੀਆ ਸਹਾਜਾ, ਕੇ.ਪਵਨ ਅਤੇ ਅਨਾਲਾ ਹਨ। ਉਸ ਦੀ ਇੱਕ ਬੇਟੀ ਕੇ ਪਵਨ ਦੇ ਘਰ ਛਾਪਾ ਮਾਰ ਕੇ ਪੁਲਿਸ ਨੇ ਉਸ ਤੋਂ ਬਹੁਤ ਹੀ ਪਿਛਾਖੜੀ ਸਵਾਲ ਪੁੱਛੇ, "ਤੇਰਾ ਪਤੀ ਦਲਿਤ ਹੈ, ਤੂੰ ਬ੍ਰਾਹਮਣ ਹੈ। ਤੂੰ ਬਿੰਦੀ ਸਿੰਧੂਰ ਕਿਉਂ ਨਹੀਂ ਲਾਉਂਦੀ? ਤੂੰ ਗਹਿਣੇ ਕਿਉਂ ਨਹੀਂ ਪਹਿਣਦੀ? ਤੇਰੇ ਘਰ ਵਿੱਚ ਐਨੀਆਂ ਕਿਤਾਬਾਂ ਕਿਉਂ ਹਨ? ਤੇਰੇ ਘਰ ਗੀਤਾ ਦੀ ਥਾਂ ਗ਼ਦਰ ਦੀਆਂ ਕਿਤਾਬਾਂ ਕਿਉਂ ਹਨ?" ਇਹੋ ਜਿਹੇ ਸਵਾਲ ਮਸ਼ਹੂਰ ਕਵੀ, ਚਿੰਤਕ, ਲੋਕ ਆਗੂ ਦੀ ਬੇਟੀ, ਜੋ ਹੈਦਰਾਬਾਦ ਦੇ ਅੰਗਰੇਜੀ ਦੇ ਪ੍ਰੋਫੈਸਰ ਸਤਿਆ ਨਰਾਇਣ ਨੂੰ ਵਿਆਹੀ ਹੋਈ ਹੈ ਜੋ ਆਪ ਵੀ ਉੱਘੀ ਬੁੱਧੀਜੀਵੀ ਅਤੇ ਦਲਿਤ ਕਾਰਕੁੰਨ ਹੈ ਨੂੰ ਪੁੱਛ ਕੇ ਜਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਮੂਹ ਜਮਹੂਰੀ ਲੋਕਾਂ ਨੂੰ ਇਹਨਾਂ ਦੀ ਰਿਹਾਈ ਲਈ ਅਵਾਜ਼ ਬੁਲੰਦ ਕਰਨ ਦੀ ਲੋੜ ਹੈ। (ਚਲਦਾ)

**94632 18707**

*ਔਰੰਗਾਬਾਦ ਵਿੱਚ ਮਾਲ ਗੱਡੀ ਵੱਲੋਂ ਫੇਹੇ ਰੇਲਵੇ ਟਰੈਕ 'ਤੇ ਸੁੱਤੇ 16 ਮਜ਼ਦੂਰਾਂ ਦੇ ਨਾਮ*

## ਰੋਟੀਆਂ ਦੀ ਖਾਤਰ

ਇੰਨਾਂ ਰੋਟੀਆਂ ਦੀ ਤਲਾਸ਼ ਵਿੱਚ ਹੀ
ਉਹ ਆਏ ਸੀ ਪਿੰਡ ਤੋਂ ਉਜੜ ਕੇ ਸ਼ਹਿਰ ਵਿੱਚ
ਰੋਟੀਆਂ ਦੀ ਹੀ ਖ਼ਾਤਰ ਉਹਨਾਂ ਨੇ
ਫੈਕਟਰੀ ਵਿੱਚ ਲੋਹਾ ਗਾਲਿਆ
ਅਤੇ ਗਾਲਿਆ ਆਪਣਾ ਹੱਡ ਮਾਸ
ਅਚਾਨਕ ਰੋਟੀ ਦੀ ਤਲਾਸ਼ ਵਿੱਚ
ਉਹਨਾਂ ਨੇ ਫਿਰ ਪਿੰਡ ਵੱਲ ਮੋੜਾ ਘੱਤਿਆ
ਪਰ ਇਸ ਤੋਂ ਪਹਿਲਾਂ ਕਿ ਉਹ ਰੋਟੀ ਖਾਹ ਪਾਉਂਦੇ
ਉਹਨਾਂ ਦੇ ਗਾਲੇ ਹੋਏ ਲੋਹੇ ਦੀਆਂ
ਪਟੜੀਆਂ ਅਤੇ ਪਹੀਆਂ ਵਿੱਚ
ਫੇਹ ਦਿੱਤਾ ਗਿਆ ਉਹਨਾਂ ਦਾ ਹੱਡ ਮਾਸ

*ਲੋਕ ਸਿਆਣਪ:*

## ਆਪਣੇ ਆਪ ਨਾਲ ਗੱਲ

ਹਰ ਰੋਜ਼ ਸੌਂ ਜਾਣ ਤੋਂ ਪਹਿਲਾਂ ਕੁਝ ਸਮਾਂ ਆਪਣੇ ਆਪ ਨੂੰ ਦਿਓ। ਯਾਦ ਕਰੋ ਤੇ ਸੋਚੋ ਕਿ ਤੁਸੀ ਆਪਣੀ ਚੇਤਨਤਾ ਵਿੱਚ ਕੀ ਵਾਧਾ ਕੀਤਾ ਹੈ। ਹਾਸਲ ਗਿਆਨ ਦੂਸਰਿਆਂ ਨੂੰ ਵੰਡਣ ਅਤੇ ਦੂਸਰਿਆਂ ਨੂੰ ਖੁਸ਼ੀ/ਆਨੰਦ ਦੇਣ ਲਈ ਕੀ ਕੀਤਾ ਹੈ?

ਜੇ ਜੁਆਬ ਤਸੱਲੀ ਬਖਸ਼ ਹੈ ਤਾਂ ਆਪਣੇ ਆਪ ਨੂੰ ਸ਼ਾਬਾਸ਼ ਦਿਓ। ਆਪਣੇ ਆਪ 'ਤੇ ਮਾਣ ਕਰੋ। ਜੇ ਅਜਿਹਾ ਕੁਝ ਵੀ ਚੇਤੇ ਨਹੀਂ ਆਉਂਦਾ ਤਾਂ ਸਮਝ ਲਵੋ ਕਿ ਅੱਜ ਦਾ ਦਿਨ ਤੁਸੀਂ ਫਜ਼ੂਲ ਤੇ ਬੇਅਰਥ ਗੁਆ ਦਿੱਤਾ ਹੈ। ਥੋੜ੍ਹਾ ਪਛਤਾਵਾ ਕਰ ਲਵੋ ਤੇ ਆਪਣੇ ਆਪ ਨਾਲ ਵਾਅਦਾ ਵੀ ਕਰ ਲਵੋ ਕਿ ਕੱਲ੍ਹ ਦਾ ਦਿਨ ਅੱਜ ਵਾਂਗ ਫਜ਼ੂਲ ਨਹੀਂ ਗੁਆਉਣਾ।

*ਵਿਦਿਆਰਥੀਆਂ ਲਈ*

# ਆਓ ਵਿਗਿਆਨਕ ਕਾਰਣ ਜਾਣੀਏ



**ਰਣਧੀਰ ਗਿੱਲਪੱਤੀ**

ਵਿਦਿਆਰਥੀ ਦੋਸਤੋ, ਤੁਸੀਂ ਪਿਛਲੀ ਜਮਾਤ ਚੰਗੇ ਨੰਬਰ ਲੈ ਕੇ ਪਾਸ ਕਰ ਲਈ ਹੋਵੇਗੀ ਤੇ ਹੁਣ ਅਗਲੀ ਉਚੇਰੀ ਜਮਾਤ ਵਿੱਚ ਦਾਖਲ ਹੋ ਚੁੱਕੇ ਹੋਵੋਗੇ। ਇਸ ਲਈ ਅਦਾਰਾ 'ਤਰਕਸ਼ੀਲ' ਵੱਲੋਂ ਤੁਹਾਨੂੰ ਸਾਬਾਸ਼। ਇਹ ਵੀ ਉਮੀਦ ਕਰਦੇ ਹਾਂ ਕਿ ਤੁਸੀਂ ਵੱਖ-ਵੱਖ ਘਟਨਾਵਾਂ ਤੇ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਣਾਂ ਨੂੰ ਘੋਖਣ, ਪਰਖਣ, ਸਹੀ ਨਤੀਜੇ 'ਤੇ ਪਹੁੰਚਣ ਅਤੇ ਆਪਣੇ ਗਿਆਨ ਦਾ ਹਿੱਸਾ ਬਣਾਉਣ ਵਿੱਚ ਪਹਿਲਾਂ ਵਾਂਗ ਹੀ ਰੁਚੀ ਬਰਕਰਾਰ ਰੱਖੋਗੇ। ਆਓ ਇੱਕ ਵਾਰ ਫਿਰ ਕੁਝ ਹੋਰ ਵਰਤਾਰਿਆਂ ਪਿੱਛੇ ਕੰਮ ਕਰਦੇ ਕਾਰਣਾਂ ਨੂੰ ਫਰੋਲੀਏ ਤੇ ਆਪਣੀ ਵਿਗਿਆਨਕ ਸਮਝ ਨੂੰ ਪਰਪੱਕ ਕਰੀਏ।

**ਉਚਾਈ ਤੋਂ ਡਿੱਗਣ ਨਾਲ ਪ੍ਰਿਥਵੀ ਦੀ ਨਿਸਬਤ ਚੰਨ ਉੱਪਰ ਚੋਟ ਘੱਟ ਲਗਦੀ ਹੈ, ਕਿਉਂ ?**

ਬ੍ਰਹਿਮੰਡ ਦੀਆਂ ਸਾਰੀਆਂ ਹੀ ਵੱਡੀਆਂ ਛੋਟੀਆਂ ਵਸਤੂਆਂ ਇੱਕ ਦੂਜੇ ਨੂੰ ਆਪਣੇ ਵੱਲ ਖਿਚਦੀਆਂ ਹਨ। ਕੁਦਰਤ ਦੇ ਇਸ ਸਰਵ-ਵਿਆਪੀ ਨਿਯਮ ਦੀ ਖੋਜ ਮਹਾਨ ਭੌਤਿਕ ਵਿਗਿਆਨੀ ਸਰ ਆਈਜ਼ਕ ਨਿਊਟਨ ਨੇ ਕੀਤੀ ਸੀ। ਉਹਨਾਂ ਨੇ ਇਸ ਖਿੱਚ ਨੂੰ ਗੁਰੂਤਾ ਖਿੱਚ ਦਾ ਨਾਮ ਦਿੱਤਾ ਸੀ। ਇਹ ਨਿਯਮ ਸਾਡੀ ਪ੍ਰਿਥਵੀ ਤੇ ਚੰਨ ਸਮੇਤ ਬ੍ਰਹਿਮੰਡ ਦੇ ਸਾਰੇ ਹੀ ਗ੍ਰਹਿਆਂ, ਉੱਪ ਗ੍ਰਹਿਆਂ, ਸੂਰਜਾਂ, ਤਾਰਿਆਂ ਉਲਕਾਪਿੰਡਾਂ ਆਦਿ 'ਤੇ ਲਾਗੂ ਹੁੰਦਾ ਹੈ। ਹਰ ਪੁਲਾੜੀ ਪਿੰਡ ਵਸਤੂਆਂ ਨੂੰ ਆਪਣੇ ਕੇਂਦਰ ਵੱਲ ਖਿਚਦਾ ਹੈ, ਤੇ ਇਸ ਨੂੰ ਗੁਰੂਤਾ ਖਿੱਚ ਕਹਿੰਦੇ ਹਨ। ਹਰ ਪਿੰਡ ਦੀ ਗੁਰੂਤਾ ਖਿੱਚ ਉਸਦੇ ਪੁੰਜ ਦੀ ਮਾਤਰਾ ਅਨੁਸਾਰ ਵੱਧ ਜਾਂ ਘੱਟ ਹੁੰਦੀ ਹੈ। ਸਾਡੀ ਪ੍ਰਿਥਵੀ ਵੀ ਸਾਡੇ ਸਮੇਤ ਹਰ ਵਸਤੂ ਨੂੰ ਆਪਣੇ ਕੇਂਦਰ ਵੱਲ ਖਿੱਚਦੀ ਹੈ। ਦਰਅਸਲ ਸਾਡੇ ਸਰੀਰ ਦਾ ਭਾਰ ਹੋਰ ਕੁਝ ਨਹੀਂ ਸਗੋਂ ਗੁਰੂਤਾ ਖਿੱਚ ਦੀ ਉਹ ਤਾਕਤ ਹੀ ਹੈ ਜੋ ਪ੍ਰਿਥਵੀ ਸਾਨੂੰ ਆਪਣੇ ਕੇਂਦਰ ਵੱਲ ਖਿੱਚ ਕੇ ਰੱਖਣ ਲਈ ਲਗਾਉਂਦੀ ਹੈ। ਜੇਕਰ ਤੁਹਾਡਾ ਭਾਰ 60 ਕਿਲੋਗ੍ਰਾਮ ਹੈ ਤੇ ਤੁਹਾਡੇ ਦੋਸਤ ਦਾ 55 ਕਿਲੋਗ੍ਰਾਮ ਤਾਂ ਇਸ ਦਾ ਅਰਥ ਇਹ ਹੈ ਕਿ ਪ੍ਰਿਥਵੀ ਤੁਹਾਨੂੰ 60 ਕਿਲੋਗ੍ਰਾਮ ਭਾਰ ਜਿੰਨੀ ਤਾਕਤ ਨਾਲ ਆਪਣੇ ਵੱਲ ਖਿੱਚ ਕੇ ਰੱਖ ਰਹੀ ਹੈ ਤੇ ਤੁਹਾਡੇ ਸਰੀਰਕ ਪੱਖੋਂ ਕੁਝ ਕਮਜ਼ੋਰ ਦੋਸਤ ਨੂੰ ਖਿੱਚ ਕੇ ਰੱਖਣ ਲਈ 55 ਕਿਲੋਗ੍ਰਾਮ ਜਿੰਨੀ ਸ਼ਕਤੀ ਲਗਾ ਰਹੀ ਹੈ।

ਆਓ ਹੁਣ ਅਸਲ ਸਵਾਲ ਵੱਲ ਮੁੜੀਏ। ਪ੍ਰਿਥਵੀ ਦੇ ਮੁਕਾਬਲੇ ਚੰਨ ਦਾ ਵਿਆਸ ਕਰੀਬ ਇੱਕ ਚੌਥਾਈ ਹੈ ਤੇ ਪੁੰਜ ਪ੍ਰਿਥਵੀ ਦੀ ਨਿਸਬਤ 1/81 ਹੈ। ਘੱਟ ਪੁੰਜ ਹੋਣ ਕਰਕੇ ਤਾਂ ਇਸਦੀ ਗੁਰੂਤਾ ਖਿੱਚ ਵੀ ਘੱਟ ਹੀ ਹੈ, ਪ੍ਰਿਥਵੀ ਦੀ ਖਿੱਚ ਦਾ ਲਗਭਗ ਛੇਵਾਂ ਹਿੱਸਾ। ਇਸਦਾ ਭਾਵ ਹੈ ਕਿ ਪ੍ਰਿਥਵੀ ਉੱਪਰ ਜੇ ਤੁਹਾਡਾ ਭਾਰ 60 ਕਿਲੋਗ੍ਰਾਮ ਹੈ ਤਾਂ ਚੰਨ'ਤੇ ਜਾ ਕੇ ਇਹ ਵਜ਼ਨ ਸਿਰਫ 10 ਕਿਲੋਗ੍ਰਾਮ ਹੀ ਰਹਿ ਜਾਵੇਗਾ। ਪਰ ਇਸ ਫਰਕ ਦਾ ਪਤਾ ਕਰਨ ਵਾਸਤੇ ਤੁਹਾਨੂੰ ਸਪਰਿੰਗ ਵਾਲੇ ਤਰਾਜੂ ਦੀ ਵਰਤੋਂ ਕਰਨੀ ਪਵੇਗੀ, ਕਿਉਂਕਿ ਵੱਟਿਆਂ ਨਾਲ ਤੋਲਣ 'ਤੇ ਤਾਂ ਵੱਟੇ ਤੁਹਾਡਾ ਭਾਰ 60 ਕਿਲੋਗ੍ਰਾਮ ਦੀ ਦੱਸਣਗੇ। ਇਸਦੀ ਵਜਹ ਇਹ ਹੈ ਕਿ ਚੰਨ ਉੱਪਰ ਤੁਹਾਡਾ ਭਾਰ ਛੇ ਗੁਣਾ ਹੌਲਾ ਹੋ ਜਾਣ ਦੇ ਨਾਲ ਵੱਟੇ ਵੀ ਛੇ ਗੁਣਾ ਹੌਲੇ ਹੋ ਜਾਣਗੇ। ਪ੍ਰਿਥਵੀ ਦੇ ਮੁਕਾਬਲੇ ਚੰਨ ਦੀ ਗੁਰੂਤਾ ਛੇ ਗੁਣਾ ਘੱਟ ਹੋਣ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਚੰਨ ਤੁਹਾਨੂੰ ਛੇ ਗੁਣਾ ਘੱਟ ਤਾਕਤ ਨਾਲ ਆਪਣੇ ਵੱਲ ਖਿਚ ਰਿਹਾ ਹੈ। ਇਸ ਹਾਲਤ ਵਿੱਚ ਚੰਨ ਉੱਪਰ ਪੈਦਲ ਤੁਰਨਾ ਪ੍ਰਿਥਵੀ ਜਿੰਨਾ ਸਹਿਲ ਨਹੀਂ ਹੈ। ਤੁਸੀਂ ਜਿੱਥੇ ਕਦਮ ਰੱਖਣਾ ਚਾਹੁੰਦੇ ਹੋ ਇਹ ਉਸਤੋਂ ਕਿਤੇ ਅਗਾਂਹ ਜਾ ਪੈਂਦਾ ਹੈ। ਜੇ ਤੁਸੀਂ ਪ੍ਰਿਥਵੀ ਦੇ ਧਰਾਤਲ ਤੋਂ ਉੱਪਰ ਵੱਲ ਦੋ ਫੁੱਟ ਉੱਛਲ ਸਕਦੇ ਹੋ ਤਾਂ ਤੁਹਾਡੀ ਇਹ ਛਾਲ ਚੰਨ ਉੱਪਰ ਬਾਰਾਂ ਫੁੱਟ ਉੱਚੀ ਹੋਵੇਗੀ। ਇਸੇ ਤਰ੍ਹਾਂ ਚੰਨ ਉੱਪਰ ਤੁਸੀਂ ਥੋੜੀ ਤਾਕਤ ਨਾਲ ਹੀ ਪ੍ਰਿਥਵੀ ਦੇ ਮੁਕਾਬਲੇ ਜਿਆਦਾ ਲੰਬੀ ਛਾਲ ਮਾਰ ਸਕਦੇ ਹੋ। ਪ੍ਰਿਥਵੀ ਦੀ ਜ਼ੋਰਦਾਰ ਗੁਰੂਤਾ ਖਿੱਚ ਕਾਰਣ ਵਸਤਾਂ ਇਸਦੇ ਧਰਾਤਲ ਵੱਲ ਪਹਿਲੇ ਸਕਿੰਟ ਦੇ ਅਰਸੇ ਦੌਰਾਨ ਕਰੀਬ 16 ਫੁੱਟ ਪ੍ਰਤੀ ਸਕਿੰਟ ਦੀ ਮੁਢਲੀ ਰਫਤਾਰ ਨਾਲ ਡਿਗਦੀਆਂ ਹਨ ਜਦਕਿ ਚੰਨ ਉੱਪਰ ਇਹ ਰਫ਼ਤਾਰ ਕਰੀਬ ਢਾਈ ਫੁੱਟ ਹੀ ਹੁੰਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਚੰਨ ਉੱਪਰ ਚੀਜ਼ਾਂ ਪ੍ਰਿਥਵੀ ਦੇ ਮੁਕਾਬਲੇ ਘੱਟ ਵੇਗ ਨਾਲ ਅਤੇ ਅਹਿਸਤਾ ਡਿਗਦੀਆਂ ਹਨ। ਇਹੀ ਕਾਰਣ ਹੈ ਕਿ ਪ੍ਰਿਥਵੀ ਦੇ ਨਿਸਬਤ ਚੰਨ ਉੱਪਰ ਉਚਾਈ ਤੋਂ ਡਿੱਗਣ ਨਾਲ ਸੱਟ ਘੱਟ ਲਗਦੀ ਹੈ।

**ਪ੍ਰਿਥਵੀ ਦੇ ਭੂਮੱਧ ਖੇਤਰ ਦੇ ਮੁਕਾਬਲੇ ਧਰੁਵਾਂ ਉੱਪਰ ਚੀਜ਼ਾਂ ਦਾ ਭਾਰ ਵਧ ਜਾਂਦਾ ਹੈ, ਕਿਉਂ ?**

ਤੁਸੀਂ ਮੱਕੀ ਜਾਂ ਬਾਜਰੇ ਦੇ ਖੇਤਰ ਦੇ ਰਖਵਾਲੇ ਨੂੰ ਜਨੌਰਾਂ ਨੂੰ ਉਡਾਉਣ ਵਾਸਤੇ ਗੋਪੀਆ ਚਲਾਉਂਦੇ ਦੇਖਿਆ ਹੋਵੇਗਾ। ਉਹ ਗੋਪੀਏ ਵਿੱਚ ਕੋਈ ਛੋਟਾ ਪੱਥਰ ਆਦਿ ਰੱਖ ਕੇ ਇਸਨੂੰ

ਲੰਮੀ ਬਾਂਹ ਕਰਕੇ ਆਪਣੇ ਸਿਰ ਦੇ ਉੱਪਰੋਂ ਦੀ ਘੁਮਾਉਂਦਾ ਹੈ। ਪੱਥਰ ਹੱਥ ਵਿੱਚ ਫੜ੍ਹੀ ਰੱਸੀ ਨਾਲ ਉਸਦੇ ਸਿਰ ਦੇ ਦੁਆਲੇ ਘੁੰਮਦਾ ਹੈ। ਜਿਉਂ ਹੀ ਉਹ ਰੱਸੀ ਦਾ ਇੱਕ ਸਿਰਾ ਛਡਦਾ ਹੈ ਤਾਂ ਪੱਥਰ ਦੂਰ ਫਸਲ ਦਾ ਨੁਕਸਾਨ ਕਰ ਰਹੇ ਪੰਛੀਆਂ ਵੱਲ ਜਾ ਡਿੱਗਦਾ ਹੈ। ਧਿਆਨ ਨਾਲ ਦੇਖੋ ਘੁੰਮ ਰਹੇ ਗੋਪੀਏ ਵਿੱਚ ਦੋ ਬਲ ਕ੍ਰਿਆ ਕਰਦੇ ਦਿਖਾਈ ਦਿੰਦੇ ਹਨ। ਇੱਕ ਪਾਸੇ ਰੱਸੀ ਪੱਥਰ ਨੂੰ ਹੱਥ ਵੱਲ ਖਿੱਚਦੀ ਹੈ ਤੇ ਦੂਜੇ ਪਾਸੇ ਪੱਥਰ ਬਾਹਰ ਵੱਲ ਡਿੱਗਣਾ ਚਾਹੁੰਦਾ ਹੈ।ਆਪਣੀ ਧੁਰੀ ਦੁਆਲੇ ਘੁੰਮ ਰਹੀ ਪ੍ਰਿਥਵੀ ਉੱਪਰ ਵੀ ਦੋ ਤਾਕਤਾਂ ਅਸਰਅੰਦਾਜ ਰਹਿੰਦੀਆਂ ਹਨ।ਪਹਿਲੀ, ਪ੍ਰਿਥਵੀ ਗੁਰੂਤਾ ਖਿੱਚ ਨਾਲ ਵਸਤਾਂ ਨੂੰ ਆਪਣੇ ਵੱਲ ਖਿੱਚ ਕੇ ਰੱਖਦੀ ਹੈ ਤੇ ਦੂਸਰੀ, ਪ੍ਰਿਥਵੀ ਦੇ ਆਪਣੀ ਧੁਰੀ ਦੁਆਲੇ ਘੁੰਮਣ ਕਾਰਣ ਚੀਜ਼ਾਂ ਗੁਰੂਤਾ ਖਿੱਚ ਦੀ ਵਿਰੋਧੀ ਦਿਸ਼ਾ ਵਿੱਚ ਬਾਹਰ ਵੱਲ ਡਿੱਗਣਾ ਚਾਹੁੰਦੀਆਂ ਹਨ। ਗੁਰੂਤਾ ਖਿੱਚ ਦੀ ਉਲਟ ਦਿਸ਼ਾ ਵੱਲ ਲੱਗਣ ਵਾਲੇ ਬਲ ਨੂੰ ਅਪਕੇਂਦਰੀ ਬਲ (ਸੈਂਟਰੀਫਿਊਗਲ ਫੋਰਸ) ਕਹਿੰਦੇ ਹਨ। ਗੁਰੂਤਾ ਖਿੱਚ ਤੇ ਅਪਕੇਂਦਰੀ ਬਲ ਘੁੰਮ ਰਹੇ ਪਿੰਡ ਦੇ ਪੁੰਜ ਅਤੇ ਇਸਦੇ ਵੇਗ ’ਤੇ ਨਿਰਭਰ ਕਰਦੇ ਹਨ। ਕਿਸੇ ਵੀ ਤਾਰੇ, ਗ੍ਰਹਿ ਜਾਂ ਉਪਗ੍ਰਹਿ ਦਾ ਅਪਕੇਂਦਰੀ ਬਲ, ਇਸਦੇ ਵੇਗ ਦੇ ਵਰਗ ਦੇ ਸਿੱਧੇ ਅਨੁਪਾਤ ਵਿੱਚ ਵਧਦਾ ਹੈ। ਇਹਨਾਂ ਦੋਵਾਂ ਬਲਾਂ ਦਾ ਆਪਸੀ ਅਨੁਪਾਤ ਹੀ ਚੀਜ਼ਾਂ ਦੇ ਭਾਰ ਨੂੰ ਨਿਸ਼ਚਿਤ ਕਰਦਾ ਹੈ।

ਆਓ ਹੁਣ ਜ਼ਿਕਰ ਅਧੀਨ ਮੁੱਦੇ ਵੱਲ ਮੁੜੀਏ ਤੇ ਉਪਰੋਕਤ ਸਵਾਲ ਦਾ ਵਿਗਿਆਨਕ ਕਾਰਣ ਜਾਣਨ ਦਾ ਯਤਨ ਕਰੀਏ। ਪ੍ਰਿਥਵੀ ਦੀ ਸ਼ਕਲ ਕਿਸੇ ਸੰਤਰੇ ਵਾਂਗ ਲਗਭਗ ਗੋਲ ਹੈ। ਇਸਦੇ ਕੇਂਦਰ ਵਿੱਚੋਂ ਕਾਲਪਨਿਕ ਭੂਮੱਧ ਰੇਖਾ ਲੰਘਦੀ ਹੈ ਜਿਸਨੂੰ ਜ਼ੀਰੋ ਡਿਗਰੀ ਮੰਨਿਆ ਗਿਆ ਹੈ। ਇਹ ਗੋਲੇ ਰੂਪੀ ਪ੍ਰਿਥਵੀ ਨੂੰ ਦੋ ਹਿੱਸਿਆਂ ਉੱਤਰੀ ਤੇ ਦੱਖਣੀ ਅਰਧ ਗੋਲਿਆਂ ਵਿੱਚ ਵੰਡਦੀ ਹੈ। ਉੱਤਰ ਤੇ ਦੱਖਣ ਵੱਲ ਦੇ ਅਰਧ ਗੋਲਿਆਂ ਨੂੰ ਧਰੁਵਾਂ ਤੱਕ 90-90 ਦਰਜੇ ਤੱਕ ਵੰਡਣ ਵਾਲੀਆਂ ਭੂਮੱਧ ਰੇਖਾ ਦੇ ਸਮਾਨੰਤਰ ਫਰਜ਼ੀ ਰੇਖਾਵਾਂ ਨੂੰ ਅਕਸਾਂਸ ਆਖਦੇ ਹਨ। ਭੂਮੱਧ ਰੇਖਾ ’ਤੇ ਪ੍ਰਿਥਵੀ ਦੇ ਧਰਾਤਲ ਦਾ ਉਭਾਰ ਸਭ ਤੋਂ ਜ਼ਿਆਦਾ ਹੈ ਤੇ ਇੱਥੇ ਇਸਦਾ ਘੇਰਾ ਕਰੀਬ 40091 ਕਿਲੋਮੀਟਰ ਹੈ। ਇਸਤੋਂ ਉੱਤਰੀ ਅਤੇ ਦੱਖਣੀ ਧਰੁਵਾਂ ਵੱਲ ਹਰ ਅਕਸ਼ਾਂਸ਼ ’ਤੇ ਇਸਦਾ ਘੇਰਾ ਘਟਦਾ ਜਾਂਦਾ ਹੈ। ਇਸਦਾ ਮਤਲਬ ਇਹ ਹੋਇਆ ਕਿ ਪ੍ਰਿਥਵੀ ਦੇ ਭੂਮੱਧ ਖੇਤਰਾਂ ਵਿੱਚ ਧੁਰੀ ਦੁਆਲੇ ਘੁੰਮਣ ਦੀ ਗਤੀ ਤੇਜ਼ ਹੁੰਦੀ ਹੈ ਅਤੇ ਇੱਥੇ ਪਈਆਂ ਚੀਜ਼ਾਂ, ਧਰੁਵਾਂ ਦੇ ਮੁਕਾਬਲੇ ਵੱਧ ਤੇਜੀ ਨਾਲ ਘੁੰਮਦੀਆਂ ਹਨ ਅਤੇ ਇੱਥੇ ਅਪਕੇਂਦਰੀ ਬਲ ਵੀ ਜ਼ਿਆਦਾ ਹੁੰਦਾ ਹੈ। ਅਪਕੇਂਦਰੀਬਲ ਜਿੰਨਾ ਜਿਆਦਾ ਹੋਵੇਗਾ, ਚੀਜ਼ਾਂ ਦਾ ਵਜਨ ਓਨਾ ਹੀ ਘਟਦਾ ਜਾਵੇਗਾ। ਧਰੁਵਾਂ ਉੱਪਰ ਘੇਰਾ ਘੱਟ ਹੋਣ ਕਾਰਣ ਘੁੰਮਣ ਗਤੀ ਘੱਟ ਹੋਣ ਕਰਕੇ ਅਪਕੇਂਦਰੀ ਬਲ ਵੀ ਕਮਜ਼ੋਰ ਹੋਵੇਗਾ ਤੇ ਚੀਜ਼ਾਂ ਜ਼ਿਆਦਾ ਭਾਰੀ ਹੋਣਗੀਆਂ। ਪ੍ਰਿਥਵੀ ਦੇ ਪ੍ਰਸੰਗ ਵਿੱਚ ਭੂਮੱਧ ਰੇਖਾ ਅਤੇ ਧਰੁਵਾਂ ਉੱਪਰ ਚੀਜ਼ਾਂ ਦੇ ਭਾਰ ਵਿੱਚ ਬਹੁਤ ਹੀ ਮਾਮੂਲੀ ਫਰਕ ਪੈਂਦਾ ਹੈ। ਭੂਮੱਧ ਰੇਖਾ ਦੇ ਮੁਕਾਬਲੇ ਧਰੁਵਾਂ ਉੱਪਰ ਕਿਸੇ ਵਸਤੂ ਦਾ ਭਾਰ ਸਿਰਫ 290ਵਾਂ ਹਿੱਸਾ ਹੀ ਵੱਧ ਹੋਵੇਗਾ। ਭਾਵ ਭੂਮੱਧ ਰੇਖਾ ਖੇਤਰ ਵਿੱਚ ਕਮਾਨੀਦਾਰ ਤਰਾਜੂ ਨਾਲ 290 ਕਿਲੋਗਰਾਮ ਤੋਲੀ ਗਈ ਚੀਜ਼ ਧਰੁਵਾਂ ਉੱਪਰ 291 ਕਿਲੋਗ੍ਰਾਮ ਹੀ ਹੋਵੇਗੀ।

ਵਿਗਿਆਨੀਆਂ ਨੇ ਅਨੁਮਾਨ ਲਾਇਆ ਹੈ ਕਿ ਜੇਕਰ ਪ੍ਰਿਥਵੀ ਦੀ ਦੈਨਿਕ ਗਤੀ 24 ਘੰਟਿਆਂ ਦੀ ਥਾਂ ਕੇਵਲ 4 ਘੰਟੇ ਹੋ ਜਾਵੇ, ਭਾਵ ਦਿਨ ਰਾਤ 4 ਘੰਟੇ ਦਾ ਹੋ ਜਾਣ ਤਾਂ ਸਪਸ਼ਟ ਫਰਕ ਦੇਖਿਆ ਜਾ ਸਕਦਾ ਹੈ। ਇਸ ਹਾਲਤ ਵਿੱਚ ਧਰੁਵਾਂ ਉੱਪਰ ਇੱਕ ਕਿਲੋਗ੍ਰਾਮ ਤੋਲੀ ਗਈ ਚੀਜ਼ ਭੂਮੱਧ ਖੇਤਰ ਵਿੱਚ 875 ਗਰਾਮ ਹੀ ਰਹਿ ਜਾਵੇਗੀ। ਸ਼ਨਿੱਚਰ ਗ੍ਰਹਿ ਉੱਪਰ ਸਥਿਤੀ ਲਗਭਗ ਅਜਿਹੀ ਹੀ ਹੈ। ਉਸਦੇ ਧਰੁਵੀ ਖੇਤਰਾਂ ਦੀ ਨਿਸਬਤ ਭੂਮੱਧ ਰੇਖੀ ਖੇਤਰ ਵਿੱਚ ਚੀਜ਼ਾਂ ਦਸ ਫੀਸਦੀ ਹੌਲੀਆਂ ਹੋ ਜਾਂਦੀਆਂ ਹਨ। ਇਸਤੋਂ ਵੀ ਹੋਰ ਅੱਗੇ ਜੇਕਰ ਪ੍ਰਿਥਵੀ ਦੀ ਗਤੀ ਹੁਣ ਨਾਲੋਂ 17 ਗੁਣਾ ਵੱਧ ਜਾਵੇ ਤਾਂ ਭੂਮੱਧ ਰੇਖੀ ਖੇਤਰ ਵਿੱਚ ਵਸਤਾਂ ਦਾ ਕੋਈ ਭਾਰ ਹੀ ਨਹੀਂ ਰਹੇਗਾ। ਸ਼ਨਿੱਚਰ ਗ੍ਰਹਿ ਦੀ ਗਤੀ ਪਹਿਲਾਂ ਹੀ ਬਹੁਤ ਤੇਜ਼ ਹੈ ਤੇ ਉਸ ਉੱਪਰ ਇਹ ਸਥਿਤੀ ਉਸਦੀ ਗਤੀ ਢਾਈ ਗੁਣਾ ਵਧ ਜਾਣ ਨਾਲ ਹੀ ਬਣ ਜਾਵੇਗੀ ਅਤੇ ਉਸਦੇ ਭੂਮੱਧ ਰੇਖਾ ਖੇਤਰ ਵਿੱਚ ਚੀਜ਼ਾਂ ਭਾਰਹੀਣ ਹੋ ਜਾਣਗੀਆਂ।

ਪ੍ਰਿਥਵੀ ਦੇ ਧਰੁਵਾਂ ਉੱਪਰ ਭਾਰ ਵਧਣ ਦਾ ਇੱਕ ਹੋਰ ਕਾਰਣ ਵੀ ਹੈ। ਵਸਤਾਂ ਜਿੰਨੀਆਂ ਪ੍ਰਿਥਵੀ ਦੇ ਕੇਂਦਰ ਦੇ ਨਜ਼ਦੀਕ ਹੋਣਗੀਆਂ ਉਹਨਾਂ ਉੱਪਰ ਗੁਰੂਤਾ ਖਿੱਚ ਓਨੀ ਜ਼ਿਆਦਾ ਹੋਵੇਗੀ। ਭੂਮੱਧ ਰੇਖਾ ਉੱਪਰ ਪ੍ਰਿਥਵੀ ਦਾ ਵਿਆਸ 12756 ਕਿਲੋਮੀਟਰ ਹੈ ਤੇ ਇਸ ਦੇ ਦੋਵੇਂ ਧਰੁਵ ਅੰਦਰ ਵੱਲ ਨੂੰ ਧਸੇ ਹੋਣ ਕਾਰਣ ਧਰੁਵਾਂ ਤੋਂ ਵਿਆਸ 12713 ਕਿਲੋਮੀਟਰ ਹੈ। ਇਸ ਦਾ ਅਰਥ ਇਹ ਹੈ ਕਿ ਧਰੁਵੀ ਖੇਤਰ, ਭੂ-ਮੱਧ ਰੇਖੀ ਖੇਤਰ ਦੇ ਮੁਕਾਬਲੇ ਪ੍ਰਿਥਵੀ ਦੇ ਕੇਂਦਰ ਦੇ ਜਿਆਦਾ ਨੇੜੇ ਹਨ, ਉੱਥੇ ਵਸਤਾਂ ਉੱਪਰ ਗੁਰੂਤਾ ਬਲ ਜਿਆਦਾ ਲਗਦਾ ਹੈ ਤੇ ਉਹਨਾਂ ਦਾ ਭਾਰ ਵਧ ਜਾਂਦਾ ਹੈ। ਪਰ ਭਾਰ ’ਚ ਇਹ ਵਾਧਾ ਬਹੁਤ ਹੀ ਮਾਮੂਲੀ ਨਾਂਹ ਬਰਾਬਰ ਹੋਵੇਗਾ, ਭਾਰ ਵਧਣ ਦਾ ਮੁੱਖ ਕਾਰਣ ਪ੍ਰਿਥਵੀ ਦੀ ਭੂ-ਮੱਧ ਰੇਖਾ ਅਤੇ ਧਰੁਵਾਂ ਉੱਪਰ ਘੁੰਮਣ ਦੀ ਰਫਤਾਰ ਦਾ ਅੰਤਰ ਹੋਣਾ ਹੀ ਹੈ। ਜੇ ਤਕਨੀਕੀ ਤੌਰ ’ਤੇ ਦੇਖਿਆ ਜਾਵੇ ਤਾਂ ਪ੍ਰਿਥਵੀ ਦੀ ਸਭ ਤੋਂ ਉੱਚੀ

***...ਬਾਕੀ ਪੰਨਾ 40 ’ਤੇ***

# ਬਾਲ ਪੰਨਾ-1



## ਵਿਲੱਖਣ ਇਮਾਰਤਸਾਜ਼ੀ - ਘੰਟਾ ਘਰ

-ਬੂਟਾ ਸਿੰਘ ਵਾਕਫ਼

'ਘੰਟਾ ਘਰ' ਇਮਾਰਤਸਾਜ਼ੀ ਦਾ ਵਿਲੱਖਣ ਨਮੂਨਾ ਹਨ। ਕਿਸੇ ਸਮੇਂ ਇਨ੍ਹਾਂ ਦਾ ਬੇਹੱਦ ਮਹੱਤਵ ਸੀ ਪਰ ਅੱਜ ਇਹ ਸਿਰਫ਼ ਪੁਰਾਤਨ ਇਮਾਰਤਸਾਜ਼ੀ ਦੀ ਮਹਿਜ ਨੁਮਾਇਸ਼ ਬਣ ਕੇ ਰਹਿ ਗਏ ਹਨ। ਘੰਟਾ ਘਰ ਇੱਕ ਬੁਰਜ਼ (ਟਾਵਰ) ਰੂਪੀ ਉੱਚੀ ਇਮਾਰਤ ਹੁੰਦੀ ਹੈ ਜਿਸ ਦੇ ਚਾਰੇ ਦਿਸ਼ਾਵਾਂ ਵਿਚ ਸਮਾਂ ਦੱਸਣ ਲਈ ਵੱਡ ਆਕਾਰੀ ਘੜੀਆਂ ਲੱਗੀਆਂ ਹੁੰਦੀਆਂ ਹਨ। 18ਵੀਂ ਸਦੀ ਦੇ ਸ਼ੁਰੂ ਤੱਕ ਬਹੁਤੇ ਲੋਕਾਂ ਕੋਲ ਸਮਾਂ ਦੇਖਣ ਲਈ ਘੜੀਆਂ ਨਹੀਂ ਹੁੰਦੀਆਂ ਸਨ ਤੇ ਨਾ ਹੀ ਘਰਾਂ ਵਿਚ ਦੀਵਾਰ ਘੜੀਆਂ। ਜੇ ਕਿਧਰੇ ਘੜੀ ਹੁੰਦੀ ਵੀ ਸੀ ਤਾਂ ਉਸ ਦੇ ਸੂਈਆਂ ਨਹੀਂ ਹੁੰਦੀਆਂ ਸਨ ਸਗੋਂ ਅਜਿਹੀਆਂ ਘੜੀਆਂ ਨਿਸ਼ਚਿਤ ਸਮੇਂ ਬਾਦ ਆਵਾਜ਼ ਪੈਦਾ ਕਰਦੀਆਂ ਸਨ। ਜਿਨ੍ਹਾਂ ਨੂੰ Striking Clock (ਘੰਟੀ) ਹੀ ਕਿਹਾ ਜਾਂਦਾ ਸੀ। ਇਸ ਤਰ੍ਹਾਂ ਸਮੇਂ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਅਜਿਹੀਆਂ ਵੱਡ ਆਕਾਰੀ ਘੜੀਆਂ/ਘੰਟੀਆਂ ਨੂੰ ਸ਼ਹਿਰ ਦੇ ਲਗਭਗ ਵਿਚਕਾਰ ਕਿਸੇ ਉੱਚੀ ਥਾਂ ਤੇ ਲਗਾਇਆ ਜਾਂਦਾ ਸੀ ਤਾਂ ਜੋ ਸਾਰੇ ਲੋਕਾਂ ਨੂੰ ਇਸ ਦੀ ਆਵਾਜ਼ ਸੁਣਾਈ ਦੇ ਸਕੇ। ਹੌਲੀ-ਹੌਲੀ ਇਸ ਮਕਸਦ ਦੀ ਪੂਰਤੀ ਲਈ ਉੱਚੇ ਟਾਵਰਾਂ ਦਾ ਨਿਰਮਾਣ ਕੀਤਾ ਜਾਣ ਲੱਗਾ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਘੰਟੀਆਂ ਦੀ ਥਾਂ ਸੂਈਆਂ ਵਾਲੀਆਂ ਘੜੀਆਂ ਨੇ ਲੈ ਲਈ। ਇਸ ਤਰ੍ਹਾਂ ਲੋਕ ਜਦੋਂ ਚਾਹੁਣ ਸਮਾਂ ਦੇਖ ਸਕਣ ਦੇ ਸਮਰੱਥ ਹੋ ਗਏ।



**ਦੁਨੀਆਂ ਦਾ ਸਭ ਤੋਂ ਪਹਿਲਾ ਘੰਟਾ ਘਰ** : ਦੁਨੀਆਂ ਦੇ ਸਭ ਤੋਂ ਪਹਿਲੇ ਘੰਟਾ ਘਰ ਦਾ ਨਿਰਮਾਣ ਯੂਨਾਨ ਦੇ ਸ਼ਹਿਰ ਏਥਨਜ਼ ਵਿਚ ਕੀਤਾ ਗਿਆ ਸੀ। ਇਸ ਘੰਟਾ ਘਰ ਨੂੰ 'ਟਾਵਰ ਆਫ਼ ਵਿੰਡਜ਼' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਕਰੀਬ 12 ਮੀਟਰ ਉੱਚਾ ਸੀ। ਇਸ ਵਿਚ ਸਮਾਂ ਦੱਸਣ ਲਈ ਵਰਤੀ ਗਈ ਘੜੀ ਵਿਚ ਅੱਠ ਸੂਰਜੀ ਕੋਣਾਂ ਦੀ ਵਰਤੋਂ ਕੀਤੀ ਗਈ ਸੀ। ਇਹ ਘੜੀ ਧੁੱਪ ਵਿਚ ਹੀ ਕੰਮ ਕਰਦੀ ਸੀ। ਇਸ ਦੇ ਅੰਦਰ ਪਾਣੀ ਵਾਲੀ ਘੜੀ ਤੋਂ ਇਲਾਵਾ ਹਵਾ ਦੀ ਦਿਸ਼ਾ ਦੱਸਣ ਲਈ ਦਿਸ਼ਾ ਸੂਚਕ ਯੰਤਰ ਵੀ ਲੱਗਾ ਹੋਇਆ ਸੀ। ਇਸ ਦਾ ਨਿਰਮਾਣ ਦੂਸਰੀ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਸਾਲ 2014 ਵਿਚ ਇਸ ਦਾ ਪੁਨਰ ਨਿਰਮਾਣ ਕੀਤਾ ਗਿਆ। 1088 ਵਿਚ ਚੀਨ ਦੇ ਸ਼ਹਿਰ ਕੇਫੈਂਗ ਵਿਚ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ ਸੀ ਜਿਸ ਵਿਚ ਸਮਾਂ ਮਾਪਣ ਲਈ ਤਰਲ ਪਦਾਰਥ ਦੀ ਵਰਤੋਂ ਕੀਤੀ ਗਈ ਸੀ। 1288 ਵਿਚ ਇੰਗਲੈਂਡ ਵਿਚ ਵੀ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ। 1306 ਵਿਚ ਯੂਰਪ ਵਿਚ ਘੰਟਾ ਘਰ ਸਥਾਪਿਤ ਕੀਤਾ ਗਿਆ। ਘੰਟਾ ਘਰਾਂ ਦੀ ਮਹੱਤਤਾ ਨੂੰ ਵੇਖਦਿਆਂ ਹੌਲੀ ਹੌਲੀ ਦੁਨੀਆਂ ਦੇ ਹੋਰਨਾਂ ਖੇਤਰਾਂ ਵਿਚ ਵੀ ਇਨ੍ਹਾਂ ਦਾ ਨਿਰਮਾਣ ਹੋਣ ਲੱਗ ਪਿਆ। ਦੁਨੀਆਂ ਦਾ ਸਭ ਤੋਂ ਉੱਚਾ ਘੰਟਾ ਘਰ ਲੰਡਨ ਵਿਚ ਹੈ ਜਿਸ ਨੂੰ 'ਬਿੱਗ ਬੇਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਟਾਵਰ 315 ਫੁੱਟ ਉੱਚਾ ਹੈ ਜਿਸ ਦੇ ਸਿਖ਼ਰ ਤੱਕ ਪਹੁੰਚਣ ਲਈ 334 ਪੌੜੀਆਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਘੰਟਾ ਘਰ ਦਾ ਡਿਜ਼ਾਇਨ ਇੱਕ ਅੰਗਰੇਜ ਕਾਰੀਗਰ ਅਗਸਟਿਸ ਪੁਗਿਨ ਨੇ ਤਿਆਰ ਕੀਤਾ ਸੀ। ਇਸ ਦਾ ਨਿਰਮਾਣ 1859 ਵਿਚ ਹੋਇਆ ਸੀ। ਸਮਾਂ ਦੱਸਣ ਲਈ ਇਸ ਦੇ ਚਾਰੇ ਪਾਸੇ 23 ਫੁੱਟ ਵਿਆਸ ਦੇ ਡਾਇਲ ਵਾਲੀਆਂ ਘੜੀਆਂ ਲਗਾਈਆਂ ਗਈਆਂ ਹਨ। ਮਈ 2009 ਵਿਚ ਇਸ ਇਮਾਰਤ ਦੀ 150ਵੀਂ ਵਰ੍ਹੇਗੰਢ ਧੂਮਧਾਮ ਨਾਲ ਮਨਾਈ ਗਈ। 2012 ਵਿਚ ਇਸ ਘੰਟਾ ਘਰ ਦਾ ਨਾਂ ਬਦਲ ਕੇ ਐਲੀਜ਼ਾਬੈਥ ਟਾਵਰ ਰੱਖਿਆ ਗਿਆ। ਅਗਸਤ 2017 ਵਿਚ ਇਸ ਦੀ ਮੁੜ ਸਾਂਭ ਸੰਭਾਲ ਦਾ ਕੰਮ ਸ਼ੁਰੂ ਕੀਤਾ ਗਿਆ ਸੀ।

**ਰਾਇਲ ਕਲਾਕ ਟਾਵਰ** : ਸਾਊਦੀ ਅਰਬ ਵਿਚ ਸਥਾਪਿਤ ਮੱਕਾ ਰਾਇਲ ਕਲਾਕ ਟਾਵਰ ਅੱਜ ਦੇ ਸਮੇਂ ਵਿਚ ਦੁਨੀਆਂ ਦੀ ਸਭ ਤੋਂ ਉੱਚੀ ਫਾਈਵ ਸਟਾਰ ਹੋਟਲ ਹੈ ਜਿਸ ਦੇ ਸਿਖ਼ਰ ਤੇ ਘੰਟਾ ਘਰ ਸਥਾਪਿਤ ਕੀਤਾ ਗਿਆ ਹੈ। ਇਸ ਹੋਟਲ ਦੀ ਉਚਾਈ 1972 ਫੁੱਟ ਹੈ। ਮੀਨਾਰ ਰੂਪੀ ਇਸ ਹੋਟਲ ਵਿਚ ਜਮੀਨ ਤੋਂ 1480 ਫੁੱਟ ਦੀ ਉਚਾਈ ਤੇ 141 ਫੁੱਟ ਦੇ ਡਾਇਲ ਵਾਲੀਆਂ ਵੱਡ ਆਕਾਰੀ ਘੜੀਆਂ ਸਥਾਪਿਤ ਕੀਤੀਆਂ ਗਈਆਂ ਹਨ। ਨੇਪਾਲ ਦੀ ਰਾਜਧਾਨੀ ਕਾਠਮੰਡੂ ਦੇ ਕੇਂਦਰ ਵਿਚ ਸਥਾਪਿਤ ਘੰਟਾ ਘਰ ਅਜਿਹਾ ਪਹਿਲਾ ਜਨਤਕ ਘੰਟਾ ਘਰ ਹੈ ਜਿਸ ਨੂੰ ਦੇਖਣ ਲਈ ਸੈਲਾਨੀ ਦੂਰੋ-ਦੂਰੋਂ ਆਉਂਦੇ ਹਨ। ਇਹ ਨੇਪਾਲ ਦੇ ਪ੍ਰਧਾਨ ਮੰਤਰੀ ਰਾਣਾ ਬੀਰ ਸ਼ਮਸ਼ੇਰ ਨੇ ਲੰਡਨ ਦੇ 'ਬਿੱਗ ਬੇਨ' ਘੰਟਾ ਘਰ ਦੇ ਨਮੂਨੇ ਦੇ ਆਧਾਰ ਤੇ

ਤਿਆਰ ਕਰਵਾਇਆ ਸੀ। ਇਹ ਘੰਟਾ ਘਰ 1934 ਵਿਚ ਭੂਚਾਲ ਨਾਲ ਤਬਾਹ ਹੋ ਗਿਆ ਸੀ ਜਿਸ ਉਪਰੰਤ ਉਥੇ ਪਹਿਲੇ ਡਿਜਾਇਨ ਦੇ ਆਧਾਰ ਤੇ ਨਵੇਂ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ ਹੈ।

**ਭਾਰਤ ਦਾ ਸਭ ਤੋਂ ਵੱਡਾ ਘੰਟਾ ਘਰ** : ਭਾਰਤ ਦਾ ਸਭ ਤੋਂ ਵੱਡਾ ਘੰਟਾ ਘਰ ਹੁਸੈਨਾਬਾਦ ਘੰਟਾ ਘਰ ਲਖਨਊ ਵਿਖੇ ਸਥਿਤ ਹੈ ਜਿਸ ਦਾ ਨਿਰਮਾਣ 1881 ਵਿਚ ਕਰਵਾਇਆ ਗਿਆ ਸੀ। ਇਹ 219 ਫੁੱਟ ਉੱਚਾ ਹੈ। ਇਹ ਘੰਟਾ ਘਰ ਅਵਧ ਦੇ ਪਹਿਲੇ ਲੈਫਟੀਨੈਂਟ ਗਵਰਨਰ ਸਰ ਜਾਰਜ ਕੂਪਰ ਦੀ ਆਮਦ ਤੇ ਤਿਆਰ ਕਰਵਾਇਆ ਗਿਆ ਸੀ। ਉਸ ਸਮੇਂ ਇਸ ਤੇ ਕੁੱਲ 1.75 ਲੱਖ ਰੁਪਏ ਦੀ ਰਾਸ਼ੀ ਖਰਚ ਹੋਈ ਸੀ।

**ਪੰਜਾਬ ਦੇ ਘੰਟਾ ਘਰ** : ਪੰਜਾਬ ਵਿਚ ਫਰੀਦਕੋਟ, ਸੰਗਰੂਰ ਤੇ ਲੁਧਿਆਣਾ ਵਿਚ ਵੀ ਪ੍ਰਸਿੱਧ ਘੰਟਾ ਘਰ ਹਨ। ਫਰੀਦਕੋਟ ਦੇ ਘੰਟਾ ਘਰ ਦਾ ਨਿਰਮਾਣ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਕੀਤਾ ਗਿਆ ਸੀ। ਇਹ ਕਰੀਬ 115 ਫੁੱਟ ਉੱਚਾ ਹੈ ਜਿਸ ਦੀ ਸਾਰੀ ਮਸ਼ੀਨਰੀ ਸਵਿਟਜ਼ਰਲੈਂਡ ਤੋਂ ਮੰਗਵਾਈ ਗਈ ਸੀ। ਰਜਵਾੜਾਸ਼ਾਹੀ ਸਮੇਂ ਫਰੀਦਕੋਟ ਰਿਆਸਤ ਦੇ ਲੋਕਾਂ ਨੂੰ ਸਮਾਂ ਦੱਸਣ ਲਈ ਇਹ ਘੰਟਾ ਘਰ ਮੁੱਖ ਸਾਧਨ ਸੀ। ਸੰਗਰੂਰ ਵਿਖੇ ਇਸਦਾ ਨਿਰਮਾਣ ਜੀਂਦ ਰਿਆਸਤ ਵੱਲੋਂ ਕੀਤਾ ਗਿਆ। ਲੁਧਿਆਣਾ ਵਿਚ ਵੀ ਬਰਤਾਨਵੀ ਸਾਮਰਾਜ ਸਮੇਂ ਰਾਣੀ ਵਿਕਟੋਰੀਆਂ ਦੇ ਰਾਜ ਵਿਚ ਸਿਲਵਰ ਜੁਬਲੀ ਸਮਾਗਮਾਂ ਸਮੇਂ ਇਕ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ ਸੀ। ਪੱਛਮੀ ਪੰਜਾਬ ਦੇ ਫੈਸਲਾਬਾਦ ਸ਼ਹਿਰ ਦੇ ਕੇਂਦਰ ਵਿਚ ਸਥਿਤ ਘੰਟਾ ਘਰ ਦਾ ਨਿਰਮਾਣ ਅੰਗਰੇਜ ਲੈਫਟੀਨੈਂਟ ਸਰ ਚਾਰਲਸ ਰਿਵਜ਼ ਦੁਆਰਾ 1903 ਵਿਚ ਕਰਵਾਇਆ ਗਿਆ। ਇਸ ਦੇ ਚਾਰ ਚੁਫ਼ੇਰੇ ਬਾਜ਼ਾਰ ਦੀ ਰੌਣਕ ਹੈ। ਇਹ ਪ੍ਰਸਿੱਧ ਘੰਟਾ ਘਰ ਇਮਾਰਤਸਾਜੀ ਦਾ ਉੱਤਮ ਨਮੂਨਾ ਹੈ। ਪੰਜਾਬ ਦੇ ਇਹ ਘੰਟਾ ਘਰ ਅੱਜ ਪੁਰਾਤਨ ਵਿਰਾਸਤ ਦੇ ਨਮੂਨੇ ਬਣ ਚੁੱਕੇ ਹਨ।

**ਪੁਰਾਤਨ ਵਿਰਾਸਤ ਦੇ ਨਮੂਨੇ** : ਭਾਰਤ ਤੋਂ ਇਲਾਵਾ ਦੁਨੀਆਂ ਦੇ ਅਨੇਕਾਂ ਹਿੱਸਿਆਂ ਵਿਚ ਅੱਜ ਵੀ ਘੰਟਾ ਘਰ ਵੇਖਣ ਨੂੰ ਮਿਲਦੇ ਹਨ ਜੋ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਨਿਰਮਾਣ ਲਈ ਇੱਟਾਂ ਤੋਂ ਇਲਾਵਾ ਸੰਗਮਰਮਰ, ਚੂਨਾ, ਕੱਚ, ਲੋਹਾ, ਤਾਂਬਾ, ਕਾਂਸਾ ਆਦਿ ਅਨੇਕਾਂ ਧਾਤਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਬਾਹਰੀ ਦਿੱਖ ਨੂੰ ਆਕਰਸ਼ਕ ਬਣਾਉਣ ਲਈ ਸੁੰਦਰ ਡਿਜ਼ਾਇਨਾਂ ਦੀ ਮੀਨਾਕਾਰੀ ਕੀਤੀ ਜਾਂਦੀ ਸੀ। ਅੱਜ ਘੜੀਆਂ, ਵਾਲ ਕਲਾਕ, ਮੋਬਾਇਲ ਫੋਨ, ਕੰਪਿਊਟਰ ਤੇ ਹੋਰ ਇਲੈਕ੍ਰਟਾਨਿਕ ਯੰਤਰਾਂ ਦੀ ਆਮਦ ਕਾਰਣ ਭਾਵੇਂ ਇਨ੍ਹਾਂ ਘੰਟਾ ਘਰਾਂ ਦਾ ਬਹੁਤਾ ਮਹੱਤਵ ਨਹੀਂ ਰਿਹਾ ਪਰ ਫਿਰ ਵੀ ਬਹੁਤੇ ਘੰਟਾ ਘਰਾਂ ਨੂੰ ਇੱਕ ਪੁਰਾਤਨ ਵਿਰਾਸਤ ਦਾ ਦਰਜਾ ਦੇ ਕੇ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਸੈਲਾਨੀਆਂ ਲਈ ਅੱਜ ਵੀ ਇਹ ਖਿੱਚ ਦਾ ਕੇਂਦਰ ਬਣ ਰਹੇ ਹਨ। 98762 24461



## ਵੱਡੇ ਵੱਡੇ ਚਾਅ

ਜ਼ੋਰ ਭਾਵੇਂ ਘੱਟ ਪਰ ਜ਼ਜ਼ਬੇ ਅਥਾਹ ਨੇ,
ਨਿੱਕੇ ਨਿੱਕੇ ਦਿਲਾਂ ਵਿੱਚ ਵੱਡੇ ਵੱਡੇ ਚਾਅ ਨੇ।
ਬਾਲੜੀਆਂ ਸੱਧਰਾਂ ਨੂੰ ਹੈ ਅੰਬਰੀਂ ਚਾੜ੍ਹਨਾ,
ਮੰਜ਼ਿਲਾਂ 'ਤੇ ਪੁੱਜ ਕੇ ਹੀ ਜੁੱਤੀਆਂ ਨੂੰ ਝਾੜਨਾ।
ਵੱਖਰੀ ਹੈ ਸੋਚ ਸਾਡੀ, ਵੱਖਰੇ ਹੀ ਰਾਹ ਨੇ,
ਨਿੱਕੇ ਨਿੱਕੇ ਦਿਲਾਂ ਵਿੱਚ ਵੱਡੇ ਵੱਡੇ ਚਾਅ ਨੇ।
ਅੰਮਾਂ, ਅੱਬਾ,ਭੈਣ, ਭਾਈ ਦੇਣ ਹੱਲਾਸ਼ੇਰੀਆਂ,
ਨਾਲੇ ਉਸਤਾਦ ਮੱਤਾਂ ਦਿੰਦੇ ਨੇ ਉਚੇਰੀਆਂ ,
ਨਵੀਂ ਹੈ ਸਵੇਰ ਦੇਣੀ ਦਿਨ ਦੇ ਚੜ੍ਹਾਅ ਨੇ,
ਨਿੱਕੇ ਨਿੱਕੇ ਦਿਲਾਂ ਵਿੱਚ ਵੱਡੇ ਵੱਡੇ ਚਾਅ ਨੇ।
ਬਣ ਕੇ ਕਲਾਮ ਅਸੀਂ ਜੱਗ ਨੂੰ ਵਿਖਾਵਾਂਗੇ,
ਜਿਉਣ ਜੋਗੇ ਮਾਪਿਆਂ ਦਾ ਨਾਂ ਰੁਸ਼ਨਾਵਾਂਗੇ।
ਚੰਨ ਤੋਂ ਵੀ ਅੱਗੇ ਅਸਾਂ ਨਾਪਣੇ ਖਲਾਅ ਨੇ,
ਨਿੱਕੇ ਨਿੱਕੇ ਦਿਲਾਂ ਵਿੱਚ ਵੱਡੇ ਵੱਡੇ ਚਾਅ ਨੇ।
ਜ਼ੋਰ ਭਾਵੇਂ ਘੱਟ ਪਰ ਜ਼ਜ਼ਬੇ ਅਥਾਹ ਨੇ,
ਨਿੱਕੇ ਨਿੱਕੇ ਦਿਲਾਂ ਵਿੱਚ ਵੱਡੇ ਚਾਅ ਨੇ।

ਸੁਖਦੇਵ ਅਬੋਹਰ
94172-53110

**ਡਾ. ਸ਼ਿਆਮ ਸੁੰਦਰ ਦੀਪਤੀ ਜੀ ਦੀ ਲਗਾਤਾਰ ਲੇਖ ਲੜੀ 'ਤਰਕਸ਼ੀਲਤਾ ਅਤੇ ਜੀਵਨ' ਦਾ ਲੇਖ ਇਸ ਵਾਰ ਕੁਝ ਕਾਰਣਾਂ ਕਰਕੇ ਪ੍ਰਕਾਸ਼ਿਤ ਨਹੀਂ ਕੀਤਾ ਜਾ ਸਕਿਆ...ਮੁਆਫ਼ੀ...ਅੱਗੇ ਤੋਂ ਲਗਾਤਾਰ ਜਾਰੀ ਰਹੇਗਾ।**



# ਬਾਲ ਪੰਨਾ- 2

ਹਿੰਮਤ, ਲਗਨ ਤੇ ਮਿਹਨਤ ਨਾਲ ਸੁਪਨਿਆਂ ਦੀ ਪ੍ਰਵਾਜ਼ ਉਚੇਰੀ ਹੁੰਦੀ ਹੈ। ਜੋ ਤੁਰਦੇ ਹਨ, ਮੁਸ਼ਕਲਾਂ ਨਾਲ ਸਿੱਝਣ ਦਾ ਹੌਂਸਲਾ ਰੱਖਦੇ ਹਨ। ਮੰਜ਼ਿਲ ਉਹਨਾਂ ਦੇ ਕਦਮਾਂ ਵਿੱਚ ਹੁੰਦੀ ਹੈ।

## ਸਲਾਮ ਐਡੀਸਨ

ਪੰਜ ਸਾਲ ਦੀ ਉਮਰ ਵਿਚ ਮਿਸ਼ਿਗਨ ਅਮਰੀਕਾ ਦੇ ਥਾਮਸ ਐਡੀਸਨ ਨੂੰ ਸਕੂਲ ਵਿੱਚ ਦਾਖਲ ਕਰਾਇਆ ਤਾ ਕੁਝ ਦਿਨਾਂ ਵਿਚ ਹੀ ਸਾਰੇ ਅਧਿਆਪਕ ਉਸ ਤੋਂ ਬਹੁਤ ਦੁਖੀ ਆ ਗਏ ਕਿਉਂਕਿ ਉਹ ਸੁਆਲ ਬਹੁਤ ਪੁੱਛਿਆ ਕਰਦਾ ਸੀ। ਸਕੂਲ ਵਾਲੇ ਉਸਨੂੰ ਮੰਦ ਬੁੱਧੀ ਤੇ ਪਾਗਲ ਤੇ ਸਿਰੇ ਦਾ ਨਲਾਇਕ ਸਮਝਦੇ ਤੇ ਮਜ਼ਾਕ ਕਰਦੇ ਸਨ। ਅਖੀਰ 3 ਕੁ ਮਹੀਨੇ ਪਿਛੋਂ ਇਕ ਦਿਨ ਉਸਨੇ ਸਕੂਲੋਂ ਆ ਕੇ ਆਪਣੀ ਮਾਂ ਨੂੰ ਇਕ ਚਿੱਠੀ ਫੜਾਈ ਜੋ ਉਸਦੇ ਅਧਿਆਪਕ ਨੇ ਦਿੱਤੀ ਸੀ। ਚਿੱਠੀ ਪੜ੍ਹ ਕਿ ਉਸ ਦੀ ਮਾਂ ਨੇ ਆਪਣੇ ਅੱਥਰੂ ਛੁਪਾਉਂਦਿਆਂ ਕਿਹਾ ਕਿ ਸਕੂਲ ਵਾਲਿਆਂ ਨੇ ਲਿਖਿਆ ਹੈ ਕਿ "ਤੁਹਾਡਾ ਬੱਚਾ ਬਹੁਤ ਹੁਸ਼ਿਆਰ ਹੈ ਤੇ ਸਾਡੇ ਕੋਲ ਕਾਬਲ ਅਧਿਆਪਕ ਨਹੀਂ ਹਨ। ਇਸ ਲਈ ਤੁਸੀਂ ਕੱਲ ਤੋਂ ਥਾਮਸ ਨੂੰ ਸਕੂਲ ਨਾ ਭੇਜਣਾ ਤੇ ਘਰ ਵਿੱਚ ਹੀ ਪੜ੍ਹਾਉਣਾ। ਮਾਂ ਨੇ ਉਸਨੂੰ ਰਸਾਇਣ ਵਿਗਿਆਨ ਦੀ ਇਕ ਕਿਤਾਬ ਦਿਤੀ ਤੇ ਕਿਹਾ ਕਿ ਕੱਲ੍ਹ ਤੋਂ ਘਰ ਬੈਠ ਕੇ ਹੀ ਪੜ੍ਹਾਈ ਕਰੋ।

ਉਸਨੇ ਘਰ ਵਿਚ ਹੀ ਲੈਬ ਬਣਾ ਲਈ ਤੇ ਉਥੇ ਹੀ ਆਪਣੇ ਪ੍ਰਯੋਗ ਕਰਨ ਲੱਗ ਗਿਆ ਤੇ ਦੋਬਾਰਾ ਜ਼ਿੰਦਗੀ ਵਿੱਚ ਕਿਸੇ ਸਕੂਲ ਜਾਂ ਕਾਲਜ ਨਹੀਂ ਗਿਆ। ਥੋੜਾ ਵੱਡਾ ਹੋਇਆ ਤਾਂ ਕਿਤਾਬਾਂ ਦਾ ਖਰਚਾ ਪੂਰਾ ਕਰਨ ਵਾਸਤੇ ਰੇਲਵੇ ਸਟੇਸਨ 'ਤੇ ਅਖਬਾਰ ਵੇਚਣ ਲੱਗ ਪਿਆ। ਪੜ੍ਹਾਈ ਦਾ ਏਨਾ ਜਨੂੰਨ ਸੀ ਕਿ ਰੇਲ ਦੇ ਡੱਬੇ ਵਿੱਚ ਹੀ ਪ੍ਰਯੋਗ ਕਰਨ ਲੱਗ ਪਿਆ। ਤੇਜਾਬ ਦੀ ਬੋਤਲ ਹੇਠਾਂ ਡਿਗਣ ਕਾਰਨ ਰੇਲ ਦੇ ਡੱਬੇ ਵਿੱਚ ਅੱਗ ਪੈ ਗਈ। ਅੱਗ ਤਾਂ ਬੁਝਾ ਲਈ ਪਰ ਇੱਕ ਅਧਿਕਾਰੀ ਨੇ ਉਸਦੇ ਇੰਨੀ ਜ਼ੋਰ ਨਾਲ ਥੱਪੜ ਮਾਰਿਆ ਕਿ ਇੱਕ ਕੰਨੋਂ ਉਸਨੂੰ ਉੱਚਾ ਸੁਣਨ ਲੱਗ ਪਿਆ ਤੇ ਬਾਅਦ ਵਿੱਚ ਸੁਣਨੋਂ ਹੀ ਹਟ ਗਿਆ। ਦੁਖੀ ਹੋਣ ਦੀ ਬਜਾਏ ਥਾਮਸ ਖੁਸ਼ ਹੋਇਆ ਕਿ ਹੁਣ ਉਸਨੂੰ ਲੋਕਾਂ ਦੀ ਫਾਲਤੂ ਬਕਵਾਸ ਸੁਣਾਈ ਨਹੀਂ ਦੇਵੇਗੀ।

ਥਾਮਸ ਘੱਟੋ ਘੱਟ 10000 ਵਾਰ ਅਸਫਲ ਹੋਣ ਤੋਂ ਬਾਅਦ ਬਿਜਲੀ ਦੇ ਬਲਬ ਦੀ ਕਾਢ ਕੱਢਣ ਚ ਕਾਮਯਾਬ ਹੋਇਆ। ਪਹਿਲੀ ਵਾਰ ਇਹ ਬੱਲਬ ਸਾਰਾ ਦਿਨ ਜਗਦਾ



ਰਿਹਾ ਤੇ ਲੱਖਾਂ ਲੋਕ ਇਸਨੂੰ ਦੇਖਣ ਆਏ। ਲੋਕਾਂ ਵਾਸਤੇ ਇਹ ਇੱਕ ਬਹੁਤ ਵੱਡਾ ਚਮਤਕਾਰ ਸੀ। ਸਿਰਫ 3 ਮਹੀਨੇ ਸਕੂਲ ਪੜ੍ਹੇ ਥਾਮਸ ਨੇ ਆਪਣੀ ਜ਼ਿੰਦਗੀ ਵਿੱਚ 1097 ਖੋਜਾਂ ਕੀਤੀਆਂ। ਜਿਨ੍ਹਾਂ ਵਿੱਚ ਸਭ ਤੋਂ ਵੱਡੀ ਖੋਜ ਬਲਬ ਦੀ ਹੈ ਇਸ ਤੋਂ ਇਲਾਵਾ ਗ੍ਰਾਮੋਫੋਨ, ਸਾਊਂਡ ਰਿਕਾਰਡਰ, ਇਲੈਕਟ੍ਰਿਕ ਰੇਲ ਇੰਜਣ ਆਦਿ ਅਨੇਕਾਂ ਖੋਜਾਂ ਉਸਦੇ ਨਾਂ ਹਨ। ਉਸ ਦਾ ਕਹਿਣਾ ਸੀ ਕਿ ਅਸਫਲਤਾ ਦਾ ਕਾਰਨ ਹੀ ਹਾਰ ਮੰਨਣਾ ਹੈ। ਇੱਕ ਦਿਨ ਘਰ ਵਿਚ ਕਿਤਾਬਾਂ ਦੀ ਫਰੋਲਾ ਫਰੋਲੀ ਕਰਦੇ ਨੂੰ ਸਕੂਲ ਵੱਲੋਂ ਮਾਂ ਨੂੰ ਲਿਖੀ ਚਿੱਠੀ ਪੜ੍ਹੀ ਤਾਂ ਥਾਮਸ ਸੁੰਨ ਹੋ ਗਿਆ। ਚਿੱਠੀ ਵਿੱਚ ਲਿਖਿਆ ਸੀ ਕਿ "ਤੁਹਾਡਾ ਬੱਚਾ ਬਹੁਤ ਨਲਾਇਕ ਤੇ ਮੰਦ ਬੁੱਧੀ ਹੈ ਇਸ ਨੂੰ ਕਿਸੇ ਪਾਗਲਖਾਨੇ ਜਾਂ ਹਸਪਤਾਲ ਭਰਤੀ ਕਰਾਉ। ਸਕੂਲ ਵਿੱਚ ਕੱਲ ਤੋਂ ਥਾਮਸ ਨੂੰ ਨਾ ਭੇਜਣਾ।" ਐਡੀਸਨ ਨੇ ਲਿਖਿਆ ਕਿ ਮਾਂ ਨੇ ਇੱਕ ਪਾਗਲ ਤੇ ਮੰਦ ਬੁੱਧੀ ਬੱਚੇ ਨੂੰ ਇਕ ਮਹਾਨ ਵਿਗਿਆਨੀ ਬਣਾ ਦਿੱਤਾ। ਅੱਜ ਥਾਮਸ ਐਡੀਸਨ ਕਰਕੇ ਹੀ ਦੁਨੀਆਂ ਦਾ ਹਰ ਘਰ ਰੋਸ਼ਨ ਹੈ।

**ਅਵਤਾਰ ਅਰਸ਼**

## ਜ਼ਿੰਦਗੀ

ਜ਼ਿੰਦਗੀ ਕਿੰਨੀ ਸਵਾਦਲੀ ਹੈ-ਬਸ਼ਰਤੇ ਕਿ ਆਦਮੀ ਨੂੰ ਕੋਈ ਡਰ ਨਾ ਹੋਵੇ ਤੇ ਉਹ ਮਨ-ਮਰਜ਼ੀ ਨਾਲ ਭਰਵੀਂ ਜ਼ਿੰਦਗੀ ਜਿਉਂ ਸਕੇ।

**ਪਾਸਤੋਵਸਕੀ**

# ਅੰਧ-ਵਿਸ਼ਵਾਸਾਂ ਦਾ ਹਨੇਰਾ

**'ਕਿੱਸ ਬਾਬਾ' : ਆਪ ਤਾਂ ਮਰਿਆ ਨਾਲ ਦੂਜਿਆਂ ਨੂੰ ਵੀ ਲੈ ਮਰਿਆ :** ਮੱਧ ਪ੍ਰਦੇਸ਼ ਦੇ ਰਤਲਾਮ ਵਿੱਚ ਕੋਰੋਨਾ ਠੀਕ ਕਰਨ ਦਾ ਦਾਅਵਾ ਕਰਨ ਵਾਲਾ ਅਖੌਤੀ ਕਿੱਸ ਬਾਬਾ ਆਖਰ ਆਪ ਹੀ ਕੋਰੋਨਾ ਨਾਲ ਮਰ ਗਿਆ। 'ਬਾਬੇ' ਕੋਲ ਇਲਾਜ ਲਈ ਗਏ 'ਭਗਤਾਂ' ਦਾ ਹੁਣ ਕੋਰੋਨਾ ਟੈਸਟ ਕਰਵਾਇਆ ਜਾ ਰਿਹਾ ਹੈ। ਸੀ.ਐਮ.ਓ. ਰਤਲਾਮ ਨੇ ਕਿਹਾ ਕਿ ਹੁਣ ਤੱਕ ਮ੍ਰਿਤਕ ਬਾਬੇ ਦੇ ਸੰਪਰਕ ਵਿੱਚ ਆਏ 7 ਲੋਕਾਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਇਹਨਾਂ ਵਿੱਚ ਇੱਕ ਗਰਭਵਤੀ ਔਰਤ ਵੀ ਸ਼ਾਮਲ ਹੈ। ਇਹ ਅਖੌਤੀ ਬਾਬਾ ਆਪਣੇ ਕੋਲ ਆਏ 'ਭਗਤਾਂ' ਦੇ ਹੱਥਾਂ ਨੂੰ ਕਿੱਸ ਕਰਕੇ (ਚੁੰਮ ਕੇ) ਕੋਰੋਨਾ ਨੂੰ ਠੀਕ ਕਰਨ ਦਾ ਦਾਅਵਾ ਕਰਦਾ ਸੀ। ਪ੍ਰਸ਼ਾਸਨ ਹੁਣ ਉਹਨਾਂ ਲੋਕਾਂ ਦੀ ਭਾਲ ਵਿੱਚ ਹੈ ਜਿਹਨਾਂ ਦੇ ਬਾਬੇ ਨੇ ਹੱਥ ਚੁੰਮੇ ਸਨ। **- ਪੀ.ਟੀ.ਆਈ. (ਪੰਜਾਬੀ ਟ੍ਰਿਬਿਊਨ)**

**ਕੋਰੋਨਾ ਦਾ ਝਾੜਾ ਦੇਣ ਵਾਲਾ (ਹਥੌਲਾ ਕਰਨ ਵਾਲਾ) ਭੋਪਾ ਖ਼ੁਦ ਨਿਕਲਿਆ ਪਾਜ਼ੇਟਿਵ :** ਰਾਜਸਥਾਨ ਵਿੱਚ ਅਜਮੇਰ ਲਾਗੇ ਕਿਸ਼ਨਗੜ੍ਹ ਤਹਿਸੀਲ ਦੇ ਪਿੰਡ ਗੁਦਲੀ ਵਿੱਚ ਇੱਕ ਭੋਪਾ (ਪੁਜਾਰੀ) ਖ਼ੁਦ ਬੀਮਾਰ ਹੋਣ ਦੇ ਬਾਵਜੂਦ ਲੋਕਾਂ ਨੂੰ ਹਥੌਲਾ ਕਰਕੇ ਕੋਰੋਨਾ ਭਜਾਉਣ ਦਾ ਦਾਅਵਾ ਕਰ ਰਿਹਾ ਸੀ। ਹਰ ਰੋਜ਼ ਸੈਂਕੜੇ ਲੋਕ ਉਸ ਕੋਲ ਇਹ ਹਥੌਲਾ ਕਰਵਾਉਣ ਆ ਰਹੇ ਸੀ। ਜਾਣਕਾਰੀ ਅਨੁਸਾਰ ਇਸ ਭੋਪੇ ਦੇ ਕੁਝ ਦਿਨ ਪਹਿਲਾਂ ਪੇਟ ਵਿੱਚ ਦਰਦ ਵੀ ਹੋਇਆ ਸੀ, ਜਿਸ ਤੋਂ ਰਾਹਤ ਲਈ ਉਸ ਨੂੰ ਪਿੰਡ ਦੀ ਇੱਕ ਔਰਤ ਕੋਲ ਮਾਲਿਸ਼ ਕਰਵਾਉਣ ਲਈ ਵੀ ਲਿਜਾਇਆ ਗਿਆ ਸੀ। ਭੋਪਾ ਦਾ ਭਰਾ, ਜੋ ਅਜਮੇਰ ਦਰਗਾਹ ਥਾਣੇ ਵਿੱਚ ਸਿਪਾਹੀ ਦੇ ਤੌਰ 'ਤੇ ਤੈਨਾਤ ਹੈ, ਉਸ ਨੂੰ ਇਲਾਜ ਲਈ ਅਜਮੇਰ ਲਿਆਇਆ ਸੀ। ਅਜਮੇਰ ਵਿੱਚ ਜਾਂਚ ਬਾਅਦ ਇਹ ਭੋਪਾ ਕੋਰੋਨਾ ਪਾਜੇਟਿਵ ਨਿਕਲਿਆ। ਉਸ ਨੂੰ ਤੁਰੰਤ ਅਜਮੇਰ ਦੇ ਹਸਪਤਾਲ ਵਿੱਚ ਭਰਤੀ ਕਰਨ ਬਾਅਦ ਪ੍ਰਸ਼ਾਸਨ ਨੇ ਗੁਦਲੀ ਪਿੰਡ ਵਿੱਚ ਕਰਫਿਊ ਲਗਾ ਦਿੱਤਾ ਹੈ। ਪੂਰੇ ਪਿੰਡ ਵਿੱਚ ਭੈਅ ਦਾ ਮਾਹੌਲ ਬਣਿਆ ਹੋਇਆ ਹੈ। ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਇਕਾਂਤਵਾਸ ਕੀਤਾ ਜਾ ਰਿਹਾ ਹੈ। – ਸਮਾਚਾਰ ਜਗਤ ਬਿਊਰੋ, ਅਜਮੇਰ

**ਤੇਜੀ ਨਾਲ ਫੈਲ ਰਿਹਾ ਹੈ ਅੰਧ ਵਿਸ਼ਵਾਸ ਦਾ 'ਵਾਇਰਸ' : ਗਿਆਨਹੀਣ ਲੋਕ ਕਰਨ ਲੱਗੇ 'ਕੋਰੋਨਾ ਮਾਤਾ' ਦੀ ਪੂਜਾ :**

ਦੁਨੀਆਂ ਭਰ ਦੇ ਲੋਕ ਅੱਜ ਕੋਰੋਨਾ ਵਾਇਰਸ ਨਾਲ ਜੂਝ ਰਹੇ ਹਨ। ਡਾਕਟਰ ਇਨਫੈਕਟਡ ਮਰੀਜਾਂ ਦੀ ਜਾਨ ਬਚਾਉਣ 'ਚ ਲੱਗੇ ਹੋਏ ਹਨ ਅਤੇ ਵਿਸ਼ਵ ਭਰ ਦੇ ਵਿਗਿਆਨਕ ਇਸ ਦੀ ਵੈਕਸੀਨ ਲੱਭਣ ਲਈ ਦਿਨ ਰਾਤ ਇੱਕ ਕਰ ਰਹੇ ਹਨ। ਇਹਨਾਂ ਸਭ ਵਿਗਿਆਨਕ ਕੋਸ਼ਿਸ਼ਾਂ ਦੇ ਚਲਦਿਆਂ ਅੰਧਵਿਸ਼ਵਾਸੀਆਂ ਨੇ ਬੰਗਾਲ, ਬਿਹਾਰ, ਅਸਮ, ਛਤੀਸਗੜ੍ਹ ਆਦਿ ਰਾਜਾਂ ਵਿੱਚ ਕਲਪਿਤ ਦੇਵੀ ਕੋਰੋਨਾ ਮਾਤਾ ਦੀ ਪੂਜਾ ਵੀ ਸ਼ੁਰੂ ਕਰ ਦਿੱਤੀ ਹੈ। ਇਹ ਹੈ ਵਿਗਿਆਨ ਦੇ ਯੁੱਗ ਵਿੱਚ ਸਾਡੀ ਅਗਿਆਨਤਾ ਦੀ ਸ਼ਿਖਰ। ਅਖੌਤੀ ਕੋਰੋਨਾ ਮਾਤਾ ਦੀ ਪੂਜਾ ਦੇ ਦੌਰਾਨ ਸਰੀਰਕ ਦੂਰੀ ਅਤੇ ਮਾਸਕ ਪਹਿਨਣ ਵਰਗੇ ਉਪਾਆਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਛਤੀਸਗੜ੍ਹ ਦੇ ਰਾਏਪੁਰ ਵਿੱਚ ਅੰਧ ਸ਼ਰਧਾ ਨਿਰਮੂਲਣ ਸੰਮਤੀ ਦੇ ਆਗੂ ਡਾ. ਦਿਨੇਸ਼ ਮਿਸਰ ਨੇ ਕਿਹਾ ਕਿ ਪੂਜਾ ਨਾਲ ਨਹੀਂ, ਦਵਾਈ ਨਾਲ ਹੋਵੇਗਾ ਵਾਇਰਸ ਦਾ ਇਲਾਜ। ਭਾਰਤੀ ਵਿਗਿਆਨ ਅਤੇ ਯੁਕਤੀਵਾਦੀ ਸਮਿਤੀ ਦੇ ਆਗੂ ਪ੍ਰਬੀਰ ਘੋਸ਼ ਨੇ ਕਿਹਾ ਕਿ ਇਹ ਵਰਤਾਰਾ ਮੂਰਖਤਾ ਹੈ। ਲੋਕ ਪੂਜਾ ਵਰਗੀ ਮੂਰਖਤਾ ਨਾਲ ਇਸ ਨੂੰ ਹੋਰ ਫੈਲਾਉਣ ਵਿੱਚ ਭਾਗੀਦਾਰ ਨਾ ਬਨਣ।

**ਕੋਰੋਨਾ ਤੋਂ ਬਚਣ ਲਈ ਡੀ.ਸੀ. ਅਤੇ ਐੱਸ.ਪੀ. ਨੇ ਚੜ੍ਹਾਈ ਦੇਵੀ ਨੂੰ ਸ਼ਰਾਬ :** ਲਗਾਤਾਰ 80 ਤੋਂ ਜਿਆਦਾ ਦਿਨਾਂ ਬਾਅਦ ਵੀ ਉਜ਼ੈਨ ਕੋਰੋਨਾ ਦੇ ਰੈੱਡ ਜੋਨ ਵਿੱਚ ਹੈ। ਸਿਹਤ ਵਿਭਾਗ ਦੇ ਕਰਮਚਾਰੀ ਇਸ ਦੀ ਰੋਕਥਾਮ ਲਈ ਆਪਣੀ ਜਾਨ ਖਤਰੇ ਵਿੱਚ ਪਾ ਕੇ ਲਗਾਤਾਰ ਯਤਨ ਕਰ ਰਹੇ ਹਨ ਪਰ ਪ੍ਰਸ਼ਾਸਨ 'ਅਜਿਹਾ' ਕੁਝ ਕਰ ਰਿਹਾ। ਜ਼ਿੰਮੇਵਾਰ ਜਿਲ੍ਹਾ ਅਧਿਕਾਰੀ ਐੱਸ.ਐੱਸ.ਪੀ., ਡੀ.ਸੀ. ਇਹ ਗੁਲ ਖਿੰਡਾ ਰਹੇ ਹਨ।

**(ਏਜੰਸੀ, ਉਜ਼ੈਨ)**

---

***ਪੰਨਾ 36 ਦਾ ਬਾਕੀ...***

(8867 ਮੀਟਰ) ਪਰਬਤੀ ਚੋਟੀ ਮਾਊਂਟ ਐਵਰੈਸਟ ਪ੍ਰਿਥਵੀ ਦੇ ਕੇਂਦਰ ਤੋਂ ਜਿਆਦਾ ਦੂਰ ਹੈ ਅਤੇ ਐਰੀਜ਼ੋਨਾ ਦੀ 1737 ਮੀਟਰ ਡੂੰਘੀ ਘਾਟੀ ਗਰੈਂਡ ਕੇਨੀਅਨ ਕੇਂਦਰ ਦੇ ਨੇੜੇ ਹੈ। ਅਤੀ ਸੂਖ਼ਮ ਤਰਾਜੂ ਦੋਵਾਂ ਥਾਵਾਂ 'ਤੇ ਭਾਰ ਦਾ ਅੰਤਰ ਦੱਸ ਸਕਦਾ ਹੈ। ਮੰਗਲ ਗ੍ਰਹਿ ਉੱਪਰ ਸਥਿਤ ਸੂਰਜ ਮੰਡਲ ਦੇ ਸਭ ਤੋਂ ਉੱਚੇ (21229 ਮੀਟਰ) ਜਵਾਲਾਮੁਖੀ ਪਹਾੜ ਉਲੰਪੀਅਸ ਮੌਂਸ ਦੇ ਮੁਕਾਬਲੇ ਮੰਗਲ ਦੀ ਡੂੰਘੀ ਵਾਦੀ ਵਿੱਚ ਭਾਰ ਦਾ ਫਰਕ ਹੋਰ ਵੀ ਜ਼ਿਆਦਾ ਹੋਵੇਗਾ। **98556-56156**

---

ਏਨੇ ਵੀ ਸੁੱਕੇ ਨਾ ਹੋਵੋ ਕਿ ਤਿੜ ਤਿੜ ਕਰਕੇ ਟੁੱਟ ਜਾਵੋ, ਪਰ ਏਨੇ ਵੀ ਸਿੱਲ੍ਹੇ ਨਾ ਹੋਵੋ ਕਿ ਤੁਹਾਨੂੰ ਕੰਬਲ ਵਾਂਗ ਨਿਚੋੜਿਆ ਜਾਵੇ। **ਰਸੂਲ ਹਮਜ਼ਾਤੋਵ**

# ਕੋਰੋਨਾ ਵਾਇਰਸ - ਆਸਥਾ ਅਤੇ ਵਿਗਿਆਨ



ਸੁਮੀਤ ਸਿੰਘ

ਕਈ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਤੋਂ ਪ੍ਰਭਾਵਿਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਪੀੜਿਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦਰਅਸਲ ਮੋਦੀ ਸਰਕਾਰ ਵੱਲੋਂ ਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਹਦਾਇਤਾਂ ਨੂੰ ਸਮੇਂ ਸਿਰ ਲਾਗੂ ਨਾ ਕਰਕੇ ਕਰੋਨਾ ਵਾਇਰਸ ਦੀ ਮਹਾਂਮਾਰੀ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ।

ਸਭ ਤੋਂ ਵੱਧ ਅਫਸੋਸਨਾਕ ਪਹਿਲੂ ਇਹ ਹੈ ਕਿ ਮੋਦੀ ਸਰਕਾਰ ਵੱਲੋਂ ਨੋਟਬੰਦੀ ਵਾਂਗ ਅਜਿਹਾ ਲਾਕਡਾਊਨ ਕਰਨ ਤੋਂ ਪਹਿਲਾਂ ਕਿਸੇ ਵੀ ਪੱਧਰ 'ਤੇ ਕੋਈ ਤਿਆਰੀ ਨਹੀਂ ਕੀਤੀ ਗਈ। ਦੇਸ਼ ਦੇ ਮੈਡੀਕਲ ਮਾਹਰਾਂ ਅਤੇ ਵਿਰੋਧੀ ਧਿਰ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਨਾ ਤਾਂ ਮੈਡੀਕਲ ਪੱਧਰ 'ਤੇ ਤਿਆਰੀ ਕੀਤੀ ਗਈ। ਨਾ ਹੀ ਗਰੀਬ ਅਤੇ ਦਿਹਾੜੀਦਾਰ ਮਜ਼ਦੂਰਾਂ, ਕਿਸਾਨਾਂ ਅਤੇ ਲੋੜਵੰਦਾਂ ਨੂੰ ਲੋੜੀਂਦੀ ਮਾਲੀ ਮਦਦ ਅਤੇ ਯੋਗ ਮਾਤਰਾ ਵਿੱਚ ਰਾਸ਼ਨ-ਦਵਾਈਆਂ ਅਤੇ ਹੋਰ ਜਰੂਰੀ ਵਸਤਾਂ ਮੁਹੱਈਆ ਕਰਵਾਈਆਂ ਗਈਆਂ।

ਕੇਂਦਰੀ ਸੱਤਾ ਉੱਤੇ ਸਮੇਂ ਸਮੇਂ 'ਤੇ ਕਾਬਜ ਰਹੀਆਂ ਵੱਖ ਵੱਖ ਸਰਕਾਰਾਂ ਦੀ ਇਹ ਘੋਰ ਨਲਾਇਕੀ ਕਹੀ ਜਾ ਸਕਦੀ ਹੈ ਕਿ ਦੇਸ਼ ਆਜ਼ਾਦੀ ਦੇ 73 ਸਾਲਾਂ ਬਾਅਦ ਵੀ ਕੌਮਾਂਤਰੀ ਪੱਧਰ 'ਤੇ ਸਿਹਤ ਸੇਵਾਵਾਂ ਦੇ ਢਾਂਚੇ ਦੇ ਖੇਤਰ ਵਿੱਚ ਸਾਡਾ ਦੇਸ਼ 112ਵੇਂ ਸਥਾਨ 'ਤੇ ਆਉਂਦਾ ਹੈ। ਮੋਦੀ ਸਰਕਾਰ ਵੱਲੋਂ ਪਿਛਲੇ ਛੇ ਸਾਲਾਂ ਤੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਨ ਅਤੇ ਸਿਹਤ ਬਜਟ ਵਿੱਚ ਕਟੌਤੀ ਕਰਨ ਕਰਕੇ ਦੇਸ਼ ਵਿੱਚ ਸਰਕਾਰੀ ਹਸਪਤਾਲਾਂ, ਡਾਕਟਰਾਂ, ਨਰਸਾਂ, ਸਿਹਤ ਅਮਲੇ, ਦਵਾਈਆਂ, ਜਾਂਚ ਲੈਬੋਰਟਰੀਆਂ, ਬੈੱਡਾਂ, ਵੈਂਟੀਲੇਟਰਾਂ ਅਤੇ ਵਿਕਸਤ ਢਾਂਚੇ ਦੀ ਬੇਹੱਦ ਘਾਟ ਹੈ ਜਿਸ ਕਰਕੇ ਸਾਡਾ ਦੇਸ਼ ਕੋਰੋਨਾ ਵਾਇਰਸ ਦੀ ਮਹਾਂਮਾਰੀ ਦਾ ਡਟਵਾਂ ਟਾਕਰਾ ਕਰਨ ਦੇ ਬਿਲਕੁਲ ਅਸਮਰੱਥ ਹੋਇਆ ਪਿਆ ਹੈ। ਬੜੀ ਸ਼ਰਮ ਦੀ ਗੱਲ ਹੈ ਕਿ ਸਿਆਸੀ ਮਿਲੀਭੁਗਤ ਹੇਠ ਸਰਕਾਰਾਂ ਤੋਂ ਸਸਤੇ ਕਰਜ਼ੇ, ਸਸਤੀਆਂ ਜ਼ਮੀਨਾਂ ਅਤੇ ਹੋਰ ਛੋਟਾਂ ਲੈ ਕੇ ਹੋਟਲਨੁਮਾ ਹਸਪਤਾਲ ਖੜ੍ਹੇ ਕਰਨ ਵਾਲੇ ਪੂੰਜੀਪਤੀ ਮਾਲਕ ਕੋਰੋਨਾ ਵਾਇਰਸ ਪੀੜਤ ਲੋੜਵੰਦ ਮਰੀਜ਼ਾਂ ਦਾ ਇਲਾਜ ਕਰਨ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਰਹੇ ਹਨ।

ਹੋਰ ਵੀ ਸ਼ਰਮਨਾਕ ਪਹਿਲੂ ਇਹ ਹੈ ਕਿ ਮੋਦੀ ਸਰਕਾਰ ਨੇ ਵਿਕਸਤ ਸਿਹਤ ਢਾਂਚਾ ਉਸਾਰਨ ਦੀ ਬਜਾਏ ਪਿਛਲੇ ਛੇ ਕੁ ਸਾਲਾਂ ਵਿੱਚ ਆਪਣੇ ਹਿੰਦੂ ਰਾਸ਼ਟਰ ਦੇ ਫਿਰਕੂ ਏਜੰਡੇ ਹੇਠ ਧਾਰਮਿਕ ਸਥਾਨਾਂ, ਕੁੰਭ ਮੇਲਿਆਂ, ਮੂਰਤੀਆਂ ਅਤੇ ਹੋਰਨਾਂ ਧਾਰਮਿਕ ਤੇ ਰੂੜੀਵਾਦੀ ਕਾਰਜਾਂ ਉੱਤੇ ਅਰਬਾਂ ਰਪਏ ਦੀ ਫਜ਼ੂਲ ਖਰਚੀ ਕੀਤੀ ਹੈ। ਹਾਲਾਤ ਇਹ ਹਨ ਕਿ ਡਾਕਟਰਾਂ ਅਤੇ ਸਿਹਤ ਅਮਲੇ ਕੋਲ ਕੋਰੋਨਾ ਵਾਇਰਸ ਤੋਂ ਬਚਾਅ ਲਈ ਆਧੁਨਿਕ ਸਾਜੋ ਸਮਾਨ ਅਤੇ ਸੁਰੱਖਿਅਤ ਕਿੱਟਾਂ ਦੀ ਬੇਹੱਦ ਘਾਟ ਹੈ ਅਤੇ ਉਹ ਖੁਦ ਕਰੋਨਾ ਵਾਇਰਸ ਦਾ ਸ਼ਿਕਾਰ ਹੋ ਰਹੇ ਹਨ।

ਕਰੋਨਾ ਵਾਇਰਸ ਦੀ ਮਹਾਂਮਾਰੀ ਮੌਕੇ ਧਾਰਮਿਕ ਆਸਥਾ ਦੇ ਨਜ਼ਰੀਏ ਤੋਂ ਇਹ ਸੋਚ ਵਿਚਾਰ ਕਰਨ ਦੀ ਵੀ ਲੋੜ ਹੈ ਕਿ ਦੁਨੀਆਂ ਦੀ ਅੱਧੀ ਤੋਂ ਵੱਧ ਅਬਾਦੀ ਦੇ ਵੱਖ ਵੱਖ ਧਰਮਾਂ ਨਾਲ ਸਬੰਧਿਤ ਲੋਕ ਆਪਣੇ ਆਪਣੇ ਪ੍ਰਮਾਤਮਾ ਦੀ ਅਲੌਕਿਕ ਸ਼ਕਤੀ ਵਿੱਚ ਅਟੁੱਟ ਵਿਸ਼ਵਾਸ ਰੱਖਦੇ ਹਨ ਅਤੇ ਉਹ ਮੌਜੂਦਾ ਭਿਆਨਕ ਮਹਾਂਮਾਰੀ ਤੋਂ ਬਚਣ ਲਈ ਲਗਾਤਾਰ ਪਾਠ ਪੂਜਾ ਅਤੇ ਅਰਦਾਸਾਂ ਵੀ ਕਰ ਰਹੇ ਹਨ ਪਰ ਕਿਸੇ ਵੀ ਅਖੌਤੀ ਪ੍ਰਮਾਤਮਾ ਨੇ ਆਪਣੀ ਅਲੌਕਿਕ ਸ਼ਕਤੀ ਨਾਲ ਆਪਣੇ ਸ਼ਰਧਾਲੂਆਂ ਨੂੰ ਕੋਰੋਨਾਵਾਇਰਸ ਤੋਂ ਬਚਾਉਣ ਲਈ ਕੋਈ ਮਦਦ ਨਹੀਂ ਕੀਤੀ ਜਿਸ ਨਾਲ ਬਹੁਗਿਣਤੀ ਧਾਰਮਿਕ ਲੋਕਾਂ ਦੀ ਆਸਥਾ ਨੂੰ ਠੇਸ ਪਹੁੰਚਣੀ ਸੁਭਾਵਕ ਹੈ। ਖਾਸ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਸਦਾ ਲਈ ਗਵਾਉਣ ਵਾਲਿਆਂ ਦੇ ਦਿਮਾਗ ਵਿੱਚ 'ਅਖੌਤੀ ਸਰਬਸ਼ਕਤੀਮਾਨ' ਪ੍ਰਮਾਤਮਾ ਦੀ ਹੋਂਦ ਪ੍ਰਤੀ ਸਵਾਲੀਆ ਨਿਸ਼ਾਨ ਵੀ ਉੱਭਰਿਆ ਹੈ। ਇਸ ਲਈ ਬਹੁ ਗਿਣਤੀ ਲੋਕ ਇਸ ਤੱਥ ਨੂੰ ਸਵੀਕਾਰ ਵੀ ਕਰ ਰਹੇ ਹਨ ਕਿ ਬ੍ਰਹਿਮੰਡ ਉੱਤੇ ਕਿਸੇ ਵੀ ਪ੍ਰਮਾਤਮਾ ਦੀ ਕੋਈ ਹੋਂਦ ਨਹੀਂ ਹੈ ਅਤੇ ਕੋਰੋਨਾ ਵਾਇਰਸ ਵਰਗੀ ਮਹਾਂਮਾਰੀ ਦਾ ਇਲਾਜ ਕਿਸੇ ਪਾਠ ਪੂਜਾ ਜਾਂ ਅਲੌਕਿਕ ਸ਼ਕਤੀ ਨਾਲ ਨਹੀਂ ਬਲਕਿ ਮੈਡੀਕਲ ਸਾਇੰਸ ਦੁਆਰਾ ਹੀ ਕੀਤਾ ਜਾ ਸਕਦਾ ਹੈ।

ਇਸੇ ਤਰ੍ਹਾਂ ਦੇਸ਼ ਵਿਦੇਸ਼ ਦੇ ਬਹੁਤ ਸਾਰੇ ਪ੍ਰਸਿੱਧ ਇਤਿਹਾਸਕ ਧਾਰਮਿਕ ਸਥਾਨਾਂ ਬਾਰੇ ਅਕਸਰ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਉੱਥੇ ਪਾਠ-ਪੂਜਾ, ਇਸ਼ਨਾਨ ਅਤੇ ਅਰਦਾਸ ਕਰਕੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਦੁੱਖ-ਦਰਦ ਖਤਮ ਹੋ ਜਾਂਦੇ ਹਨ ਪਰ ਅਜਿਹੇ 'ਅਲੌਕਿਕ' ਧਾਰਮਿਕ

ਸਥਾਨਾਂ ਦੇ ਪ੍ਰਬੰਧਕਾਂ ਨੇ ਇਸ ਭਿਆਨਕ ਮਹਾਂਮਾਰੀ ਨੂੰ ਖਤਮ ਕਰਨ ਲਈ ਆਪਣੀਆਂ 'ਅਲੌਕਿਕ' ਸੇਵਾਵਾਂ ਦੇਣ ਦੀ ਪੇਸ਼ਕਸ਼ ਨਹੀਂ ਕੀਤੀ। ਉਲਟਾ ਸਗੋਂ ਉਹ ਆਪਣੇ ਸ਼ਰਧਾਲੂਆਂ ਨੂੰ ਮਾਸਕ ਅਤੇ ਸੈਨੇਟਾਈਜ਼ਰ ਨਾਲ ਕੀਟਾਣੂ ਮੁਕਤ ਰਹਿਣ ਅਤੇ ਧਾਰਮਿਕ ਸਥਾਨਾਂ ਵਿੱਚ ਨਾ ਆਉਣ ਦੀਆਂ ਅਪੀਲਾਂ ਕਰ ਰਹੇ ਹਨ। ਕੀ ਉਨ੍ਹਾਂ ਨੂੰ ਹੁਣ ਆਪਣੇ ਪਾਠ-ਪੂਜਾ, ਪਵਿੱਤਰ ਜਲ ਅਤੇ ਉਸ ਪ੍ਰਮਾਤਮਾ ਦੀਆਂ ਅਲੌਕਿਕ ਸ਼ਕਤੀਆਂ ਉੱਤੇ ਭਰੋਸਾ ਨਹੀਂ ਰਿਹਾ? ਜਿਹੜੇ ਲੋਕ ਇਹ ਕਹਿੰਦੇ ਨਹੀਂ ਸੀ ਥੱਕਦੇ ਕਿ ਪ੍ਰਮਾਤਮਾ ਦੀ ਮਰਜ਼ੀ ਬਿਨਾਂ ਪੱਤਾ ਨਹੀਂ ਹਿਲਦਾ, ਉਹ ਇਹ ਤੱਥ ਮੰਨਣ ਲਈ ਮਜ਼ਬੂਰ ਹੋਏ ਹਨ ਕਿ ਕਿਸੇ ਅਖੌਤੀ ਪ੍ਰਮਾਤਮਾ ਨੇ ਨਹੀਂ ਸਗੋਂ ਵਿਗਿਆਨ ਨੇ ਸਾਡੀ ਮਦਦ ਕਰਨੀ ਹੈ। ਜਿਹੜੇ ਇਹ ਸੋਚਦੇ ਸੀ ਕਿ ਪ੍ਰਮਾਤਮਾ ਨੇ ਜਿੰਨੇ ਸਵਾਸ ਲਿਖੇ ਹਨ ਓਨੇ ਹੀ ਲੈਣੇ ਹਨ, ਉਨ੍ਹਾਂ ਲੋਕਾਂ ਦੀ ਟੇਕ ਵੀ ਹੁਣ ਸਿਰਫ ਟੈਸਟਿੰਗ, ਦਵਾਈਆਂ, ਡਾਕਟਰੀ ਇਲਾਜ ਅਤੇ ਸਰੀਰਕ ਦੂਰੀ ਰੱਖਣ ਅਤੇ ਸਵਾਸ ਵਧਾਉਣ ਉੱਤੇ ਕੇਂਦਰਿਤ ਹੋਈ ਪਈ ਹੈ। ਬੇਸ਼ੱਕ ਅਜਿਹੇ ਬਹੁਗਿਣਤੀ ਲੋਕ ਜ਼ਾਹਿਰ ਨਹੀਂ ਕਰ ਰਹੇ ਪਰ ਉਹ ਇਹ ਸੋਚ ਕੇ ਆਪਣੇ ਆਪ ਨੂੰ ਠੱਗੇ ਗਏ ਮਹਿਸੂਸ ਕਰ ਰਹੇ ਹਨ ਕਿ ਉਹ ਪੀੜ੍ਹੀ ਦਰ ਪੀੜ੍ਹੀ ਕਈ ਦਹਾਕਿਆਂ ਬੱਧੀ ਐਵੇਂ ਹੀ ਧਾਰਮਿਕ ਸਥਾਨਾਂ ਵਿੱਚ ਜਾ ਕੇ ਕਿਸੇ ਅਖੌਤੀ ਪ੍ਰਮਾਤਮਾ ਅੱਗੇ ਨੱਕ ਮੱਥੇ ਰਗੜਦੇ ਰਹੇ।

ਦੇਸ਼ ਦੀ ਜਨਤਾ ਵੱਲੋਂ ਬਹੁਗਿਣਤੀ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਵੱਖ ਵੱਖ ਪ੍ਰਸਿੱਧ ਧਾਰਮਿਕ ਸਥਾਨਾਂ ਕੋਲ ਜਮਾਂ ਅਰਬਾਂ ਰੁਪਏ ਦੇ ਲੋਕਾਂ ਦੇ ਚੜ੍ਹਾਵੇ/ ਸਰਮਾਏ ਨੂੰ ਕੋਰੋਨਾਵਾਇਰਸ ਤੋਂ ਪੀੜਤ ਮਰੀਜਾਂ ਦੇ ਇਲਾਜ ਅਤੇ ਲੋੜਵੰਦ ਲੋਕਾਂ ਦੀ ਭਲਾਈ ਉੱਤੇ ਕਿਉਂ ਨਹੀਂ ਖਰਚਿਆ ਜਾ ਰਿਹਾ? ਜੇਕਰ ਧਾਰਮਿਕ ਸਥਾਨਾਂ ਦੇ ਪ੍ਰਬੰਧਕ ਘੋਰ ਸੰਕਟ ਵੇਲੇ ਲੋੜਵੰਦ ਸ਼ਰਧਾਲੂਆਂ ਦੀ ਆਰਥਿਕ ਮਦਦ ਨਹੀਂ ਕਰ ਸਕਦੇ ਤਾਂ ਇਨ੍ਹਾਂ ਨੂੰ ਗੋਲਕਾਂ ਰੱਖਣ ਅਤੇ ਸ਼ਰਧਾਲੂਆਂ ਦੀ ਹੱਕ ਹਲਾਲ ਦੀ ਕਮਾਈ ਦਾ ਦਾਨ ਲੈਣ ਦਾ ਵੀ ਕੋਈ ਅਧਿਕਾਰ ਨਹੀਂ।

ਇਸੇ ਤਰ੍ਹਾਂ ਦੇਸ਼ ਵਿਚਲੇ ਜਿਹੜੇ ਬਾਬੇ, ਸਵਾਮੀ, ਯੋਗੀ, ਪੁਜਾਰੀ, ਜੋਤਿਸ਼ੀ, ਸਾਧ, ਸੰਤ ਅਤੇ ਡੇਰਾ ਮਾਲਕ ਆਪਣੀਆਂ ਅਖੌਤੀ ਦੈਵੀ ਸ਼ਕਤੀਆਂ ਨਾਲ ਕੈਂਸਰ, ਕਾਲਾ ਪੀਲੀਆ, ਲਕਵਾ, ਦਮਾ, ਬਾਂਝਪਨ, ਏਡਜ਼ ਆਦਿ ਗੰਭੀਰ ਬਿਮਾਰੀਆਂ ਦੇ ਮਰੀਜਾਂ ਨੂੰ ਠੀਕ ਕਰਨ ਦੇ ਵੱਡੇ ਵੱਡੇ ਦਾਅਵੇ ਕਰਦੇ ਸਨ ਅਤੇ ਇਸ ਸਬੰਧੀ ਅਖਬਾਰਾਂ ਤੇ ਟੀ.ਵੀ. ਚੈਨਲਾਂ ਉੱਤੇ ਸਾਰਾ ਸਾਲ ਝੂਠੀ ਤੇ ਗੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਦਿੰਦੇ ਸਨ, ਉਹ ਕੋਰੋਨਾ ਵਾਇਰਸ ਦੀ ਚੁਣੌਤੀ ਨੂੰ ਕਬੂਲ ਕਰਨ ਤੋਂ ਭੱਜ ਗਏ ਹਨ।

ਦੇਸ਼ ਦੇ ਲੋਕਾਂ ਨੂੰ ਇਹ ਤੱਥ ਵੀ ਸਮਝਣ ਦੀ ਲੋੜ ਹੈ ਕਿ ਭਾਰਤ ਸਮੇਤ ਦੁਨੀਆਂ ਦੇ ਕਿਸੇ ਵੀ ਜੋਤਿਸ਼ੀ ਨੇ ਇਸ ਸੰਕਟ ਸਬੰਧੀ ਕਦੇ ਕੋਈ ਭਵਿੱਖਬਾਣੀ ਨਹੀਂ ਕੀਤੀ ਸੀ। ਪੀੜਤ ਲੋਕ ਵੱਖ ਵੱਖ ਰਾਸ਼ੀਆਂ ਨਾਲ ਸਬੰਧਿਤ ਹਨ। ਜਾਹਿਰ ਹੈ ਕਿ ਜੋਤਿਸ਼, ਰਾਸ਼ੀਫਲ ਅਤੇ ਇਸਦਾ ਪ੍ਰਚਾਰ ਕਰਨ ਵਾਲਿਆਂ ਦੇ ਦਾਅਵੇ ਵੀ ਪੂਰੀ ਤਰ੍ਹਾਂ ਝੂਠੇ, ਗਲਤ ਅਤੇ ਗੈਰਵਿਗਿਆਨਕ ਹਨ।

ਇਸ ਗੱਲ ਦੀ ਬੜੀ ਹੈਰਾਨਗੀ ਤੇ ਅਫਸੋਸ ਹੈ ਕਿ ਕੁੱਝ ਭਗਵਾਂ ਸੰਗਠਨਾਂ ਅਤੇ ਭਾਜਪਾ ਨੇਤਾਵਾਂ ਵੱਲੋਂ ਆਪਣੇ ਹਿੰਦੂਤਵੀ ਏਜੰਡੇ ਹੇਠ ਕੋਰੋਨਾ ਵਾਇਰਸ ਦਾ ਇਲਾਜ ਗਊ ਮੂਤਰ, ਗੋਬਰ ਇਸ਼ਨਾਨ, ਹਵਨ-ਯੱਗ, ਜੜ੍ਹੀ ਬੂਟੀਆਂ ਅਤੇ ਟੂਣੇ ਟੋਟਕਿਆਂ ਨਾਲ ਕਰਨ ਦਾ ਗੈਰ ਕਾਨੂੰਨੀ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਖ਼ੁਦ ਪ੍ਰਧਾਨ ਮੰਤਰੀ ਵੱਲੋਂ ਆਪਣੇ ਭਾਸ਼ਣਾਂ ਵਿੱਚ ਲੋਕਾਂ ਨੂੰ ਥਾਲੀਆਂ ਖੜਕਾਉਣ, ਤਾਲੀਆਂ ਵਜਾਉਣ ਅਤੇ ਕਿਸੇ ਵਿਸ਼ੇਸ਼ ਦਿਨ 'ਤੇ ਦੀਵੇ ਮੋਮਬੱਤੀਆਂ ਜਗਾਉਣ ਦਾ ਅੰਧਵਿਸ਼ਵਾਸ ਫੈਲਾਇਆ ਗਿਆ ਹੈ ਜਦਕਿ ਕੋਰੋਨਾ ਵਾਇਰਸ ਖਿਲਾਫ਼ ਜੰਗ ਜਿੱਤਣ ਲਈ ਵਿਗਿਆਨਕ ਪੱਧਰ 'ਤੇ ਅਜੇ ਬਹੁਤ ਵੱਡੇ ਯਤਨ ਕੀਤੇ ਜਾਣੇ ਬਾਕੀ ਹਨ। ਅਜਿਹੀਆਂ ਭਿਆਨਕ ਮਹਾਂਮਾਰੀਆਂ ਦਾ ਮੁਕਾਬਲਾ ਕਰਨ ਲਈ ਸਾਨੂੰ ਅੰਧਵਿਸ਼ਵਾਸ ਦੀ ਬਜਾਏ ਆਪਣੇ ਅੰਦਰ ਵਿਗਿਆਨਕ ਸੋਚ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਵਿਕਸਤ ਕਰਨ ਦੀ ਲੋੜ ਹੈ।

ਬੇਸ਼ੱਕ ਕੇਂਦਰ ਸਰਕਾਰ ਨੇ ਇਸ ਸੰਕਟ ਦੀ ਸਥਿਤੀ ਮੌਕੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਹੈ ਪਰ ਇਸ ਗੱਲ ਦੀ ਆਸ ਨਹੀਂ ਹੈ ਕਿ ਇਸ ਪੈਸੇ ਨੂੰ ਪੀੜਤਾਂ ਦੇ ਇਲਾਜ ਲਈ ਇਮਾਨਦਾਰੀ ਨਾਲ ਖਰਚ ਕੀਤਾ ਜਾਵੇਗਾ। ਪੀੜਿਤ ਲੋਕਾਂ ਨੂੰ ਫੌਰੀ ਆਰਥਿਕ ਰਾਹਤ ਨਹੀਂ ਦਿੱਤੀ ਜਾ ਰਹੀ। ਹਾਲਾਤ ਇੱਥੋਂ ਤੱਕ ਬਦਤਰ ਹੋ ਚੁੱਕੇ ਹਨ ਕਿ ਕਰੋੜਾਂ ਗਰੀਬ ਅਤੇ ਬੇਘਰੇ ਲੋਕ ਕੋਰੋਨਾਵਾਇਰਸ ਦੀ ਬਜਾਏ ਭੁੱਖਮਰੀ ਅਤੇ ਬੇਰੋਜ਼ਗਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਹਜ਼ਾਰਾਂ ਮੀਲ ਦਾ ਸਫਰ ਪੈਦਲ ਤਹਿ ਕਰਦੇ ਹੋਏ ਸੈਂਕੜੇ ਪ੍ਰਵਾਸੀ ਮਜ਼ਦੂਰ ਸੜਕੀ ਤੇ ਰੇਲ ਹਾਦਸਿਆਂ ਦਾ ਸ਼ਿਕਾਰ ਹੋ ਕੇ ਜਾਨ ਗੰਵਾ ਚੁੱਕੇ ਹਨ।

ਸਰਕਾਰਾਂ ਨੂੰ ਧਾਰਮਿਕ ਕਾਰਜਾਂ ਉੱਤੇ ਫਜ਼ੂਲਖਰਚੀ ਕਰਨ ਦੀ ਥਾਂ ਸਿਹਤ ਅਤੇ ਸਿੱਖਿਆ ਬਜਟ ਵਿੱਚ ਵਾਧਾ ਕਰਨਾ ਚਾਹੀਦਾ ਹੈ ਅਤੇ ਆਪਣੀਆਂ ਕਾਰਪੋਰੇਟ ਪੱਖੀ ਨਿੱਜੀਕਰਨ ਦੀਆਂ ਨੀਤੀਆਂ ਨੂੰ ਰੱਦ ਕਰਕੇ ਸਰਕਾਰੀ ਨੌਕਰੀਆਂ/ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ ਚਾਹੀਦੇ ਹਨ। ਸਰਕਾਰਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਸਥਿਤੀ ਦਾ ਟਾਕਰਾ ਕਰਨ ਲਈ ਨਾ ਤਾਂ ਨਿੱਜੀ ਹਸਪਤਾਲ ਅਤੇ ਕਾਰਪੋਰੇਟ ਸੈਕਟਰ ਕੋਈ ਪੱਲਾ ਫੜਾ ਰਹੇ ਹਨ ਅਤੇ ਨਾ

***...ਬਾਕੀ ਪੰਨਾ 45 'ਤੇ***



# ਸਰੀਰ ਪ੍ਰਦਾਨੀ ਡਾ. ਜੀ. ਵਿਜਿਯਮ ਅਲਵਿਦਾ !

**ਹਰਚੰਦ ਭਿੰਡਰ**

ਨਾਸਤਿਕ ਕੇਂਦਰ, ਵਿਜੈਵਾੜਾ ਦੇ ਪ੍ਰਮੁੱਖ ਅਤੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨਜ਼ (ਫੀਰਾ) ਦੇ ਸਰਪ੍ਰਸਤ ਡਾ. ਜੀ. ਵਿਜਿਯਮ 22 ਮਈ 2020 ਨੂੰ 84 ਸਾਲ ਦੀ ਉਮਰ ਵਿੱਚ Alzhemer ਨਾਲ ਸਦੀਵੀਂ ਵਿਛੋੜਾ ਦੇ ਗਏ। ਉਹ ਗਾਂਧੀਵਾਦੀ ਅਤੇ ਦੱਖਣੀ ਭਾਰਤ ਦੇ ਜਾਣੇਪਛਾਣੇ ਨਾਸਤਿਕ ਆਗੂ, ਲੇਖਕ ਗੋਪਾ ਰਾਜੂ ਰਾਮ ਚੰਦਰ ਰਾਓ (ਗੋਰਾ) ਦੇ ਪੁੱਤਰ ਸਨ ਅਤੇ 1 ਦਸੰਬਰ 1936 ਨੂੰ ਕ੍ਰਿਸ਼ਨਾ ਜ਼ਿਲ੍ਹੇ ਦੇ ਕਸਬਾ ਮਛਲੀਪਟਨਮ ਵਿਖੇ ਉਹ ਪੈਦਾ ਹੋਏ। ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਤੋਂ ਉਹਨਾਂ ਨੇ ਐੱਮ.ਏ. (ਰਾਜਨੀਤੀ ਵਿਗਿਆਨ) ਕੀਤੀ। ਅਮਰੀਕਾ ਜਾਣ ਤੋਂ ਪਹਿਲਾਂ ਇਸੇ ਯੂਨੀਵਰਸਿਟੀ ਵਿੱਚ ਉਹ ਰਿਸਰਚਰ ਅਤੇ ਲੈਕਚਰਾਰ ਰਹੇ।



1966 ਵਿੱਚ ਆਪ ਦਾ ਵਿਆਹ ਸਮਾਥੀ (ਪੋਸਟ ਗਰੈਜੂਏਟ-ਸਮਾਜ ਵਿਗਿਆਨ, ਰਾਜਨੀਤੀ ਵਿਗਿਆਨ) ਨਾਲ ਹਰੀਜਨ ਬਸਤੀ ਵਿੱਚ ਹੋਇਆ। ਇਹ ਵਿਆਹ ਬਿਨ੍ਹਾਂ ਕਿਸੇ ਧਾਰਮਿਕ ਰਸਮ ਤੋਂ ਗਲਾਂ ਵਿੱਚ ਜੈ ਮਾਲਾ ਦੀ ਥਾਂ ਸਬਜੀਆਂ ਦੇ ਹਾਰ ਪਾ ਕੇ ਹੋਇਆ, ਮਹਿਮਾਨਾਂ ਨੂੰ ਸਾਦਾ ਖਾਣਾ ਖਵਾਇਆ ਗਿਆ। ਲੋਕਾਂ ਨੂੰ ਫਲਾਂ ਅਤੇ ਸਬਜੀਆਂ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਸਮਾਥੀ ਜੀ 17 ਨਵੰਬਰ 2013 ਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਸੰਨ 1968 ਵਿੱਚ ਵਿਜਿਯਮ ਅਮਰੀਕਾ ਵਿਖੇ ਮਾਰਟਿਨ ਲੂਥਰ ਕਿੰਗ ਸਕੂਲ ਆਫ ਸੋਸ਼ਲ ਚੇਂਜ਼- ਚੇਸਟਰ ਪੇਂਸਿਲਵੇਨੀਆ ਵਿੱਚ ਚਲੇ ਗਏ। ਉੱਥੇ ਉਹਨਾਂ ਨੇ ਘੱਟ ਗਿਣਤੀਆਂ, ਕਾਲੇ ਲੋਕਾਂ, ਅਹਿੰਸਕ ਸਮਾਜਿਕ ਪਰਿਵਰਤਨ ਅਤੇ ਗਾਂਧੀਵਾਦੀ ਅੰਦੋਲਨ ਦੀ ਪ੍ਰਸੰਗਤਾ ਅਤੇ ਸਮੱਸਿਆਵਾਂ ਦਾ ਅਧਿਐਨ ਕੀਤਾ ਅਤੇ 1969 ਵਿੱਚ ਡੇਲਾਵੇਅਰ ਯੂਨੀਵਰਸਿਟੀ ਵਿਖੇ ਖੋਜ ਸਹਾਇਕ ਬਣ ਗਏ ਅਤੇ ਉਹਨਾਂ ਨੇ ਰਾਜਨੀਤੀ ਵਿਗਿਆਨ, ਰਾਜਨੀਤੀ ਥਿਉਰੀ ਅਤੇ ਸੰਵਿਧਾਨ ਪੜ੍ਹਾਇਆ। ਉਹਨਾਂ ਨੇ 1970 ਵਿੱਚ ਡੇਲਾਵੇਅਰ ਯੂਨੀਵਰਸਿਟੀ ਤੋਂ ਦੂਸਰੀ ਰਾਜਨੀਤੀ ਵਿਗਿਆਨ ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਇਸ ਸਮੇਂ ਉਹਨਾਂ ਨੇ ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜ਼ੂਕੇਸਨ- ਯੂਨਾਇਟਡ ਨੈਸ਼ਨਲ ਪਲਾਜਾ- ਨਿਊਯਾਰਕ ਤੋਂ ਫੈਲੋਸ਼ਿਪ ਪ੍ਰਾਪਤ ਕੀਤੀ ਤਾਂ ਕਿ ਨਿਊਯਾਰਕ ਦੀ ਸਹਿਰੀ ਕਮਿਊਨਟੀ ਦੀਆਂ ਸਮੱਸਿਆਵਾਂ ਬਾਰੇ ਅਧਿਐਨ ਕੀਤਾ ਜਾ ਸਕੇ ਅਤੇ ਕਮਿਊਨਟੀ ਸੰਗਠਨਾਂ ਨੂੰ ਨਸ਼ਲ ਅਧਾਰਤ ਸੰਘਰਸਾਂ ਅਤੇ ਅਨਵਿਆਹੀਆਂ ਮਾਵਾਂ ਦੇ ਮਸਲਿਆਂ 'ਤੇ ਸੰਬੋਧਨ ਹੋਣ ਵਾਸਤੇ ਮਦਦ ਮਿਲ ਸਕੇ। ਇੱਥੇ ਰਹਿੰਦਿਆਂ ਹੀ ਏਸ਼ੀਆ, ਅਫਰੀਕਾ ਅਤੇ ਲੈਟਿਨ ਅਮਰੀਕਾ ਵਿਚਲੇ ਅਹਿੰਸਕ ਸੰਘਰਸ਼ਾਂ 'ਤੇ ਖੋਜ਼ ਕੀਤੀ।

1971 ਵਿੱਚ ਵਾਪਸ ਭਾਰਤ ਆ ਕੇ ਜੀ. ਵਿਜਿਯਮ ਨੇ ਗਾਂਧੀ ਪੀਸ ਫਾਊਂਡੇਸਨ, ਨਵੀਂ ਦਿੱਲੀ ਦੇ ਪੰਜ ਸਾਲ ਡਾਇਰੈਕਟਰ ਆਫ ਰਿਸਰਚ ਦੀ ਜੁੰਮੇਵਾਰੀ ਨਿਭਾਈ। ਉਹਨਾਂ ਨੇ ਆਜ਼ਾਦ ਭਾਰਤ ਵਿੱਚ ਅਹਿੰਸਕ ਸੰਘਰਸ਼ਾਂ 'ਤੇ ਧਿਆਨ ਕੇਂਦਰਤ ਕੀਤਾ। ਇਸ ਸਮੇਂ ਜੈ ਪ੍ਰਕਾਸ ਨਰਾਇਣ ਨਾਲ ਮਿਲਕੇ ਚੁਣਾਵੀ ਸੁਧਾਰਾਂ 'ਤੇ ਕੰਮ ਕੀਤਾ, ਸੈਂਕੜੇ ਸੈਮੀਨਾਰਾਂ ਵਿੱਚ ਹਿੱਸਾ ਲਿਆ ਅਤੇ ਬਹੁਤ ਸਾਰੇ ਆਰਟੀਕਲ ਵੀ ਲਿਖੇ। ਆਪ ਨੇ 1975 ਵਿੱਚ ਆਂਧਰਾ ਪ੍ਰਦੇਸ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ਵਿੱਚ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਇਹਨਾਂ ਦੇ ਪਿਤਾ ਗੋਰਾ ਦੀ ਮੌਤ ਦੇ ਬਾਅਦ 1975 ਵਿੱਚ ਜੀ. ਵਿਜਿਯਮ ਵਾਪਸ ਵਿਜੈਵਾੜਾ ਆ ਗਏ ਅਤੇ ਗੋਰਾ ਦੁਆਰਾ ਚਲਾਏ ਗਏ ਨਾਸਿਤਕ ਕੇਂਦਰ ਦੀਆਂ ਜੁੰਮੇਵਾਰੀਆਂ ਸੰਭਾਲੀਆਂ ਅਤੇ ਗਤੀਵਿਧੀਆਂ ਜਾਰੀ ਰੱਖੀਆਂ। ਜਿਵੇਂ ਟ੍ਰੇਨਿੰਗ ਡਾਇਰੈਕਟਰ, ਆਰਥਿਕ ਸਮਤਾ ਮੰਡਲ ਅਤੇ ਗੋਰਾ ਤੇ ਜੇ ਸੀ ਕੁਮਾਰੱਪਾ ਦੁਆਰਾ ਚਲਾਏ ਗਾਂਧੀਵਾਦੀ ਸੰਗਠਨ ਜੋ ਲਗਭਗ 150 ਪਿੰਡਾਂ ਵਿੱਚ ਗ੍ਰਾਮ ਵਿਕਾਸ ਪ੍ਰੋਗਰਾਮ ਚਲਾਉਂਦਾ ਸੀ ਦੇ ਮੁਖੀ ਦੇ ਤੌਰ 'ਤੇ ਜੁੰਮੇਵਾਰੀ ਨਿਭਾਈ।

ਡਾ. ਵਿਜਿਯਮ 'ਨਾਸਤਿਕ' ਮਹੀਨਾ ਵਾਰ ਮੈਗਜੀਨ, ਜੋ ਕਿ 1969 ਤੋਂ ਪ੍ਰਕਾਸ਼ਤ ਹੋਣਾ ਸੁਰੂ ਹੋਇਆ ਸੀ, ਦੇ ਸੰਪਾਦਕ ਬਣੇ । ਇਸ ਦੇ ਇਲਾਵਾ ਤੇਲਗੂ ਮੈਗਜੀਨ 'ਨਾਸਤਿਕ ਮਾਰਗਮ' ਜੋ 1977 ਵਿੱਚ ਇਹਨਾਂ ਦੀ ਪਤਨੀ

***...ਬਾਕੀ ਪੰਨਾ 45 'ਤੇ***

# ਸਰਮਾਏਦਾਰੀ - ਇੰਜਣ



**ਅਰੁੰਧਤੀ ਰਾਏ**

ਅੱਜ ਸਮੁੱਚੀ ਮਨੁੱਖੀ ਨਸਲ ਦਾ ਵੱਡਾ ਹਿੱਸਾ ਆਪਣੇ ਘਰਾਂ ਵਿਚ ਕੈਦ ਹੈ। ਬੀਮਾਰੀ ਅਤੇ ਨੁਕਸਾਨ ਦੀ ਇਸ ਹਾਲਤ ਵਿਚ ਅਸੀਂ ਕੋਈ ਓਹੜ-ਪੋਹੜ ਕਰਨ ਤੋਂ ਅਸਮਰੱਥ ਹਾਂ। ਬਸ ਡੌਰ-ਭੌਰ ਹੋਏ ਵੇਖ ਰਹੇ ਹਾਂ।

ਪਰ ਦੂਜੇ ਪਾਸੇ ਇਸ ਨੂੰ ਲੈ ਕੇ ਵਿਉਂਤਬੰਦੀ ਜ਼ੋਰਾਂ ’ਤੇ ਹੈ। ਮਿਸਾਲ ਵਜੋਂ ਭਾਰਤ ਵਿਚ ਪਿਛਲੇ ਥੋੜ੍ਹੇ ਦਿਨਾਂ ਦੇ ਵਿਚ ਹੀ ਟਾਈਗਰ ਰਿਜ਼ਰਵ ਦੇ ਇਕ ਰਾਖਵੇਂ ਖੇਤਰ ਦੇ ਵੱਡੇ ਹਿੱਸੇ ਨੂੰ ਵਿਸ਼ਾਲ ਧਾਰਮਿਕ ਇਕੱਠ ‘ਕੁੰਭ ਮੇਲੇ’ ਲਈ ਤਕਰੀਬਨ ਤਿਆਰ ਕਰ ਲਿਆ ਗਿਆ ਹੈ। ਜਿਸ ਵਿਚ ਕਰੋੜਾਂ ਦੀ ਤਾਦਾਦ ’ਚ ਹਿੰਦੂ ਤੀਰਥ ਯਾਤਰੀ ਸ਼ਾਮਲ ਹੁੰਦੇ ਹਨ। ਅਸਾਮ ਦੇ ਇਕ ਹਾਥੀਆਂ ਲਈ ਰਾਖਵੇਂ ਜੰਗਲੀ ਇਲਾਕੇ ਨੂੰ ਕੋਲਾ ਖਾਣ ਸ਼ੁਰੂ ਕਰਨ ਲਈ ਚੁਣ ਲਿਆ ਗਿਆ ਹੈ। ਇਸੇ ਤਰ੍ਹਾਂ, ਅਰੁਣਾਚਲ ਪ੍ਰਦੇਸ਼ ਵਿਚ ਹਿਮਾਲਿਆ ਦੇ ਪੁਰਾਤਨ ਜੰਗਲਾਂ ਦੀ ਹਜ਼ਾਰਾਂ ਏਕੜ ਜ਼ਮੀਨ ਹਾਈਡਰੋਲਿਕ ਡੈਮ ਬਣਾਉਣ ਲਈ ਚੁਣ ਲਈ ਗਈ ਹੈ ਜਿਸ ਨਾਲ ਇਹ ਇਲਾਕਾ ਪਾਣੀ ਵਿਚ ਡੁੱਬ ਜਾਵੇਗਾ। ਫਿਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਕਿਉਂ ਪਿੱਛੇ ਰਹੇ, ਉਸ ਨੇ ਚੰਦ ਉੱਪਰ ਖਾਣਾਂ ਖੋਦਣ ਦੀ ਇਜਾਜ਼ਤ ਦੇਣ ਦੇ ਪ੍ਰਸ਼ਾਸਨਿਕ ਹੁਕਮਾਂ ਉੱਪਰ ਸਹੀ ਪਾ ਦਿੱਤੀ ਹੈ।

ਜਿਵੇਂ ਕੋਰੋਨਾ ਵਾਇਰਸ ਮਨੁੱਖੀ ਦੇਹਾਂ ਵਿਚ ਘੁਸ ਕੇ ਉਹਨਾਂ ਦੀਆਂ ਪਹਿਲੀਆਂ ਬਿਮਾਰੀਆਂ ਨੂੰ ਜ਼ਰਬਾਂ ਦੇ ਦਿੰਦਾ ਹੈ, ਐਨ ਉਸੇ ਤਰ੍ਹਾਂ ਇਸ ਸਥਿਤੀ ਨੇ ਅਨਿਆਂ, ਫਿਰਕਾਪ੍ਰਸਤੀ, ਨਸਲਵਾਦ, ਜਾਤੀਵਾਦ ਅਤੇ ਇਹਨਾਂ ਸਾਰਿਆਂ ਤੋਂ ਜ਼ਿਆਦਾ ਨਾਬਰਾਬਰੀ ਨੂੰ ਹੋਰ ਵਧਾ ਦਿੱਤਾ ਹੈ।

ਹਾਲੇ ਤੱਕ ਇਸ ਬਿਮਾਰੀ ਤੋਂ ਬਚਾਓ ਕਰਨ ਲਈ ਕੋਈ ਸੁਰੱਖਿਆ ਦੀਵਾਰ ਨਹੀਂ ਹੈ, ਲੇਕਿਨ ਛੇਤੀ ਹੀ ਕੋਈ ਨਾ ਕੋਈ ਬਣਾ ਲਈ ਜਾਵੇਗੀ, ਸ਼ਾਇਦ ਇਹ ਕਿਸੇ ਵੈਕਸੀਨ ਦੀ ਸ਼ਕਲ ਵਿਚ ਹੋਵੇ । ਹਮੇਸ਼ਾ ਵਾਂਗ ਡਾਹਢੇ ਲੋਕ ਬਾਕੀਆਂ ਨੂੰ ਪਾਸੇ ਧੱਕ ਕੇ ਇਸ ਉੱਪਰ ਸਭ ਤੋਂ ਪਹਿਲਾ ਕਬਜ਼ਾ ਕਰ ਲੈਣਗੇ। ਮੁੜ ਉਹੀ ਪੁਰਾਣੀ ਖੇਡ ਸ਼ੁਰੂ ਹੋ ਜਾਵੇਗੀ ਕਿ ਜੋ ਸਭ ਤੋਂ ਅਮੀਰ ਹੈ, ਉਸ ਦੇ ਜ਼ਿੰਦਾ ਰਹਿਣ ਦੀ ਗੁੰਜਾਇਸ਼ ਵੀ ਸਭ ਤੋਂ ਵਧੇਰੇ ਹੋਵੇਗੀ। ਇਹ ਮੈਂ ਕੌਮਾਂਤਰੀ ਕਿਰਤ ਦਿਹਾੜੇ ਉੱਪਰ ਲਿਖ ਰਹੀ ਹਾਂ, ਅੱਠ ਘੰਟੇ ਦੀ ਕੰਮ ਦਿਹਾੜੀ ਲਈ ਕਿਰਤੀਆਂ ਦੇ ਸੰਘਰਸ਼ ਦੌਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਹੋਏ ਕਤਲੇਆਮ ਤੋਂ ਇਕ ਸੌ ਇਕੱਤੀ ਸਾਲ ਬਾਅਦ। ਹੁਣ ਭਾਰਤੀ ਸਨਅਤੀ ਕਾਰੋਬਾਰੀ ਸਰਕਾਰ ਉੱਪਰ ਦਬਾਓ ਪਾ ਰਹੇ ਹਨ ਕਿ ਕਿਰਤੀਆਂ ਦੇ ਹੱਕਾਂ ਦੀ ਜੋ ਵੀ ਰਹਿੰਦ-ਖੂੰਹਦ ਬਚੀ ਹੈ ਉਸ ਦਾ ਟੰਟਾ ਮੁਕਾ ਦਿੱਤਾ ਜਾਵੇ ਅਤੇ ਬਾਰਾਂ ਘੰਟੇ ਕੰਮ ਕਰਵਾਉਣ ਦੀ ਖੁੱਲ੍ਹ ਦੇ ਦਿੱਤੀ ਜਾਵੇ।

ਸੱਤਾ ਦੇ ਅੰਗ, ਜੋ ਸਦਾ ਮਨੁੱਖ ਦੇ ਵਿਨਾਸ਼ ਨੂੰ ਹੀ ਤਰੱਕੀ ਤੇ ਤਹਿਜ਼ੀਬ ਮੰਨ ਕੇ ਚੱਲਦੇ ਰਹੇ ਹਨ, ਉਹ ਦੇਖ ਲਓ ਇਸ ਵਕਤ ਕਿੰਝ ਵਾਇਰਸ ਵਲੋਂ ਮਚਾਈ ਤਬਾਹੀ ਨੂੰ ਰੋਕਣ ਦੀ ਕਵਾਇਦ ਵਿੱਚ ਜੁਟੇ ਹੋਏ ਹਨ। ਪ੍ਰਮਾਣੂ, ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਅੰਬਾਰ ਲਾਉਣ ਪਿੱਛੇ ਉਹਨਾਂ ਦੀ ਇਹੀ ਤਬਾਹੀ ਦੀ ਸੋਚ ਕੰਮ ਕਰਦੀ ਰਹੀ ਹੈ। ਤਬਾਹੀ ਦੇ ਇਸ ਰੂਪ ਨੂੰ ਉਹ ਉਸੇ ਤਰ੍ਹਾਂ ਸਹਿਜੇ ਹੀ ਅੰਜ਼ਾਮ ਦਿੰਦੇ ਰਹੇ ਹਨ ਜਿਵੇਂ ਉਹ ਅਣਚਾਹੇ ਨਿਜ਼ਾਮਾਂ ਵਾਲੇ ਮੁਲਕਾਂ ਵਿਰੁੱਧ ਆਰਥਿਕ ਪਾਬੰਦੀਆਂ ਲਗਾ ਕੇ ਉੱਥੋਂ ਦੀ ਪੂਰੀ ਵਸੋਂ ਨੂੰ ਹੀ ਜੀਵਨ-ਰੱਖਿਅਕ ਦਵਾਈਆਂ ਤੋਂ ਵਿਰਵੇ ਕਰ ਦਿੰਦੇ ਹਨ। ਇਸ ਧਰਤੀ ਨੂੰ ਤਬਾਹ ਅਤੇ ਬਰਬਾਦ ਕਰਨ ਦੇ ਅਮਲ ਨੂੰ ਜ਼ਰਬਾਂ ਦੇਣ ਸਮੇਂ ਵੀ ਉਹ ਇਹ ਸੋਚ ਅਪਣਾ ਕੇ ਚੱਲਦੇ ਹਨ।

ਹੁਣ ਜਦ ਅਸੀਂ ਲੌਕਡਾਊਨ ਤਹਿਤ ਘਰਾਂ ਵਿਚ ਕੈਦ ਹਾਂ ਤਾਂ ਉਹ ਆਪਣੀਆਂ ਸ਼ਤਰੰਜੀ ਚਾਲਾਂ ਨੂੰ ਬਹੁਤ ਤੇਜ਼ੀ ਨਾਲ ਅੰਜਾਮ ਦੇ ਰਹੇ ਹਨ। ਕੋਰੋਨਾ ਵਾਇਰਸ ਤਾਂ ਤਾਨਾਸ਼ਾਹ ਸਰਕਾਰਾਂ ਲਈ ਤੋਹਫ਼ਾ ਬਣ ਕੇ ਆਇਆ ਹੈ। ਮਹਾਮਾਰੀ ਫੈਲਣਾ ਕੋਈ ਨਵੀਂ ਗੱਲ ਨਹੀਂ ਹੈ, ਲੇਕਿਨ ‘ਡਿਜੀਟਲ ਯੁੱਗ’ ਵਿਚ ਇਹ ਪਹਿਲੀ ਵਾਰ ਹੋਇਆ ਹੈ। ਅਸੀਂ ਕੌਮੀ ਪੱਧਰ ਦੇ ਤਾਨਾਸ਼ਾਹ ਹਿਤਾਂ ਅਤੇ ਕੌਮਾਂਤਰੀ ਪੱਧਰ ’ਤੇ ਆਫ਼ਤਾਂ ਤੋਂ ਮੁਨਾਫ਼ੇ ਬਟੋਰਨ ਵਾਲੇ ਹਿਤਾਂ ਅਤੇ ਡੇਟਾ ਸੰਗ੍ਰਹਿ ਕਰਨ ਵਾਲਿਆਂ ਨੂੰ ਜੋਟੀ ਪਾ ਕੇ ਕੰਮ ਕਰਦੇ ਦੇਖ ਰਹੇ ਹਾਂ। ਭਾਰਤ ਵਿਚ ਇਹ ਅਮਲ ਹੋਰ ਵੀ ਤੇਜ਼ੀ ਨਾਲ ਵਾਪਰ ਰਿਹਾ ਹੈ। ਫੇਸਬੁੱਕ ਨੇ ਭਾਰਤ ਦੇ ਸਭ ਤੋਂ ਵੱਡੇ ਫ਼ੋਨ ਨੈੱਟਵਰਕ ਜੀਓ ਨਾਲ ਸਮਝੌਤਾ ਕੀਤਾ ਹੈ, ਜਿਸ ਜ਼ਰੀਏ ਇਹ ਆਪਣੇ 40 ਕਰੋੜ ਵਟਸਐਪ ਵਰਤੋਂਕਾਰਾਂ ਦੇ ਬੇਸ ਨੂੰ ਉਹਨਾਂ ਨਾਲ ਸਾਂਝਾ ਕਰੇਗਾ। ਬਿਲ ਗੇਟਸ ਵੀ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ੇ ਬਟੋਰਨ ਦੀ ਆਸ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਉਂਦਾ ਨਹੀਂ ਥੱਕਦਾ।

ਨਰਿੰਦਰ ਮੋਦੀ ਦੀ ਸਿਫ਼ਾਰਸ਼ ’ਤੇ ਨਿਗਰਾਨੀ/ਸਿਹਤ

ਸਬੰਧੀ ਐਪ ਆਰੋਗਯ ਸੇਤੂ ਨੂੰ ਹੁਣ ਤੱਕ 6 ਕਰੋੜ ਤੋਂ ਜ਼ਿਆਦਾ ਲੋਕ ਡਾਊਨਲੋਡ ਕਰ ਚੁੱਕੇ ਹਨ। ਸਰਕਾਰੀ ਮੁਲਾਜ਼ਮਾਂ ਲਈ ਇਸ ਐਪ ਨੂੰ ਡਾਊਨਲੋਡ ਕਰਨਾ ਲਗਭਗ ਲਾਜ਼ਮੀ ਬਣਾ ਦਿੱਤਾ ਗਿਆ ਹੈ। ਸਰਕਾਰੀ ਮੁਲਾਜ਼ਮਾਂ ਲਈ ਲਗਭਗ ਇਹ ਵੀ ਲਾਜ਼ਮੀ ਬਣਾ ਦਿੱਤਾ ਗਿਆ ਹੈ ਕਿ ਉਹ ਪੀ.ਐਮ. ਕੇਅਰ ਫੰਡ ਵਿਚ ਆਪਣੀ ਇਕ ਦਿਨ ਦੀ ਤਨਖ਼ਾਹ ਦਾ ਯੋਗਦਾਨ ਪਾਉਣਗੇ ਜਿਸ ਬੁਝਾਰਤ ਦਾ ਕਦੇ ਕੋਈ ਜਨਤਕ ਲੇਖਾ-ਜੋਖਾ ਨਹੀਂ ਹੋਵੇਗਾ।

ਕੋਰੋਨਾ ਤੋਂ ਪਹਿਲਾਂ ਅਸੀਂ ਬਿਨ੍ਹਾਂ ਸੋਚੇ-ਸਮਝੇ ਨਿਗਰਾਨੀ ਸਟੇਟ ਦੀ ਜਕੜ ਵਿਚ ਫਸਦੇ ਜਾਂਦੇ ਸੀ, ਹੁਣ ਅਸੀਂ ਮਹਾਂਮਾਰੀ ਤੋਂ ਸਹਿਮ ਕੇ ਸੁਪਰ ਸਰਵੇਲੈਂਸ ਸਟੇਟ ਦੇ ਸ਼ਿਕੰਜੇ ਵਿਚ ਫਸਣ ਲਈ ਵਾਹੋਦਾਹੀ ਭੱਜੇ ਜਾ ਰਹੇ ਹਾਂ, ਜਿੱਥੇ ਸਾਨੂੰ ਆਪਣਾ ਸਭ ਕੁੱਝ ਸਟੇਟ ਦੇ ਹਵਾਲੇ ਕਰ ਦੇਣ ਲਈ ਕਿਹਾ ਜਾ ਰਿਹਾ ਹੈ, ਸਾਡੀ ਨਿੱਜਤਾ, ਸਾਡਾ ਮਾਣ-ਸਨਮਾਨ, ਸਾਡੀ ਆਜ਼ਾਦੀ ਅਤੇ ਸਾਡੇ ਸਵੈ ਨੂੰ ਕੰਟਰੋਲ ਕਰ ਲੈਣ ਅਤੇ ਬਾਰੀਕੀ ਨਾਲ ਸੱਤਾ ਦੀ ਮਰਜ਼ੀ ਅਨੁਸਾਰ ਸਾਡੀਆਂ ਜ਼ਿੰਦਗੀਆਂ ਦਾ ਸੰਚਾਲਨ ਕਰਨ ਦੀ ਸਹਿਮਤੀ ਦੇਣ ਸਮੇਤ ਸਭ ਕੁੱਝ। ਲੌਕਡਾਊਨ ਹਟਾਏ ਜਾਣ ਤੋਂ ਬਾਅਦ ਵੀ ਜੇ ਅਸੀਂ ਇਸ ਵਿੱਚੋਂ ਨਿਕਲਣ ਲਈ ਹੰਭਲਾ ਨਾ ਮਾਰਿਆ ਤਾਂ ਸਮਝ ਲਓ ਅਸੀਂ ਸਦਾ ਲਈ ਕੈਦ ਹੋ ਜਾਵਾਂਗੇ। ਇਸ ਇੰਜਣ ਨੂੰ ਅਸੀਂ ਸਦਾ ਲਈ ਬੰਦ ਕਿਵੇਂ ਕਰੀਏ ? ਇਹੋ ਸਾਡੇ ਸਾਹਮਣੇ ਅਸਲ ਕਾਰਜ ਹੈ।



*[ਮੌਲਿਕ ਰੂਪ 'ਚ ਪ੍ਰਾਗਰੈੱਸ.ਇੰਟਰਨੈਸ਼ਨਲ* ਬਲਾਗ ਵਿਚ ਛਪਿਆ ਲੇਖ।]

**ਅਨੁਵਾਦ : ਬੂਟਾ ਸਿੰਘ**

**97796-59334**

---

*ਪੰਨਾ 42 ਦਾ ਬਾਕੀ...*

ਹੀ ਦੇਸ਼ ਵਿਚਲੀਆਂ ਬਹੁਗਿਣਤੀ ਧਾਰਮਿਕ ਸੰਸਥਾਵਾਂ ਨੇ ਹੀ ਆਮ ਲੋਕਾਂ ਦੀ ਕੋਈ ਮਦਦ ਕੀਤੀ ਹੈ। ਸਿਰਫ ਤੇ ਸਿਰਫ ਸਰਕਾਰੀ ਅਮਲਾ ਆਪਣੀ ਜਾਨ ਤਲੀ 'ਤੇ ਰੱਖ ਕੇ ਵੱਡੀ ਜਿੰਮੇਵਾਰੀ ਨਿਭਾ ਰਿਹਾ ਹੈ।

ਸਾਨੂੰ ਇਹ ਤੱਥ ਸਮਝਣ ਦੀ ਲੋੜ ਹੈ ਕਿ ਇਸ ਮੌਕੇ ਅਸੀਂ ਜਿਨ੍ਹਾਂ ਬਦਤਰ ਹਾਲਤਾਂ ਵਿੱਚੋਂ ਗੁਜਰ ਰਹੇ ਹਾਂ, ਉਹ ਸਭ ਸਾਡੀਆਂ ਸਾਮਰਾਜ ਪੱਖੀ ਸਰਕਾਰਾਂ ਵੱਲੋਂ ਸਥਾਪਤ ਕੀਤੇ ਲੋਕ ਵਿਰੋਧੀ, ਲੋਟੂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਦੀ ਦੇਣ ਹਨ। ਇਸ ਲਈ ਦੇਸ਼ ਦੀ ਜਨਤਾ ਨੂੰ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਕਿਸੇ ਆਲੌਕਿਕ ਸ਼ਕਤੀ ਉੱਤੇ ਟੇਕ ਰੱਖਣ ਦੀ ਬਜਾਏ ਮੌਜੂਦਾ ਲੋਕ ਵਿਰੋਧੀ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਨ ਲਈ ਜਥੇਬੰਦਕ ਸੰਘਰਸ਼ਾਂ ਵੱਲ ਵਧਣ ਦੀ ਲੋੜ ਹੈ।

97792 30173

*ਪੰਨਾ 43 ਦਾ ਬਾਕੀ...*

ਸਮਾਥੀ ਨੇ ਸ਼ੁਰੂ ਕੀਤਾ (ਜਿਸ ਵਿੱਚ ਨਾਸਤਿਕਤਾ, ਤਰਕਸ਼ੀਲਤਾ ਅਤੇ ਔਰਤਾਂ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਜਾਂਦਾ ਸੀ) ਦੇ ਵੀ ਸੰਪਾਦਕ ਸਨ। ਛੇ ਕਿਤਾਬਾਂ ਦੇ ਲੇਖਕ ਹੋਣ ਦੇ ਨਾਲ ਆਪ ਨੇ 1000 ਤੋਂ ਜਿਆਦਾ ਨਾਸਤਿਕਤਾ, ਅਹਿੰਸਕ ਸਮਾਜਿਕ ਪ੍ਰਵਰਤਨ ਅਤੇ ਵਿਕਾਸ ਆਦਿ ਮਸਲਿਆਂ 'ਤੇ ਅੰਗਰੇਜੀ, ਹਿੰਦੀ ਅਤੇ ਤੇਲਗੂ ਵਿੱਚ ਆਰਟੀਕਲ ਵੀ ਲਿਖੇ। ਗੋਰਾ ਦੇ ਕੀਤੇ ਹੋਏ ਕੰਮਾਂ ਦੇ ਸਬੰਧ ਵਿੱਚ ਵੀ ਬਹੁਤ ਸਾਰਾ ਸਾਹਿਤ ਲਿਖਿਆ। ਵਿਸ਼ਵਕੋਸ਼ Encyclopedia of Unbelief ਵਿੱਚ ਗੋਰਾ ਅਤੇ 'ਵਿਕਾਸਸੀਲ ਦੇਸਾਂ ਵਿੱਚ ਅਵਿਸਵਾਸ 'ਤੇ ਦੋ ਲੇਖ ਵੀ ਦਰਜ ਕਰਵਾਏ ਜੋ ਕਿ 2007 ਵਿੱਚ ਅਮਰੀਕਾ ਵਿਚ ਛਪਿਆ ਸੀ। ਇਹਨਾਂ ਦੀ ਅਗਵਾਈ ਵਿੱਚ ਵਿਸ਼ਵ ਨਾਸਤਿਕ ਕਾਨਫਰੰਸਾਂ ਦੇ ਅਤੇ ਨਾਸਤਿਕਤਾ ਅਤੇ ਤਰਕਸ਼ੀਲਤਾ ਤੇ ਸੋਵੀਨਾਰ ਵੀ ਲਿਖੇ ਗਏ।

ਸਮੁੱਚਾ ਗੋਰਾ ਪਰਿਵਾਰ ਦੇਸ਼ ਵਿੱਚ ਸਮਾਜਿਕ ਸੁਧਾਰਾਂ ਦਾ ਮੋਹਰੀ ਰਿਹਾ ਹੈ ਅਤੇ 80 ਸਾਲਾਂ ਤੋਂ ਨਾਸਤਿਕਤਾ-ਤਰਕਸ਼ੀਲਤਾ, ਧਰਮ ਨਿਰਪੱਖਤਾ ਅਤੇ ਮਾਨਵਤਾਵਦੀ ਪਹੁੰਚ ਨੂੰ ਅਪਣਉਂਦਾ ਹੋਇਆ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰ ਰਿਹਾ ਹੈ। ਇਹਨਾਂ ਵੱਲੋਂ 'ਸਮਤਾ ਮੰਡਲ' ਜੋ ਇਕਸਾਰ ਪੇਂਡੂ ਵਿਕਾਸ ਅਤੇ ਬੱਚਿਆਂ ਲਈ ਵਿਸ਼ੇਸ ਪ੍ਰੋਗ੍ਰਾਮ ਵਿੱਚ ਸਾਮਿਲ ਹੈ, 'ਵਸਾਵਯ ਮਹਿਲਾ ਮੰਡਲ' ਜੋ ਕਿ ਸਵੈ ਮਦਦ ਗਰੁੱਪ ਹੈ ਅਤੇ 'ਸੰਸਕਾਰ ਸੁਧਾਰ' ਜਿਸ ਵੱਲੋਂ ਜੋਗਣੀ ਪ੍ਰਣਾਲੀ ਦੇ ਖਾਤਮੇ ਵਾਸਤੇ ਅਤੇ ਪਛੜੇ ਕਬੀਲਿਆਂ ਦੇ ਅਪਰਾਧਿਕ ਕੰਮਾਂ ਦੇ ਸੁਧਾਰ ਵਾਸਤੇ ਪ੍ਰੋਗ੍ਰਾਮ ਚਲਾਏ ਜਾਂਦੇ ਹਨ, ਵਾਤਾਵਰਣ ਪ੍ਰਤੀ ਚੇਤਨਾ ਪੈਦਾ ਕਰਨ ਅਤੇ ਕੁਦਰਤੀ ਆਫਤਾਂ ਖਾਸ ਤੌਰ 'ਤੇ 26 ਦਸੰਬਰ 2004 ਦੀ ਸੁਨਾਮੀ ਨਾਲ ਮਛਲੀਪਟਨਮ ਦੇ ਆਲੇ ਦੁਆਲੇ ਹੋਈ ਤਬਾਹੀ ਸਮੇਂ ਤੋਂ ਸਮਾਜ ਪ੍ਰਤੀ ਆਪਣੀਆਂ ਜਿੰਮੇਂਵਾਰੀਆ ਨਿਭਾਉਂਦਾ ਆ ਰਿਹਾ ਹੈ, ਜਿਸ ਵਿੱਚ ਡਾ. ਵਿਜਿਯਮ ਦਾ ਮੋਹਰੀ ਰੋਲ ਰਿਹਾ ਅਤੇ ਇਹਨਾਂ ਦੀ ਦੇਖ-ਰੇਖ ਵਿੱਚ ਇਸ ਸੈਂਟਰ ਵਿੱਚ ਇੱਕ ਖੋਜ ਕਾਰਜਾਂ ਵਾਸਤੇ ਲਾਇਬਰੇਰੀ ਵੀ ਸਥਾਪਤ ਹੋਈ।

ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦਾ ਸਰੀਰ NRI ਮੈਡੀਕਲ ਕਾਲਜ, ਚਿਨਾਕਾਕਾਨੀ ਜਿਲ੍ਹਾ ਗੰਟੂਰ ਨੂੰ ਸੌਂਪ ਦਿੱਤਾ ਗਿਆ ਤਾਂ ਕਿ ਮੌਤ ਤੋਂ ਬਾਅਦ ਵੀ ਉਹਨਾਂ ਦਾ ਸਰੀਰ ਡਾਕਟਰੀ ਦੇ ਵਿਦਿਆਰਥੀਆਂ ਦੇ ਖੋਜ ਕਾਰਜਾਂ ਦੇ ਸਬੰਧ ਵਿੱਚ ਕੰਮ ਆ ਸਕੇ।

94179 23785

*ਕੂੜ ਪ੍ਰਚਾਰ*

# ਮੌਤ ਤੋਂ ਬਾਅਦ ਦਾ ਅਖੌਤੀ ਰਸਤਾ



**ਰਾਮ ਨਾਥ ਸ਼ੁਕਲਾ**

ਹਰ ਧਰਮ ਵਿੱਚ ਮਰਨ ਉਪਰੰਤ ਇੱਕ ਗੱਲ ਤਾਂ ਸਾਂਝੀ ਹੈ ਕਿ ਇਨਸਾਨ ਦੇ ਇਸ ਜਨਮ ਵਿੱਚ ਕੀਤੇ ਕਰਮਾਂ ਦਾ ਲੇਖਾ-ਜੋਖਾ ਜਰੂਰ ਹੁੰਦਾ ਹੈ ਪਰੰਤੂ ਲੇਖਾ ਕਰਨ ਦੇ ਢੰਗ ਤਰੀਕਿਆਂ ’ਤੇ ਮਰਨ ਉਪਰੰਤ ਅਖੌਤੀ ਰੱਬ ਦੀ ਕਚਹਿਰੀ ਤੱਕ ਪਹੁੰਚਣ ਬਾਰੇ ਜਰੂਰ ਵੱਖ ਵੱਖ ਰਾਇ ਹਨ। ਇਸਲਾਮ ਅਨੁਸਾਰ ਅਖੌਤੀ ਪਰਲੋ ਜਾਂ ਕਿਆਮਤ ਦੇ ਦਿਨ ਸਾਰੇ ਮੁਰਦੇ ਕਬਰਾਂ ’ਚੋਂ ਉੱਠ ਖਲੋਣਗੇ ਅਤੇ ਉਹਨਾਂ ਦੇ, ਕਰਮਾਂ ਦਾ ਲੇਖਾ ਜੋਖਾ ਕਰਕੇ ਉਹਨਾਂ ਦੀ ‘ਕਿਸਮਤ’ ਦਾ ਫੈਸਲਾ ਕੀਤਾ ਜਾਵੇਗਾ, ਉਸ ਅਨੁਸਾਰ ਹੀ ਉਨ੍ਹਾਂ ਨੂੰ ਅਖੌਤੀ ਸਵਰਗ (ਜਨਤ) ਜਾਂ ਫਿਰ ਨਰਕ (ਦੋਜ਼ਖ਼ ਵਿੱਚ ਭੇਜਿਆ ਜਾਵੇਗਾ। ਇਸੇ ਤਰ੍ਹਾਂ ਹਿੰਦੂ ਧਰਮ ਵਿੱਚ ਲਿਖਿਆ ਗਿਆ ਹੈ ਕਿ ਮਰਨ ਉਪਰੰਤ ‘ਰੂਹ’ ਨੂੰ ਧਰਮਰਾਜ ਤੱਕ ਪਹੁੰਚਣ ਲਈ ਲੰਮਾ ਸਫ਼ਰ ਤਹਿ ਕਰਨਾ ਪੈਂਦਾ ਹੈ। ਰਾਹ ਵਿੱਚ ਭਾਰੀ ਰੁਕਾਵਟਾਂ ਆਉਂਦੀਆਂ ਹਨ ਤੇ ਇਹਨਾਂ ਰੁਕਾਵਟਾਂ ਨੂੰ ਪਾਰ ਕਰਨ ਲਈ ਜਿਉਂਦੇ ਜੀਅ ਕਈ ਯਤਨ ਕਰਨੇ ਪੈਂਦੇ ਹਨ। ਜੇਕਰ ਕੋਈ ਇਹ ਯਤਨ ਕਰ ਲੈਂਦਾ ਹੈ ਤਾਂ ਉਸਦਾ ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰਨਾ ਆਸਾਨ ਤੇ ਨਿਸ਼ਚਿਤ ਹੋ ਜਾਂਦਾ ਹੈ। ਅਜਿਹੇ ਯਤਨਾਂ ਵਿੱਚ ਅਸਫ਼ਲ ਰਹਿਣ ਵਾਲਿਆਂ ਨੂੰ ਅਥਾਹ ਮੁਸ਼ਕਲਾਂ ਆਉਂਦੀਆਂ ਹਨ, ਤੇ ਉਹ ਜਦੋਂ ਇਸ ਰਾਹ ’ਤੇ ਅੱਗੇ ਨਹੀਂ ਵਧ ਸਕਦੇ ਤਾਂ ਉਨ੍ਹਾਂ ਨੂੰ ‘ਪ੍ਰੇਤ’ ਬਣ ਕੇ ਇਸ ਧਰਤੀ ’ਤੇ ਭੁੱਖੇ ਨੰਗੇ ਘੁੰਮਣੇ ਪੈਂਦਾ ਹੈ। ਉਹ ਦੁਖੀ ਹੁੰਦੇ ਹਨ, ਚੀਕਾਂ ਮਾਰਦੇ ਹਨ। ਉਹਨਾਂ ਦੀ ਆਵਾਜ਼ ਕਿਸੇ ਨੂੰ ਸੁਣਾਈ ਨਹੀਂ ਦਿੰਦੀ। ਆਖਰ ਤੰਗ ਆ ਕੇ ਉਹ ਆਪਣੀ ਹੀ ਔਲਾਦ ਨੂੰ ਪ੍ਰੇਸ਼ਾਨ ਕਰਨ ਲੱਗਦੇ ਹਨ। ਜੇ ਉਨ੍ਹਾਂ ਦੀ ‘ਗਤੀ’ ਕਰਾਈ ਜਾਵੇ ਤਾਂ ਉਹ ਇਸ ਸੰਸਾਰ ਨੂੰ ਤਿਆਗ ਕੇ ‘ਪ੍ਰਲੋਕ’ ਵਿੱਚ ਵਾਸ ਕਰਨ ਦੇ ਯੋਗ ਹੋ ਜਾਂਦੇ ਹਨ। ਇਹ ਸਾਰੀਆਂ ਗੱਲਾਂ ਗੈਰ ਵਿਗਿਆਨਕ ਅਤੇ ਅੰਧ-ਵਿਸ਼ਵਾਸੀ ਹਨ।

ਇਸ ਝੂਠੇ ਪ੍ਰਚਾਰ ਨਾਲ ਸੰਸਾਰ ਅਗਿਆਨ ਦਾ ਰਸਤਾ ਅਪਣਾ ਕੇ ਹਨ੍ਹੇਰੇ ਵਿੱਚ ਠੋਕਰਾਂ ਖਾਣ ਲੱਗਦਾ ਹੈ ਤੇ ਪਾਖੰਡੀਆਂ ਨੂੰ ਆਪਣੇ ਪਖੰਡ ਦਾ ਚੰਗਾ ਫਲ ਮਿਲਦਾ ਹੈ। ਉਹ ਇਸ ਤਰ੍ਹਾਂ ਦੇ ਪਖੰਡ ਕਰ ਕੇ ਸਧਾਰਨ ਲੋਕਾਂ ਦੇ ਮਨਾਂ ਨੂੰ ਦਹਿਸ਼ਤਜ਼ਦਾ ਕਰ ਦਿੰਦੇ ਹਨ ਅਤੇ ਆਪਣੀਆਂ ਰੋਟੀਆਂ ਸੇਕਦੇ ਰਹਿੰਦੇ ਹਨ। ਇਸ ਪ੍ਰਕਾਰ ਸਧਾਰਨ ਲੋਕੀ ਮਾਨਸਿਕ ਰੋਗਾਂ ਨੂੰ ਅਖੌਤੀ ਭੂਤਾਂ ਪ੍ਰੇਤਾਂ ਦਾ ਸਾਇਆ ਜਾਂ ਪ੍ਰਭਾਵ ਸਮਝ ਕੇ ਔਝੜ ਰਸਤੇ ਪੈ ਜਾਂਦੇ ਹਨ। ਜਿਸ ਦੇ ਦੋ ਕਿਸਮ ਦੇ ਕੁਪ੍ਰਭਾਵ ਪੈਂਦੇ ਹਨ। ਇੱਕ ਤਾਂ ਮਾਨਸਿਕ ਰੋਗੀ ਸਹੀ ਇਲਾਜ ਤੋਂ ਵਾਂਝਿਆ ਰਹਿ ਜਾਂਦਾ ਹੈ ਤੇ ਕਈ ਵਾਰੀ ਤਾਂ ਇਹਨਾਂ ਤਾਂਤਰਿਕਾਂ ਦੀਆਂ ਮਾਰਾਂ ਖਾ ਕੇ ਉਸ ਦੀ ਜਾਨ ਵੀ ਚਲੀ ਜਾਂਦੀ ਹੈ ਜਿਸ ਦਾ ਦੋਸ਼ ਅਖੌਤੀ ਪ੍ਰੇਤ ਆਤਮਾਵਾਂ ਦੇ ਸਿਰ ਮੜ੍ਹ ਕੇ ਤਾਂਤਰਿਕ ਸਾਫ਼ ਬਰੀ ਹੋ ਜਾਂਦੇ ਹਨ। ਦੂਸਰੀ ਗੱਲ ਤਾਂਤਰਿਕ ਅਜਿਹਾ ਇਲਾਜ ਕਰਦਿਆਂ ਮੋਟੀਆਂ ਰਕਮਾਂ ਵਸੂਲ ਕਰਦੇ ਹਨ।

ਇਸੇ ਤਰ੍ਹਾਂ ਹੀ ਮਰਨ ਉਪਰੰਤ ਕਿਆਸੇ (ਕਲਪਿਤ) ਰਸਤੇ ਬਾਰੇ ਪ੍ਰਚਾਰ ਇਸ ਲਈ ਕੀਤਾ ਜਾਂਦਾ ਹੈ ਕਿ ਆਪਣੇ ਜੀਵਨ ਸਮੇਂ ਮਰਨ ਉਪਰੰਤ ਅਜੋਕੇ ਰਸਤੇ ਤੋਂ ਡਰਿਆ ਮਨੁੱਖ ਪੁੰਨ ਦਾਨ ਦੇ ਰਸਤੇ ਪੈ ਜਾਵੇ ਤੇ ਉਸਦੇ ਮਰਨ ਉਪਰੰਤ ਉਸਦੇ ਵਾਰਸ ਉਸ ਨਾਲ ਭਾਵਨਾਤਮਕ ਤੰਦਾਂ ਨੂੰ ਜੋੜਦਿਆਂ ਉਸਦਾ ਰਾਹ ਸੌਖਾ ਕਰਨ ਲਈ ਪੁੰਨ ਦਾਨ ਦਾ ਰਸਤਾ ਅਪਣਾ ਲੈਣ। ਇਸ ਰਸਤੇ ਬਾਰੇ ਬੜੀਆਂ ਹੀ ਭਿਆਨਕ ਗੱਲਾਂ ਪ੍ਰਚਾਰੀਆਂ ਜਾਂਦੀਆਂ ਹਨ। ਆਖਿਆ ਜਾਂਦਾ ਹੈ ਕਿ ‘ਰੂਹ’ ਨੂੰ ਕੰਡਿਆਲੇ ਰਸਤੇ ਤੋਂ ਲੰਘਣਾ ਪੈਂਦਾ ਹੈ, ਉਸ ਦੇ ਪੈਰ ਨੰਗੇ ਹੁੰਦੇ ਹਨ, ਉਸ ਦੇ ਪੈਰਾਂ ਵਿੱਚ ਕੰਡੇ ਚੁੱਭ ਜਾਂਦੇ ਹਨ ਤੇ ਉਹ ਤੁਰ ਨਹੀਂ ਸਕਦੀ ਤੇ ਵਾਪਸ ਪਰਤ ਕੇ ‘ਪ੍ਰੇਤ’ ਬਣ ਜਾਂਦੀ ਹੈ। ਭਲਾ ਜੇ ਕੋਈ ਪੁੱਛੇ ਬਈ ਇੱਕ ਪਾਸੇ ਤਾਂ ਤੁਸੀਂ ਆਖਦੇ ਹੋ ਕਿ ਅਖੌਤੀ ਰੂਹ ਜਾਂ ਆਤਮਾ ਬਿਨਾਂ ਸਰੀਰ ਤੋਂ ਹਵਾ ਵਿੱਚ ਘੁੰਮਦੀ ਰਹਿੰਦੀ ਹੈ, ਦੂਜੇ ਪਾਸੇ ਤੁਸੀਂ ਉਸਦੇ ਪੈਰਾਂ ਵਿੱਚ ਕੰਡੇ ਚੁੱਭਦੇ ਦੱਸਦੇ ਹੋ, ਇਹ ਕਿਥੋਂ ਦੀ ਸੱਚਾਈ ਤੇ ਮੰਨਣਯੋਗ ਗੱਲ ਹੈ ? ਇਹ ਸਾਰਾ ਢੌਂਗ ਸਿਰਫ ਜੁੱਤੀ ਦਾਨ ਕਰਾਉਣ ਲਈ ਰਚਿਆ ਗਿਆ ਹੈ ਕਿ ਵਾਰਸ ਕਿਸੇ ਬ੍ਰਾਹਮਣ ਜਾਂ ਫਿਰ ਕਿਸੇ ਹੋਰ ਧਾਰਮਕ ਪੁਜਾਰੀ ਨੂੰ ਮਰਨ ਵਾਲੇ ਦੇ ਨਮਿੱਤ ਜੁੱਤੀ ਲੈ ਕੇ ਦੇਣ ਜਿਹੜੀ ਉਹ ਮੁਫ਼ਤ ਵਿੱਚ ਹੀ ਪਾ ਕੇ ਹੰਢਾ ਲਵੇ। ਇਸੇ ਤਰ੍ਹਾਂ ਹੀ ਆਖਿਆ ਜਾਂਦਾ ਹੈ ਕਿ ਮਰਨ ਵਾਲੇ ਦੇ ਆਰਾਮ ਕਰਨ ਲਈ ਉੱਥੇ ਕੋਈ ਬਿਸਤਰੇ ਨਹੀਂ, ਇਸ ਲਈ ਉਸ ਵਾਸਤੇ ਗਰਮ ਬਿਸਤਰੇ ਤੇ ਮੰਜੇ ਦਾ ਪ੍ਰਬੰਧ ਕਰੋ ਨਹੀਂ ਤਾਂ ਉਹ ਠੰਡ ਨਾਲ ਮਰ ਜਾਵੇਗਾ। ਇੱਕ ਬਿਸਤਰ ਉਸਦੇ ਗਰਮੀਆਂ ਵਿੱਚ ਹੇਠਾਂ ਉੱਪਰ ਵਿਛਾਉਣ

*...ਬਾਕੀ ਪੰਨਾ 51 ’ਤੇ*

# ਆਈਨਸਟੀਨ ਦਾ ਖ਼ਤ

ਪ੍ਰਿੰਸਟਨ, 3.1.1954

ਪਿਆਰੇ ਮਿਸਟਰ ਗਟਕਿੰਡ,

ਬਰਾਉਜ਼ਰ ਦੇ ਵਾਰ ਵਾਰ ਇਸਰਾਰ ਕਰਨ (ਕੁਝ ਕਰਨ ਲਈ ਕਹਿਣ) 'ਤੇ, ਮੈਂ ਤੇਰੀ ਕਿਤਾਬ ਨੂੰ ਗਹੁ ਨਾਲ ਪੜ੍ਹਿਆ ਅਤੇ ਇਹ ਕਿਤਾਬ ਮੈਨੂੰ ਦੇਣ ਬਾਰੇ ਬਹੁਤ ਸਾਰਾ ਧੰਨਵਾਦ। ਜੋ ਮੈਨੂੰ ਲੱਗਿਆ ਉਹ ਇਹ ਹੈ ਕਿ ਮਨੁੱਖੀ ਭਾਈਚਾਰੇ ਅਤੇ ਜ਼ਿੰਦਗੀ ਪ੍ਰਤੀ ਵਾਸਤਵਿਕ ਨਜ਼ਰੀਏ ਸੰਬੰਧੀ ਆਪਣੇ ਵਿੱਚ ਕਾਫੀ ਕੁੱਝ ਸਾਂਝਾ ਹੈ। ਜਿਵੇਂ ਤੇਰੇ ਨਿੱਜੀ ਆਦਰਸ਼ ਅੰਦਰ, ਜ਼ਿੰਦਗੀ ਨੂੰ ਸੋਹਣਾ ਅਤੇ ਸਾਊ ਬਣਾਉਣ, ਖੁਦਗਰਜ਼ ਇੱਛਾਵਾਂ ਤੋਂ ਮੁਕਤੀ ਲਈ ਤਾਂਘ ਦੇ ਮਾਨਵੀਂ ਤੱਤ ਮੌਜੂਦ ਹਨ। ਇਹ 'ਗੈਰ-ਅਮਰੀਕੀ' ਨਜ਼ਰੀਆ ਸਾਨੂੰ ਜੋੜਦਾ ਹੈ।



ਫਿਰ ਵੀ, ਬਰਾਉਜ਼ਰ ਦੀ ਪ੍ਰੇਰਣਾ ਬਿਨ੍ਹਾਂ ਮੈਂ ਤੇਰੀ ਕਿਤਾਬ ਨਾਲ ਇਸ ਕਦਰ ਜੁੜਨਾ ਨਹੀਂ ਸੀ, ਕਿਉਂਕਿ ਇਹ ਉਸ ਭਾਸ਼ਾ ਵਿੱਚ ਲਿਖੀ ਹੈ, ਜਿਸ ਤੱਕ ਮੇਰੀ ਰਸਾਈ ਨਹੀਂ। ਮੇਰੇ ਲਈ 'ਰੱਬ' ਸ਼ਬਦ ਮਨੁੱਖੀ ਕਮਜ਼ੋਰੀ ਦਾ ਪ੍ਰਗਟਾਅ ਹੈ ਅਤੇ ਬਾਈਬਲ ਸਤਿਕਾਰ ਯੋਗ, ਪਰ ਬਹੁਤ ਹੀ ਆਦਿਕਾਲੀ ਦੰਦ-ਕਥਾਵਾਂ ਦਾ ਸੰਗ੍ਰਹਿ ਹੈ, ਜੋ ਬਹੁਤ ਹੀ ਬਚਕਾਨਾ ਕਿਸਮ ਦੀਆਂ ਹਨ। ਕਿਸੇ ਵੀ ਕਿਸਮ ਦੀ ਵਿਆਖਿਆ, ਭਾਵੇਂ ਕਿੰਨੀ ਹੀ ਬਰੀਕ ਹੋਵੇ, ਮੈਨੂੰ ਨਹੀਂ ਬਦਲ ਸਕਦੀ। ਮੇਰੇ ਲਈ ਯਹੂਦੀ ਧਰਮ, ਬਾਕੀ ਧਰਮਾਂ ਵਾਂਗ, ਅੰਧਵਿਸ਼ਵਾਸ ਦਾ ਹੀ ਅਵਤਾਰੀਕਰਣ ਹੈ। ਯਹੂਦੀ ਲੋਕ, ਜਿਨ੍ਹਾਂ ਨਾਲ ਮੈਂ ਖੁਸ਼ੀ ਨਾਲ ਸੰਬੰਧਿਤ ਹਾਂ, ਜਿਨ੍ਹਾਂ ਦੀ ਸੋਚ ਨਾਲ ਮੇਰੀ ਡੂੰਘੀ ਸਾਂਝ ਹੈ, ਉਹ ਵੀ ਮੇਰੇ ਲਈ ਦੂਜੇ ਲੋਕਾਂ ਨਾਲੋਂ ਵੱਖਰੇ ਨੀਂ। ਜਿੱਥੋਂ ਤੱਕ ਮੇਰਾ ਅਨੁਭਵ ਹੈ, ਉਹ ਵੀ ਦੂਜੇ ਮਨੁੱਖੀ-ਸਮੂਹਾਂ ਨਾਲੋਂ ਚੰਗੇ ਨਹੀਂ, ਬੇਸ਼ੱਕ ਸੱਤਾ-ਵਿਹੂਣੇ ਹੋਣ ਕਰਕੇ, ਉਹ ਬਹੁਤ ਹੀ ਮਾੜੀਆਂ ਵਬਾਵਾਂ ਤੋਂ ਬਚੇ ਹੋਏ ਹਨ। ਮੈਨੂੰ ਉਨ੍ਹਾਂ ਵਿੱਚ 'ਚੁਣੇ' ਹੋਏ ਹੋਣ ਵਰਗਾ ਕੁੱਝ ਵੀ ਦਿਖਾਈ ਨਹੀਂ ਦਿੰਦਾ।

ਆਮ ਤੌਰ 'ਤੇ ਮੇਰੇ ਲਈ ਇਹ ਤਕਲੀਫਦੇਹ ਹੈ ਕਿ ਤੁਸੀਂ ਖ਼ਾਸ ਪਦਵੀ ਦਾ ਦਾਅਵਾ ਕਰਦਿਆਂ, ਇਸ ਨੂੰ ਹਉਂ ਦੀਆਂ ਦੋ ਕੰਧਾਂ ਨਾਲ ਬਚਾਇਆ ਹੋਇਆ ਹੈ, ਇੱਕ ਬਾਹਰਲੀ ਮਰਦ ਹੋਣ ਕਰਕੇ ਅਤੇ ਦੂਜੀ ਅੰਦਰਲੀ ਯਹੂਦੀ ਹੋਣ ਕਰਕੇ। ਤੁਸੀਂ ਇਸ ਕਾਰਨਤਾ (ਕਾਰਨ-ਕਾਰਜ ਸਿਧਾਂਤ) ਤੋਂ ਛੋਟ ਦਾ ਦਾਅਵਾ ਕਰਦੇ ਹੋ, ਜੋ ਯਹੂਦੀ ਹੋਣ ਵਜੋਂ ਅਦਵੈਤਵਾਦ ਦਾ ਵਿਸ਼ੇਸ਼ ਹੱਕ ਹੈ। ਸੀਮਿਤ ਕਾਰਨਤਾ, ਕਿਸੇ ਤਰ੍ਹਾਂ ਵੀ ਕਾਰਨਤਾ ਨਹੀਂ ਹੈ, ਜਿਸ ਨੂੰ ਸਾਡੇ ਸਤਿਕਾਰਕ ਸਪਾਈਨੋਜ਼ਾ ਨੇ ਪੂਰੀ ਬਾਰੀਕਬੀਨੀ ਨਾਲ, ਸ਼ਾਇਦ ਪਹਿਲੀਵਾਰ ਪਛਾਣਿਆ ਸੀ। ਅਸੂਲੀ ਤੌਰ 'ਤੇ, ਕੁਦਰਤੀ ਧਰਮਾਂ ਦੀਆਂ ਅਧਿਆਤਮਕ ਵਿਆਖਿਆਵਾਂ, ਇਜ਼ਾਰੇਦਾਰੀ ਨਾਲ ਰੱਦ ਨਹੀਂ ਹੁੰਦੀਆਂ। ਅਜਿਹੀਆਂ ਕੰਧਾਂ ਨਾਲ, ਅਸੀਂ ਆਪਣੇ ਲਈ ਵਿਸ਼ੇਸ ਸਵੈ-ਧੋਖਾ ਸਿਰਜ ਸਕਦੇ ਹਾਂ, ਪਰ ਇਨ੍ਹਾਂ ਨਾਲ ਸਾਡੀਆਂ ਸਦਾਚਾਰਕ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈਣਾ।

ਇਸ ਦੇ ਉਲਟ, ਹੁਣ ਜਦੋਂ ਕਿ ਮੈਂ ਆਪਣੀਆਂ ਬੌਧਿਕ ਮਾਨਤਾਵਾਂ ਦੇ ਵੱਖਰੇਵੇਂ ਬਾਰੇ ਖੁੱਲ ਕੇ ਕਹਿ ਦਿੱਤਾ ਹੈ, ਫਿਰ ਵੀ ਇਹ ਸਪਸ਼ਟ ਹੈ ਕਿ ਆਪਾਂ ਕਈ ਜਰੂਰੀ ਗੱਲਾਂ ਵਿੱਚ ਇੱਕ ਦੂਜੇ ਦੇ ਬਹੁਤ ਕਰੀਬ ਹਾਂ, ਜਿਵੇਂ ਮਨੁੱਖੀ ਰਵੱਈਏ ਦੇ ਮੁਲਾਂਕਣ ਵਿੱਚ। ਜੋ ਸਾਨੂੰ ਅਲੱਗ ਕਰਦਾ ਹੈ ਉਹ ਹੈ ਫਰਾਇਡੀਅਨ ਬਜ਼ਾਰੂ-ਬੋਲੀ ਵਿਚਲਾ ਬੌਧਿਕ 'ਸਟੇਜੀ ਨਿੱਕ-ਸੁੱਕ' ਅਤੇ 'ਯੁਕਤੀਵਾਦ।' ਇਸ ਲਈ ਮੇਰਾ ਖਿਆਲ ਹੈ ਕਿ ਜੇ ਅਸੀਂ ਠੋਸ ਚੀਜ਼ਾਂ ਬਾਰੇ ਗੱਲਬਾਤ ਕਰਾਂਗੇ ਤਾਂ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਾਂਗੇ। ਦੋਸਤਾਨਾ ਧੰਨਵਾਦ ਅਤੇ ਸ਼ੁੱਭ-ਇਛਾਵਾਂ ਸਹਿਤ,

ਤੁਹਾਡਾ

ਏ. ਆਈਨਸਟੀਨ

**(ਅਨੁਵਾਦਕ : ਅਵਤਾਰ ਗੋਂਦਾਰਾ)**

---

## ਚੇਤਨਾ ਤੇ ਸਮਾਜ

ਚੇਤਨਾ ਮੁੱਢ ਤੋਂ ਹੀ ਸਮਾਜ ਦੀ ਇੱਕ ਉਪਜ ਹੈ ਤੇ ਜਦੋਂ ਤੱਕ ਮਨੁੱਖਾਂ ਦੀ ਹੋਂਦ ਰਹੇਗੀ ਉਦੋਂ ਤੱਕ ਚੇਤਨਾ ਦੀ ਹੋਂਦ ਵੀ ਬਣੀ ਰਹੇਗੀ।

ਮਨੁੱਖਾਂ ਦੀ ਚੇਤਨਾ ਉਹਨਾਂ ਦੀ ਹੋਂਦ ਨੂੰ ਨਿਰਧਾਰਿਤ ਨਹੀਂ ਕਰਦੀ ਸਗੋਂ ਇਸ ਤੋਂ ਉਲਟ ਉਹਨਾਂ ਦੀ ਸਮਾਜਿਕ ਹੋਂਦ ਉਹਨਾਂ ਦੀ ਚੇਤਨਾ ਨੂੰ ਨਿਰਧਾਰਿਤ ਕਰਦੀ ਹੈ।

**ਮਾਰਕਸ-ਏਂਗਲਜ**



# ਪਾਠਕਾਂ ਦੇ ਖ਼ਤ

**ਸੰਪਾਦਕ 'ਤਰਕਸ਼ੀਲ'**
**ਮੁੱਖ ਦਫ਼ਤਰ,**
**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)**
**ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)**
**email : tarkshiloffice@gmail.com**



ਮਈ-ਜੂਨ ਅੰਕ ਦੀ ਸੰਪਾਦਕੀ ਨੂੰ ਕਾਬਲ-ਏ-ਤਾਰੀਫ ਕਹਿਣਾ ਕੋਈ ਅਤਿਕਥਨੀ ਨਹੀਂ, ਦੇਸ਼ ਦੇ ਹਾਲਾਤਾਂ ਦੀ ਤਰਜਮਾਨੀ ਕਰਦੀ ਹੈ। ਸੰਪਾਦਕ ਨੇ ਥੋੜ੍ਹੇ ਸ਼ਬਦਾਂ ਵਿੱਚ ਉਭਰਵੇਂ ਮਸਲਿਆਂ 'ਤੇ ਉਂਗਲ ਰੱਖਕੇ ਆਪਣੇ ਵਿਚਾਰਾਂ ਰਾਹੀਂ ਸਹੀ ਦਿਸ਼ਾ ਵੱਲ ਇਸ਼ਾਰਾ ਕਰਕੇ ਪਾਠਕਾਂ ਨੂੰ ਸੁਚੇਤ ਕਰਕੇ ਪ੍ਰਸੰਸਾਯੋਗ ਕਦਮ ਉਠਾਇਆ ਹੈ। ਇਸੇ ਅੰਕ ਵਿੱਚ ਅਵਤਾਰ ਗੋਂਦਾਰਾ ਜੀ ਵੱਲੋਂ ਅਨੁਵਾਦ ਕੀਤੇ ਲੇਖ 'ਮਹਾਂਮਾਰੀ ਅਤੇ ਸਮਾਜਵਾਦ' ਵਿੱਚ ਮੌਜੂਦਾ ਵਾਇਰਸ (ਕੋਰੋਨਾ) ਨਾਲ ਲਗਭਗ ਲੱਖਾਂ ਮੌਤਾਂ ਹੋ ਚੁੱਕੀਆਂ ਹਨ, ਲਿਖਿਆ ਹੈ। ਇਸ ਲੇਖ ਦੇ ਲੇਖਕ ਪ੍ਰਭਾਤ ਪਟਨਾਇਕ ਜੀ ਵੱਲੋਂ ਲਿਖੀਆਂ ਉਪਰੋਕਤ ਲਾਈਨਾਂ ਬਾਰੇ ਗੋਂਦਾਰਾ ਜੀ ਨੂੰ ਵਿਗਿਆਨਕ ਨਜ਼ਰੀਏ ਤੋਂ ਜ਼ਰੂਰ ਪਰਖ ਲੈਣਾ ਚਾਹੀਦਾ ਸੀ, ਕਿਉਂਕਿ ਕਈ ਡਾਕਟਰਾਂ ਅਤੇ ਵਿਗਿਆਨਕ ਵਿਚਾਰਧਾਰਕਾਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੋ ਲੱਖਾਂ ਮੌਤਾਂ ਹੋਈਆਂ ਹਨ, ਉਹਨਾਂ ਦਾ ਕਾਰਣ ਕੋਰੋਨਾ ਨਹੀਂ, ਸਗੋਂ ਮ੍ਰਿਤਕਾਂ ਨੂੰ ਲੱਗੀਆਂ ਹੋਰ ਬਿਮਾਰੀਆਂ ਸਨ। ਹੋਰਾਂ ਬਿਮਾਰੀਆਂ ਕਾਰਨ ਹੋਈਆਂ ਮੌਤਾਂ ਨੂੰ ਕੋਰੋਨਾ ਦੇ ਨਾਂ ਮੜ੍ਹਨਾ ਕਿਸੇ ਰਾਜਨੀਤੀ ਦਾ ਉਦੇਸ਼ ਤਾਂ ਹੋ ਸਕਦਾ ਹੈ, ਪਰ ਅਸਲੀਅਤ ਨਹੀਂ। ਕਈ ਡਾਕਟਰਾਂ ਨੇ ਅਜਿਹੀਆਂ ਮੌਤਾਂ ਸਬੰਧੀ ਸਰਕਾਰੀ ਬਿਆਨਾਂ ਨੂੰ ਚੁਣੌਤੀ ਵੀ ਦਿੱਤੀ ਹੈ, ਜਿਹਨਾਂ ਦਾ ਅਜੇ ਤੱਕ ਕਿਸੇ ਵੀ ਸਰਕਾਰ ਨੇ ਕੋਈ ਜਵਾਬ ਨਹੀਂ ਦਿੱਤਾ। ਸਾਡੇ ਲਈ ਕਿਸੇ ਰਾਜਨੀਤਕ ਸ਼ਾਸਤਰ ਵਰਗੀ ਉੱਘੀ ਸਖਸ਼ੀਅਤ ਦੀ ਸਮਝ ਨੂੰ, ਲੋਕ ਪੱਖੀ ਮਾਹਰਾਂ ਵੱਲੋਂ ਕੀਤੇ ਖੁਲਾਸਿਆਂ ਦੀ ਕਸਵੱਟੀ 'ਤੇ, ਤਰਕਸ਼ੀਲ ਨਜ਼ਰੀਏ ਤੋਂ ਪਰਖਣਾ ਬੇਹੱਦ ਜਰੂਰੀ ਹੈ। **ਜਸਵੰਤ ਜੀਰਖ**

***

ਮੈਂ 'ਤਰਕਸ਼ੀਲ' ਦੇ ਮਈ-ਜੂਨ 2020 ਅੰਕ ਵਿੱਚ ਪ੍ਰਕਾਸ਼ਿਤ ਦੇਵੀ ਪ੍ਰਸਾਦ ਚਟੋਪਾਧਿਆਏ ਦੇ ਆਰਟੀਕਲ 'ਜਾਨਣ ਵਾਲੀਆਂ ਗੱਲਾਂ' ਬਾਰੇ ਆਪਣੇ ਵਿਚਾਰ ਦੇਣਾ ਚਾਹੁੰਦਾ ਹੈ। ਪਹਿਲੀ ਗੱਲ, ਇਸ ਲਿਖਤ ਵਿੱਚ ਸੂਰਜ ਮੰਡਲ ਦੀ ਪਰਿਕਰਮਾ ਕਰ ਰਹੇ ਗ੍ਰਹਿਆਂ ਦੀ ਆਪਣੀ ਧੁਰੀ ਦੁਆਲੇ ਗਤੀ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਗ੍ਰਹਿ ਆਪਣੀ ਧੁਰੀ ਦੁਆਲੇ ਪੱਛਮ ਤੋਂ ਪੂਰਬ ਵੱਲ ਘੁੰਮਦੇ ਹਨ। ਪਰ ਇਹ ਗੱਲ ਸ਼ੁਕਰ ਗ੍ਰਹਿ ਬਾਰੇ ਸੱਚ ਨਹੀਂ ਹੈ। ਇਸ ਮਾਮਲੇ ਵਿੱਚ ਸੂਰਜ ਮੰਡਲ ਦੇ ਗ੍ਰਹਿਆਂ ਵਿੱਚੋਂ ਸ਼ੁੱਕਰ ਅਪਵਾਦ ਹੈ ਜੋ ਆਪਣੀ ਧੁਰੀ ਦੁਆਲੇ ਪੂਰਬ ਤੋਂ ਪੱਛਮ ਵੱਲ ਘੁੰਮਦਾ ਹੈ। ਦੂਜੀ ਗੱਲ, ਆਰਟੀਕਲ ਵਿੱਚ ਦੱਸਿਆ ਗਿਆ ਹੈ ਕਿ 'ਵਿਗਿਆਨਕਾਂ ਦਾ ਕਹਿਣਾ ਹੈ, ਕਿਸੇ ਦਿਨ ਉੱਥੇ ਜੀਵਾਂ ਦਾ ਜਨਮ ਵੀ ਹੋ ਸਕਦਾ ਹੈ।' ਪਰ ਇਸ ਸਮੇਂ ਸ਼ੁੱਕਰ ਦੇ ਧਰਾਤਲ ਦੀਆਂ ਜੋ ਪ੍ਰਸਥਿਤੀਆਂ ਹਨ ਉਹਨਾਂ ਅਨੁਸਾਰ ਉੱਥੇ ਜੀਵਨ ਦੇ ਪਨਪਣ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਸ਼ੁੱਕਰ ਗੰਧਕੀ ਤੇਜ਼ਾਬ ਦੇ ਸੰਘਣੇ ਬੱਦਲਾਂ ਦੀ ਮੋਟੀ ਪਰਤ ਵਿੱਚ ਲਿਪਟਿਆ ਹੋਇਆ ਹੈ ਤੇ ਇਸਦੇ ਵਾਯੂਮੰਡਲ ਦਾ 95 ਫੀਸਦੀ ਭਾਗ ਕਾਰਬਨ ਡਾਈਆਕਸਾਈਡ ਹੈ। ਬਾਕੀ ਗੈਸਾਂ ਵਿੱਚ ਨਾਈਟ੍ਰੋਜਨ, ਹਾਈਡ੍ਰੋਜਨ, ਨਿਓਨ, ਅਮੋਨੀਆ ਆਦਿ ਹਨ। ਸੰਘਣੀਆਂ ਗੈਸਾਂ ਕਾਰਣ ਇਸਦੇ ਧਰਾਤਲ 'ਤੇ ਵਾਯੂਮੰਡਲ ਦਾ ਦਬਾਅ ਪ੍ਰਿਥਵੀ ਦੀ ਨਿਸਬਤ ਕਰੀਬ ਸੌ ਗੁਣਾ ਜਿਆਦਾ ਹੈ। ਇਸਦੇ ਧਰਾਤਲ ਦੀ ਹਾਲਤ ਉਬਲਦੇ ਤੇਲ ਦੀ ਤਪਦੀ ਭੱਠੀ ਵਰਗੀ ਹੈ ਜਿੱਥੇ 480 ਦਰਜੇ ਸੈਲਸੀਅਸ ਤੱਕ ਤਾਪਮਾਨ ਹੈ ਤੇ ਇੰਨੇ ਜਿਆਦਾ ਤਾਪਮਾਨ 'ਤੇ ਸਿੱਕਾ ਵੀ ਪਿਘਲ ਜਾਂਦਾ ਹੈ। ਇਸ ਤੋਂ ਬਿਨਾਂ ਇਸਦੇ ਭੂਮਧੀ ਖੇਤਰਾਂ ਵਿੱਚ 200 ਡਿਗਰੀ ਸੈਲਸੀਅਸ ਤੋਂ ਵੱਧ ਤਾਪਮਾਨ ਵਾਲੀਆਂ ਗਰਮ ਹਵਾਵਾਂ ਚਲਦੀਆਂ ਹਨ। ਇਹਨਾਂ ਹਾਲਤਾਂ ਵਿੱਚ ਉੱਥੇ ਜੀਵਨ ਦੀ ਕਲਪਣਾ ਕਰਨਾ ਵੀ ਗਲਤ ਹੈ। ਹਾਂ, ਇਹ ਗੱਲ ਜਰੂਰ ਹੈ ਕਿ ਕਾਰਲ ਸਾਗਨ, ਡੇਵਿਡ ਗਰਿੰਸਪੂਨ ਤੇ ਜਿਉਫਰੀ ਏ. ਲੈਂਡਿਸ ਵਰਗੇ ਉਤਸ਼ਾਹੀ ਵਿਗਿਆਨੀਆਂ ਨੇ ਅਤੀ ਪ੍ਰਤੀਕੂਲ ਪ੍ਰਸਥਿਤੀਆਂ ਵਿੱਚ ਹੋਂਦ ਬਣਾਈ ਰੱਖਣ ਵਾਲੇ ਜੀਵਾਣੂੰ ਮਾਈਕਰੋਬਸ ਦੇ, ਸ਼ੁੱਕਰ ਦੇ ਧਰਾਤਲ ਤੋਂ 43 ਕਿਲੋਮੀਟਰ ਉੱਪਰ ਵਾਯੂਮੰਡਲ ਵਿੱਚ ਹੋਣ ਦੇ ਅੰਦਾਜ਼ੇ ਲਾਏ ਹਨ। ਪਰ ਅੰਦਾਜੇ ਤੇ ਠੋਸ ਤੱਥਾਂ ਵਿੱਚ ਬਹੁਤ ਅੰਤਰ ਹੁੰਦਾ ਹੈ। ਅਜੇ ਤੱਕ ਇਹ ਸਬੂਤ ਰਹਿਤ ਅੰਦਾਜ਼ੇ ਹੀ ਹਨ ਜੋ ਠੋਸ ਤੱਥਾਂ ਤੋਂ ਵਿਹੂਣੇ ਹਨ।

ਜ਼ਿਕਰ ਅਧੀਨ ਲਿਖਤ ਵਿੱਚ ਮੰਗਲ ਉੱਪਰ ਨਹਿਰਾਂ ਵਰਗੀਆਂ ਸਿੱਧੀਆਂ ਦਿਸਦੀਆਂ ਲਕੀਰਾਂ ਦਾ ਵਰਣਨ ਕਰਦਿਆਂ ਦੱਸਿਆ ਗਿਆ ਹੈ ਕਿ 'ਨਹਿਰਾਂ ਦੇ ਸਿੱਧੀਆਂ ਹੋਣ ਕਰਕੇ ਕੁੱਝ ਦਾ ਖਿਆਲ ਹੈ ਕਿ ਉੱਥੇ ਆਦਮੀ ਜਰੂਰ ਹੈ। ਆਦਮੀ ਤੋਂ ਬਗੈਰ ਸਿੱਧੀਆਂ ਨਹਿਰਾਂ ਕਿਸ ਨੇ ਤਿਆਰ ਕੀਤੀਆਂ ਹਨ ? ਪਰ ਬਹੁਤੇ ਇਸ ਗੱਲ ਨੂੰ ਨਹੀਂ ਮੰਨਦੇ। ਪਰੰਤੂ ਨਾਸਾ ਦੇ

ਵਿਗਿਆਨੀਆਂ ਨੇ ਮਾਰਸ ਗਲੋਬਲ ਸਰਵੇਅਰ ਦੁਆਰੇ ਖੋਜੇ ਤੱਥਾਂ ਦੇ ਅਧਾਰ ’ਤੇ ਸਪਸ਼ਟ ਕੀਤਾ ਹੈ ਕਿ ਇਹ ਕਥਿਤ ਨਹਿਰਾਂ ਦਰਅਸਲ ਇਸ ਗ੍ਰਹਿ ਦੇ ਸੁੱਕ ਚੁੱਕੇ ਪਾਣੀ ਦੇ ਵਿਸ਼ਾਲ ਵਹਿਣਾਂ ਦੀਆਂ ਕੁਦਰਤੀ ਬਣੀਆਂ ਸਰੰਚਨਾਵਾਂ ਹੀ ਹਨ। ਇਹ ਵਹਿਣ 200 ਕਿਲੋਮੀਟਰ ਤੱਕ ਚੌੜੇ ਤੇ 1600 ਕਿਲੋਮੀਟਰ ਲੰਬੇ ਵੀ ਨੋਟ ਕੀਤੇ ਗਏ ਹਨ। ਇਸ ਲੇਖ ਵਿੱਚ ਬਿਨ੍ਹਾਂ ਕਿਸੇ ਖੋਜ ਦਾ ਹਵਾਲਾ ਦਿੱਤੇ ਇਹ ਦਰਸਾਇਆ ਗਿਆ ਹੈ ਕਿ ‘ਜਦੋਂ ਗਰਮੀ ਦੇ ਦਿਨਾਂ ਵਿੱਚ ਬਰਫ ਪਿਘਲਦੀ ਹੈ ਤਾਂ ਇਹ ਨਹਿਰਾਂ ਨੱਕੋ ਨੱਕ ਭਰ ਜਾਂਦੀਆਂ ਹਨ।’ ਜਦਕਿ ਮੰਗਲ ਉੱਪਰ ਹੁਣ ਤੱਕ ਭੇਜੇ ਗਏ ਸਪੇਸ ਕਰਾਫਟ ਉਪਰੋਕਤ ਦਾਅਵੇ ਨੂੰ ਰੱਦ ਕਰਦੇ ਹਨ ਅਤੇ ਕਥਿਤ ਨਹਿਰਾਂ ਵਿੱਚ ਕੋਈ ਪਾਣੀ ਨਹੀਂ ਹੈ।

ਆਰਟੀਕਲ ਵਿੱਚ ਸੂਰਜ ਮੰਡਲ ਦੇ ਗ੍ਰਹਿਆਂ ਦੇ ਚੰਨਾਂ ਬਾਰੇ ਦਿੱਤੀ ਜਾਣਕਾਰੀ ਵੀ ਸਹੀ ਨਹੀਂ ਹੈ। ਬ੍ਰਹਿਸਪਤੀ ਗ੍ਰਹਿ ਦੇ 11, ਸ਼ਨੀ ਦੇ 9, ਯੂਰੇਨਸ ਦੇ 5 ਕੁਦਰਤੀ ਉਪਗ੍ਰਹਿ ਦਰਸਾਏ ਗਏ ਹਨ ਅਤੇ ਨੈਪਚੂਨ ਦਾ ਇੱਕੋ ਉਪਗ੍ਰਹਿ ਦੱਸਿਆ ਗਿਆ ਹੈ। ਪਰ ਸੰਨ 2013 ਤੱਕ ਦੀਆਂ ਖੋਜਾਂ ਅਨੁਸਾਰ ਹੀ ਬ੍ਰਹਿਸਪਤੀ ਦੇ 67, ਸ਼ਨੀ ਦੇ 62, ਯੂਰੇਨਸ ਦੇ 27 ਅਤੇ ਨੈਪਚੂਨ ਦੇ 13 ਚੰਨਾਂ ਬਾਰੇ ਜਾਣਕਾਰੀ ਹਾਸਿਲ ਹੋ ਚੁੱਕੀ ਹੈ। ਇਸ ਤੋਂ ਬਿਨਾਂ ਆਰਟੀਕਲ ਵਿੱਚ ਪਲੂਟੋ ਨੂੰ ਵੀ ਸੂਰਜ ਮੰਡਲ ਦਾ ਗ੍ਰਹਿ ਦੱਸਿਆ ਗਿਆ ਹੈ। ਹਾਲਾਂਕਿ ਪਲੂਟੋ ਨੂੰ ਸੰਸਾਰ ਦੇ ਬਹੁਗਿਣਤੀ ਖਗੋਲ ਵਿਗਿਆਨੀਆਂ ਨੇ ਗ੍ਰਹਿ ਵਾਲੀਆਂ ਸ਼ਰਤਾਂ ਪੂਰੀਆਂ ਨਾ ਕਰਦਾ ਹੋਣ ਕਾਰਨ ਕਈ ਸਾਲ ਪਹਿਲਾਂ ਹੀ ਸੂਰਜ ਦੇ ਗ੍ਰਹਿਆਂ ਦੀ ਸੂਚੀ ’ਚੋਂ ਬਾਹਰ ਕੱਢ ਦਿੱਤਾ ਸੀ।

**ਰਣਧੀਰ ਗਿੱਲਪੱਤੀ**

***

ਤਰਕਸ਼ੀਲ ਦੇ ਮਈ-ਜੂਨ ਅੰਕ ਦਾ ਮੁੱਖ ਪੰਨਾ ਸਮੇਂ ਮੁਤਾਬਕ ਢੁੱਕਵਾਂ ਸੀ। ਤਾਲਾਬੰਦੀ ਦੇ ਦੌਰਾਨ ਬੁੱਧੀਜੀਵੀਆਂ ’ਤੇ ਕੇਸ ਮੜ ਕੇ ਕੀਤੀ ਜ਼ੁਬਾਨਬੰਦੀ ਨੂੰ ਦਰਸਾਉਂਦਾ। ਹਨੇਰੇ ਸਮਿਆਂ ਦਾ ਪ੍ਰਤੀਕ। ਸੰਪਾਦਕੀ ਵਿੱਚ ਇਸੇ ਹਕੂਮਤੀ ਜਬਰ ਦੀ ਗੱਲ ਛੋਹੀ ਹੈ। ਕਵਿਤਾ ‘ਮੁਸਲਮਾਨਾਂ ਦਾ ਮੁਹੱਲਾ’ ਉਨ੍ਹਾਂ ਲੋਕਾਂ ਦੀ ਤਰਜਮਾਨੀ ਕਰਦੀ ਹੈ ਜੋ ਰਫ਼ੀ ਸਾਹਿਬ ਦੇ ਗਾਣੇ ਸੁਣਦੇ ਹਨ ਪਰ ਟੀਵੀ ਚੈਨਲਾਂ ਦੇ ਪ੍ਰਚਾਰ ਦਾ ਸ਼ਿਕਾਰ ਹੋ ਜਾਂਦੇ ਹਨ। ਬੂਟਾ ਸਿੰਘ ਵਾਕਫ਼ ਦਾ ਲੇਖ ਵਿਦਿਆਰਥੀਆਂ ਲਈ ਜਾਣਕਾਰੀ ਭਰਪੂਰ ਹੁੰਦਾ ਹੈ। ਵਿਦਿਆਰਥੀਆਂ ਦੀ ਦਿਲਚਸਪੀ ਵਾਲੇ ਲੇਖ ਵੱਧ ਚਾਹੀਦੇ ਹਨ। ਹਿੰਦੀ ਫਿਲਮ ਆਰਟੀਕਲ 15 ਦੇ ਲੇਖਕ ਗੌਰਵ ਸੋਲੰਕੀ ਦੀ ਕਵਿਤਾ “ਉਹ ਚਲੇ ਜਾ ਰਹੇ ਹਨ” ਮੈਗਜ਼ੀਨ ਦਾ ਗੌਰਵ ਹੈ।

**ਜਸਕਰਨ ਸਿੰਘ ਖੋਖਰ**

ਨਿਡਰਤਾ, ਪ੍ਰੇਰਨਾ, ਸੱਚਾਈ, ਬਹਾਦਰੀ,ਚਾਨਣ ਮੁਨਾਰਾ ਤੇ ਵਿਰੋਧੀਆਂ ਨੂੰ ਸਿੱਧੇ ਮੱਥੇ ਟੱਕਰਨ ਦਾ ਦੂਜਾ ਨਾਂ ਹੈ: ਗਿਆਨ ਵਿਗਿਆਨ ਤੇ ਚਿੰਤਨ ਦੀ ਆਵਾਜ਼; ‘ਤਰਕਸ਼ੀਲ’ ਜਿਸ ਬਾਰੇ ਇਹ ਕਹਿਣ ਵਿੱਚ ਮੈਨੂੰ ਫ਼ਖਰ ਹੈ। ਚਾਣਚੱਕ ਲੱਗੇ ਲੌਕ ਡਾਊਨ, ਕਰਫਿਊ ਤੇ ਐਮਰਜੈਂਸੀ ਵਰਗੇ ਹਾਲਾਤਾਂ ਵਿੱਚ ਵੀ ਅਦਾਰੇ ਨੇ ਮੈਗਜ਼ੀਨ ਜਾਰੀ ਕਰਕੇ ਸ਼ਲਾਘਾਯੋਗ ਰੋਲ ਅਦਾ ਕੀਤਾ ਹੈ ਅਤੇ ਕੋਰੋਨਾ ਪੀੜਿਤ ਲੋਕਾਂ ਦੇ ਹੱਕ ਵਿੱਚ ਬੇਖ਼ੌਫ਼ ਹੋ ਕੇ ਆਵਾਜ਼ ਬੁਲੰਦ ਕੀਤੀ ਹੈ। ਮਈ ਜੂਨ 20 ਅੰਕ ਦੇ ਮੁੱਖ ਪੰਨੇ ਦੀ ਤਸਵੀਰ ਸਮੇਂ ਦੇ ਹਾਣ ਦੀ ਹੋਣ ਕਰਕੇ ਪ੍ਰਵਾਨ ਚੜ੍ਹ ਗਈ। ਅੰਦਰ ਪੜ੍ਹੋ ਵਿੱਚ ਹੋਰ ਲੇਖਾਂ ਦੇ ਟਾਈਟਲ ਕੱਢੇ ਜਾਂਦੇ ਤਾਂ ਹੋਰ ਵੀ ਚੰਗਾ ਹੁੰਦਾ। ਕਈ ਲਿਖਤਾਂ ਦੇ ਅਖੀਰ ਵਿੱਚ ਲਿਖਤ ਦਾ ਸਾਰ ਤੱਤ ਤੇ ਸਾਡੇ ਕਾਰਜ ਦਾ ਇੱਕ ਪਹਿਰਾ ਹੁੰਦਾ ਹੈ ਜਾਂ ਗਾਗਰ ਵਿੱਚ ਸਾਗਰ ਵਾਂਗ ਕੁਝ ਸਤਰਾਂ ਜਾਂ ਸ਼ਬਦ ਹੁੰਦੇ ਹਨ ਜੋ ਵਧੀਆ ਪ੍ਰਭਾਵ ਛੱਡਦੇ ਹਨ ਪ੍ਰੰਤੂ ਜਸਵੰਤ ਜੀਰਖ ਦੇ ਸਰਕਾਰੀ ਫੁਰਮਾਨ ਤੇ ਪ੍ਰੀਤੀ ਸਿਨਹਾ ਦੇ ਨਫ਼ਰਤ ਦੀ ਜ਼ਹਿਰ ਲੇਖਾਂ ਵਿੱਚ ਇਹ ਕਮੀ ਵੇਖਣ ਨੂੰ ਮਿਲੀ। ਪ੍ਰਸਿੱਧ ਲੇਖਿਕਾ/ਚਿੰਤਕ ਅਰੁੰਧਤੀ ਰਾਏ ਦੀ ਆਲਮੀ ਮਹਾਂਮਾਰੀ ਸਮਝ ਵਿੱਚ ਨਹੀਂ ਆਈ। ਜੇ ਬੱਚੇ ਪੁੱਛਦੇ ਹਨ ਤਾਂ ਦੱਸਣਾ ਜ਼ਰੂਰ ਚਾਹੀਦਾ ਹੈ ਨਾ ਕਿ ਟਾਲਾ ਵੱਟਿਆ ਜਾਵੇ (ਬੋਲ ਸਦੀਵੀ) ਯੂਨੀਵਸਿਟੀ ਆਫ਼ ਹਾਂਗਕਾਂਗ ਦੇ ਨਵੇਂ ਕੋਰੋਨਾ ਵਾਇਰਸ ਬਾਰੇ ਅਧਿਐਨ ਨਹੀਂ ਛਾਪਣੇ ਚਾਹੀਦੇ ਸਨ ਕਿਉਂਕਿ ਇਸ ਨਾਲ ਡਰ ਜ਼ਿਆਦਾ ਤੇ ਠੋਸ ਜਾਣਕਾਰੀ ਘੱਟ ਦਾ ਪ੍ਰਭਾਵ ਜਾਂਦਾ ਹੈ। ਨਿਖਿਲ ਸਚਿਨ ਦੀਆਂ ਈਦ ਦੀਆਂ ਸੇਵੀਆਂ ਤੋਂ ਵੱਧ ਮਿੱਠੇ ਨਵਤੇਜ ਸੰਧੂ ਕੈਨੇਡਾ ਦੀ ਮੇਰੀ ਨਰਸ ਧੀ, ਜੇ ਸਾਡੇ ਵਰਗਿਆਂ ਦੀ ਨੌਕਰੀ ਅੱਜ ਮਨੁੱਖਤਾ ਤੇ ਬਣੀ ਭੀੜ ਦੇ ਕੰਮ ਨਾ ਆਈ ਤਾਂ ਫਿਰ ਅਜਿਹੀਆਂ ਨੌਕਰੀਆਂ ਕਰਨ ਦਾ ਕੀ ਫਾਇਦਾ? ਜਜ਼ਬਾ ਏ ਜ਼ਿੰਦਗੀ ਆਦਿ ਲਿਖਤਾਂ ਪੜ੍ਹ ਕੇ ਅਦਾਰੇ ਦੀ ਮਿਹਨਤ ਨੂੰ ਸਲਾਮ ਕਰਨਾ ਬਣਦਾ ਹੈ। ਐਡਵੋਕੇਟ ਅਵਤਾਰ ਗੋਂਦਾਰਾਂ ਜੀ ਦੀ ਚਿੱਠੀ ਦਾ ਹਾਰਦਿਕ ਸੁਆਗਤ ਹੈ। ਸਮੁੱਚੇ ਰੂਪ ਵਿੱਚ ਮਈ ਜੂਨ ਅੰਕ ਬੁਲੰਦੀਆਂ ਤੇ ਕਿਹਾ ਜਾ ਸਕਦਾ ਹੈ।

**ਅਜੀਤ ਪ੍ਰਦੇਸੀ, ਰੋਪੜ**

*ਪੰਨਾ 52 ਦਾ ਬਾਕੀ...*

ਗਿਆ ਕਿਉਂਕਿ ਨਾ ਉਨ੍ਹਾਂ ਦੇਸ਼ਾਂ ਤੋਂ ਕਰੋਨਾ ਕਾਬੂ ਹੋਇਆ ਨਾ ਭਾਰਤ ਤੋਂ। ਇਸ ਸਿੱਧ ਪੱਧਰੇ ਤਰਕ ਨੇ ਸਾਡੀਆਂ ਮੈਡੀਕਲ ਸਹੂਲਤਾਂ ਦੀ ਬੁਰੀ ਹਾਲਤ ’ਤੇ ਪਰਦਾ ਪਾ ਦਿੱਤਾ।ਕੀ ਅਸੀਂ ਸਾਡੇ ਟੈਕਸਾਂ ਨਾਲ ਚੱਲਣ ਵਾਲੇ ਸਰਕਾਰੀ ਹਸਪਤਾਲਾਂ ਦੀ ਕਦੇ ਸਾਰ ਲਈ ਹੈ? ਤੁਸੀਂ ਸਰਕਾਰੀ ਹਸਪਤਾਲ ਵਿੱਚ ਬਿਨਾਂ ਸਿਫਾਰਸ਼ ਦੇ ਕਦੋਂ ਗਏ ਸੀ?ਆਪਣਾ ਤਜਰਬਾ ਲਿਖ ਕੇ ਦੱਸਣਾ।

# ਪੇਸ਼ਕਦਮੀਆਂ

**ਇਕਾਈ ਲੁਧਿਆਣਾ : ਜਦ ਕੋਠੀ ਮਾਲਕਾਂ ਨੇ ਗੁਰੂ ਦੀ ਫੋਟੋ 'ਚੋਂ ਸ਼ਹਿਦ ਵਗਣ ਦਾ ਡਰਾਮਾ ਰਚਿਆ**

ਲੁਧਿਆਣਾ ਦੇ ਅਗਰ ਨਗਰ ਦੀ ਇੱਕ ਕੋਠੀ ਦੇ ਮਾਲਕਾਂ ਵੱਲੋਂ ਆਪਣੇ ਗੁਰੂ ਦੀਆਂ ਫੋਟੋਆਂ ਵਿੱਚੋਂ ਸ਼ਹਿਦ ਵਗਣ ਦੀ ਘਟਨਾ ਨੂੰ ਬਹੁਤ ਪ੍ਰਚਾਰਿਆ ਗਿਆ। ਪਿਛਲੇ ਕਈ ਦਿਨਾਂ ਤੋਂ ਇਹ ਕ੍ਰਿਸ਼ਮਾ ਵੇਖਣ ਲਈ ਲੋਕਾਂ ਦੀ ਵੱਡੀ ਗਿਣਤੀ ਵਿੱਚ ਭੀੜ ਦਾ ਇਸ ਕੋਠੀ ਵਿੱਚ ਤਾਂਤਾ ਲੱਗ ਰਿਹਾ ਸੀ। ਤਰਕਸ਼ੀਲ ਟੀਮ ਜਿਸ ਵਿੱਚ ਜਸਵੰਤ ਜੀਰਖ, ਬਲਵਿੰਦਰ ਸਿੰਘ, ਆਤਮਾ ਸਿੰਘ, ਧਰਮਪਾਲ ਸਿੰਘ, ਸੁਖਵਿੰਦਰ ਲੀਲ, ਨਿਰਮਲ ਸਿੰਘ, ਮਾ. ਜਰਨੈਲ ਸਿੰਘ, ਅਰੁਣ ਕੁਮਾਰ ਅਤੇ ਰਾਕੇਸ਼ ਆਜ਼ਾਦ ਆਦਿ ਸ਼ਾਮਲ ਸਨ, ਨੇ ਉਪਰੋਕਤ ਘਟਨਾ ਦੀ ਅਫਵਾਹ ਸੁਣਦਿਆਂ ਹੀ ਥਾਣਾ ਸਰਾਭਾ ਨਗਰ ਪੁਲਿਸ ਤੋਂ ਇਸ ਅੰਧਵਿਸ਼ਵਾਸ ਨੂੰ ਰੋਕਣ ਲਈ ਕਾਰਵਾਈ ਕਰਨ ਦੀ ਮੰਗ ਕੀਤੀ। ਮੌਕੇ 'ਤੇ ਹਾਜ਼ਰ ਪੁਲਿਸ ਅਧਿਕਾਰੀਆਂ ਨੇ ਉਸੇ ਵੇਲੇ ਤਰਕਸ਼ੀਲ ਟੀਮ ਨਾਲ ਜਾ ਕੇ ਉਪਰੋਕਤ ਕੋਠੀ ਵਿੱਚ ਲੱਗੀ ਲੋਕਾਂ ਦੀ ਭੀੜ ਖ਼ੁਦ ਵੇਖਦਿਆਂ ਉੱਥੇ ਕਰੋਨਾ ਦੀ ਬਿਮਾਰੀ ਸਬੰਧੀ ਇੱਕ ਦੂਜੇ ਤੋਂ ਦੂਰੀ ਰੱਖਣ ਦੇ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਦੀਆਂ ਵੀ ਇਸ ਮੌਕੇ ਖ਼ੁਦ ਵੇਖੀਆਂ। ਇਸ ਸਮੇਂ ਉੱਥੇ ਇੱਕ ਵਿਅਕਤੀ (ਗੁਰੂ) ਦੀਆਂ ਫਰੇਮ ਬੰਦ 4 ਫੋਟੋਆਂ ਦੇ ਸ਼ੀਸ਼ੇ ਉੱਪਰ ਸ਼ਹਿਦ ਵਰਗੇ ਗਾੜ੍ਹੇ ਤਰਲ ਪਦਾਰਥ ਦੀਆਂ ਘਰਾਲਾਂ ਬਣੀਆਂ ਹੋਈਆਂ। ਸਭ ਲੋਕ ਵੇਖਕੇ ਨਤਮਸਤਕ ਹੋ ਰਹੇ ਸਨ। ਤਰਕਸ਼ੀਲ ਟੀਮ ਨੇ ਮੌਕੇ 'ਤੇ ਮੁਢਲੀ ਜਾਂਚ ਕਰਦਿਆਂ ਐਲਾਨ ਕੀਤਾ ਕਿ ਇਹ ਕੋਈ ਚਮਤਕਾਰ ਨਹੀਂ ਸਗੋਂ ਅੰਧਵਿਸ਼ਵਾਸ ਫੈਲਾਕੇ ਲੋਕਾਂ ਨੂੰ ਜਾਣਬੁੱਝ ਕੇ ਗੁੰਮਰਾਹ ਕਰਕੇ ਆਪਣੀ ਕਮਾਈ ਦਾ ਸਾਧਨ ਬਣਾਉਣ ਦਾ ਯਤਨ ਹੈ। ਅਸੀਂ ਇਸ ਮੁੱਖ ਫੋਟੋ ਨੂੰ ਕੱਪੜੇ ਨਾਲ ਸਾਫ ਕਰ ਦਿੰਦੇ ਹਾਂ, ਉਸ ਤੋਂ ਬਾਅਦ ਕੋਈ ਸ਼ਹਿਦ ਨਿਕਲਦਾ ਵਿਖਾਓ, ਪਰ ਕੋਠੀ ਮਾਲਕ ਇਸ ਚੁਣੌਤੀ ਨੂੰ ਆਸਥਾ ਕਹਿ ਕੇ ਟਾਲ ਗਏ। ਤਰਕਸ਼ੀਲ ਆਗੂ ਜਸਵੰਤ ਜੀਰਖ ਨੇ ਮੌਕੇ 'ਤੇ ਲਾਈਵ ਹੋ ਕੇ ਸਪਸ਼ਟ ਕੀਤਾ ਕਿ ਇਹ ਕ੍ਰਿਸਮਾ ਕਿਸੇ ਕਰਾਮਾਤੀ ਸ਼ਕਤੀ ਨਾਲ ਨਹੀਂ ਸਗੋਂ ਇਸ ਘਰ ਦੇ ਮਾਲਕਾਂ ਨੇ ਆਪੇ ਹੀ ਸ਼ਹਿਦ ਦੀਆਂ ਘਰਾਲਾ ਫੋਟੋਆਂ ਉੱਪਰ ਚਲਾਈਆਂ ਹਨ ਜਿਹਨਾਂ ਦੇ ਸਿਰਫ ਨਿਸ਼ਾਨ ਹੀ ਫੋਟੋਆਂ ਉੱਪਰ ਮੌਜੂਦ ਹਨ, ਸ਼ਹਿਦ ਵਗ ਨਹੀਂ ਰਿਹਾ। ਤਰਕਸ਼ੀਲਾਂ ਨੇ ਮੌਕੇ 'ਤੇ ਸੰਬੋਧਨ ਹੁੰਦਿਆਂ ਸਪਸ਼ਟ ਕੀਤਾ ਕਿ ਕੋਈ ਵੀ ਅਜਿਹੀ ਗੈਬੀ ਸ਼ਕਤੀ ਨਹੀਂ ਹੁੰਦੀ। ਇਸ ਮੌਕੇ ਤਰਕਸ਼ੀਲਾਂ ਨੇ ਪੁਲਿਸ ਤੋਂ ਮੰਗ ਕੀਤੀ ਕਿ ਇਸ ਤਰ੍ਹਾਂ ਅੰਧਵਿਸ਼ਵਾਸ ਫੈਲਾਉਣ ਅਤੇ ਕੋਰੋਨਾ ਬਿਮਾਰੀ ਦੀ ਰੋਕਥਾਮ ਲਈ ਕੀਤੀਆਂ ਹਦਾਇਤਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ ਹੇਠ ਕੋਠੀ ਮਾਲਕਾਂ ਖਿਲਾਫ਼ ਕੇਸ ਦਰਜ ਕੀਤਾ ਜਾਵੇ। ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਇਕੱਠੀ ਹੋਈ ਭੀੜ ਦੀ ਲਿਸਟ ਵੀ ਬਣਾਈ ਜਿਸ ਦੌਰਾਨ ਕਈ ਖਿਸਕ ਵੀ ਗਏ। ਪੁਲਿਸ ਚੌਕੀ ਰਘੂਨਾਥ ਇਨਕਲੇਵ ਦੇ ਇੰਚਾਰਜ ਨੇ ਅੱਗੇ ਤੋਂ ਇੱਥੇ ਲੋਕਾਂ ਦੀ ਆਵਾਜਾਈ ਬੰਦ ਕਰਨ ਦੀ ਜ਼ਿੰਮੇਵਾਰੀ ਲਈ। ਲਾਈਵ ਹੋਈ ਵੀਡੀਓ ਜੋ ਬਹੁਤ ਜਿਆਦਾ ਲੋਕਾਂ ਨੇ ਵੇਖੀ ਜਿਸ ਕਰਕੇ ਕੋਠੀ ਮਾਲਕਾਂ ਨੇ ਆਪਣੀ ਬੇਇੱਜਤੀ ਮਹਿਸੂਸ ਕੀਤੀ। ਆਸ ਪਾਸ ਦੇ ਲੋਕਾਂ ਅਤੇ ਸਬੰਧਤ ਗੁਰੂ ਦੇ ਹੋਰ ਸ਼ਰਧਾਲੂਆਂ ਨੇ ਵੀ ਕੋਠੀ ਮਾਲਕਾਂ ਦੇ ਇਸ ਸ਼ਹਿਦ ਵਗਣ ਵਾਲੇ ਕ੍ਰਿਸ਼ਮੇ ਨੂੰ ਪ੍ਰਚਾਰਨ ਦਾ ਬੁਰਾ ਮਨਾਇਆ। ਇਸ ਲਈ ਉਹਨਾਂ ਵੀਡੀਓ ਡਿਲੀਟ ਕਰਵਾਉਣ ਲਈ ਕੋਠੀ ਮਾਲਕਾਂ 'ਤੇ ਜ਼ੋਰ ਪਾਇਆ ਜਿਸ ਕਰਕੇ ਉਹਨਾਂ ਇੱਕ ਫਰਜੀ ਕਹਾਣੀ ਬਣਾ ਕੇ ਪੁਲਿਸ ਕੋਲ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਤਰਕਸ਼ੀਲ ਸੁਸਾਇਟੀ ਖਿਲਾਫ ਸ਼ਿਕਾਇਤ ਕਰ ਦਿੱਤੀ। ਪੁਲੀਸ ਐੱਸ.ਐੱਚ.ਓ. ਨੇ ਤਰਕਸ਼ੀਲ ਮੈਂਬਰਾਂ ਨੂੰ ਥਾਣੇ ਬੁਲਾਇਆ। ਜਦੋਂ ਤਰਕਸ਼ੀਲ ਆਗੂਆਂ ਨੇ ਥਾਣੇ ਜਾ ਕੇ ਸਾਰੀ ਗੱਲ ਸਪਸ਼ਟ ਕੀਤੀ ਅਤੇ ਸਬੰਧਿਤ ਵੀਡੀਓ ਵਿਖਾਈ, ਉਹਨਾਂ ਨੂੰ ਉਸ ਵਿੱਚ ਕੋਈ ਵੀ ਇਤਰਾਜ਼ਯੋਗ ਭਾਸ਼ਾ ਨਹੀਂ ਸੁਣੀ। ਐੱਸ.ਐੱਚ.ਓ. ਨੇ ਪੁਲੀਸ ਦੇ ਏ.ਐੱਸ.ਆਈ. ਦੀ ਡਿਊਟੀ ਏਰੀਏ ਵਿੱਚੋਂ ਹੋਰ ਪੁੱਛ ਗਿੱਛ ਕਰਨ ਲਈ ਲਾ ਦਿੱਤੀ। ਐੱਸ.ਐੱਚ.ਓ. ਦੇ ਸਾਹਮਣੇ ਹੀ ਏ.ਐੱਸ.ਆਈ. ਨੇ ਤਰਕਸ਼ੀਲ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਇਸ ਮਸਲੇ ਨੂੰ ਹੱਲ ਕਰਨ ਲਈ ਦੋਵਾਂ ਧਿਰਾਂ ਨਾਲ ਗੱਲਬਾਤ ਕਰਦਿਆਂ ਇਹ ਸਿੱਟਾ ਕੱਢਿਆ ਕਿ ਵੀਡੀਓ ਡਲੀਟ ਕਰਨ 'ਤੇ ਮਸਲਾ ਹੱਲ ਹੋ ਸਕਦਾ ਹੈ। ਜਦੋਂ ਤਰਕਸ਼ੀਲ ਆਗੂਆਂ ਤੋਂ ਇਹ ਵੀਡੀਓ ਡਿਲੀਟ ਕਰਨ ਲਈ ਪੁੱਛਿਆ ਤਾਂ ਉਹਨਾਂ ਇਸ ਸ਼ਰਤ 'ਤੇ ਵੀਡੀਓ ਡਲੀਟ ਕਰਨ ਲਈ ਸਹਿਮਤੀ ਦਿੱਤੀ ਕਿ ਜੇਕਰ ਸ਼ਿਕਾਇਤ ਕਰਤਾ ਇਹ ਲਿਖਕੇ ਦੇਣ ਕਿ ਸ਼ਹਿਦ ਟਪਕਣ ਵਾਲੀ ਘਟਨਾ ਗਲਤ ਸੀ ਅਤੇ ਅੱਗੇ ਤੋਂ ਅਸੀਂ ਕਦੀ ਵੀ ਅਜਿਹਾ ਨਹੀਂ ਕਰਾਂਗੇ। ਪੁਲਿਸ ਦੀ ਹਾਜ਼ਰੀ ਵਿੱਚ ਸ਼ਿਕਾਇਤ ਕਰਤਾ ਨੇ ਉਪਰੋਕਤ ਅਨੁਸਾਰ ਲਿਖਕੇ ਦੇ ਦਿੱਤਾ ਅਤੇ ਆਪਣੀ ਸ਼ਿਕਾਇਤ ਦਫ਼ਤਰ ਦਾਖਲ ਕਰਨ ਲਈ ਸਹਿਮਤੀ ਦੇ ਦਿੱਤੀ। ਇਸ ਤਰ੍ਹਾਂ ਸਾਰਾ ਮਾਮਲਾ ਖਤਮ ਹੋ ਗਿਆ।

**-ਜਸਵੰਤ ਜੀਰਖ**

**ਇਕਾਈ ਅੰਮ੍ਰਿਤਸਰ : ਕੋਰੋਨਾ ਸੰਕਟ 'ਤੇ ਵਿਸ਼ੇਸ਼ ਮੀਟਿੰਗ :** ਵਾਇਰਸ ਦੀ ਮਹਾਂਮਾਰੀ ਅਤੇ ਆਰਥਿਕ ਸੰਕਟ ਦੇ ਵਿਸ਼ੇ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਨੂੰ ਉੱਘੇ

ਤਰਕਸ਼ੀਲ ਚਿੰਤਕ ਅਤੇ ਲੇਖਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸੰਬੋਧਨ ਕੀਤਾ। ਡਾ. ਦੀਪਤੀ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕੋਰੋਨਾ ਵਾਇਰਸ ਦਾ ਯੋਜਨਾਬੱਧ ਵਿਗਿਆਨਕ ਢੰਗ ਨਾਲ ਟਾਕਰਾ ਕਰਨ ਦੀ ਬਜਾਏ ਦੇਸ਼ ਵਿੱਚ ਡਰ ਅਤੇ ਦਹਿਸ਼ਤ ਦਾ ਮਹੌਲ ਪੈਦਾ ਕੀਤਾ ਗਿਆ ਹੈ। ਇਸ ਮੌਕੇ ਇਕਾਈ ਮੁਖੀ ਸੁਮੀਤ ਸਿੰਘ, ਤਰਕਸ਼ੀਲ ਆਗੂਆਂ ਕਾ. ਬਲਵਿੰਦਰ ਦੁਧਾਲਾ, ਅਮਰਜੀਤ ਬਾਈ, ਜਸਪਾਲ ਬਾਸਰਕੇ, ਮਨਜੀਤ ਬਾਸਰਕੇ ਅਤੇ ਧਰਵਿੰਦਰ ਕੋਹਾਲੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਆਗੂਆਂ ਮਾਸਟਰ ਕੁਲਜੀਤ ਵੇਰਕਾ, ਅਸ਼ਵਨੀ ਕੁਮਾਰ, ਸੁਖਜੀਤ ਸਿੰਘ, ਮੇਜਰ ਸਿੰਘ, ਹਰਜਿੰਦਰ ਸਿੰਘ ਜਲਾਲਪੁਰ, ਕੰਵਲਜੀਤ ਸਿੰਘ, ਰਮੇਸ਼ ਕੁਮਾਰ, ਬਨਾਰਸੀ ਦਾਸ ਤੋਂ ਇਲਾਵਾ ਮੈਡਮ ਊਸ਼ਾ ਦੀਪਤੀ, ਡਾ. ਰਿਤੂ ਦੀਪਤੀ, ਸੰਨੀ ਦੀਪਤੀ ਅਤੇ ਬਲਦੇਵ ਸਿੰਘ ਨੇ ਕਰੋਨਾ ਵਾਇਰਸ ਦੇ ਰੋਕਥਾਮ ਸਬੰਧੀ ਹੋਏ ਵਿਚਾਰ ਵਟਾਂਦਰੇ ਵਿੱਚ ਭਾਗ ਲਿਆ।

**ਕੌਮਾਂਤਰੀ ਮਜ਼ਦੂਰ ਦਿਵਸ**

ਮਿਹਨਤਕਸ਼ ਲੋਕਾਂ ਦੇ ਜਮਹੂਰੀ ਹੱਕਾਂ ਲਈ ਜਾਨਾਂ ਵਾਰਨ ਵਾਲੇ ਸ਼ਿਕਾਗੋ ਦੇ ਅਮਰ ਸ਼ਹੀਦਾਂ ਨੂੰ ਸਮਰਪਿਤ ਕੌਮਾਂਤਰੀ ਮਜ਼ਦੂਰ ਦਿਵਸ ਸਥਾਨਕ ਮੋਹਣੀ ਪਾਰਕ ਵਿਖੇ ਮਨਾਇਆ ਗਿਆ ਜਿਸ ਮੌਕੇ ਲਾਲ ਝੰਡੇ ਨੂੰ ਸਲਾਮੀ ਦੇ ਕੇ ਕਿਰਤੀ ਜਮਾਤ ਲਈ ਸੰਘਰਸ਼ ਕਰਨ ਦਾ ਅਹਿਦ ਲਿਆ ਗਿਆ। ਇਸ ਮੌਕੇ ਅਧਿਆਪਕ ਯੂਨੀਅਨ ਦੇ ਸਾਬਕਾ ਆਗੂ ਅਤੇ ਸੇਵਾ ਮੁਕਤ ਪ੍ਰਿੰਸੀਪਲ ਕਾਮਰੇਡ ਕੁਲਦੀਪ ਸਿੰਘ ਮਾਹਵਾ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ ਟੀਚਿੰਗ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਕਾਮਰੇਡ ਸੁਖਮਿੰਦਰ ਰੰਧਾਵਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਅੰਮ੍ਰਿਤਸਰ ਇਕਾਈ ਦੇ ਮੁਖੀ ਸੁਮੀਤ ਸਿੰਘ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਦਿੱਤੀ। ਇਸ ਮੌਕੇ ਤਰਕਸ਼ੀਲ ਦਮਨਜੀਤ ਕੌਰ, ਸੇਵਾ ਮੁਕਤ ਸੁਪਰਡੈਂਟ ਕੁਲਦੀਪ ਕੌਰ, ਹੈੱਡ ਮਿਸਟਰੈੱਸ ਰਾਜਵਿੰਦਰ ਕੌਰ ਨੌਜਵਾਨ ਆਗੂ ਲਵਪ੍ਰੀਤ ਸਿੰਘ, ਨਵਰੀਤ ਅਤੇ ਨਵਜੀਤ ਆਦਿ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਦੌਰਾਨ ਅੰਮ੍ਰਿਤਸਰ ਇਕਾਈ ਦੇ ਹੋਰਨਾਂ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਅਸ਼ਵਨੀ ਕੁਮਾਰ, ਕਾਮਰੇਡ ਬਲਵਿੰਦਰ ਦੁਧਾਲਾ ਮਨਜੀਤ ਬਾਸਰਕੇ, ਸੁਖਮੀਤ ਸਿੰਘ, ਐਡਵੋਕੇਟ ਅਮਰਜੀਤ ਬਾਈ, ਮਾਸਟਰ ਕੁਲਜੀਤ ਵੇਰਕਾ, ਧਰਵਿੰਦਰ ਕੋਹਲੀ, ਕੰਵਲਜੀਤ ਸਿੰਘ, ਰਮੇਸ਼ ਕੁਮਾਰ ਆਦਿ ਵੱਲੋਂ ਵੀ ਆਪਣੇ ਆਪਣੇ ਖੇਤਰਾਂ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। **ਸੁਮੀਤ ਸਿੰਘ**

*ਪੰਨਾ 46 ਦਾ ਬਾਕੀ...*

ਲਈ ਵੀ ਚਾਹੀਦਾ ਹੈ, ਸਿਆਲ ਅਤੇ ਗਰਮੀ ਵਿੱਚ ਪਾਉਣ ਵਾਲੇ ਕੱਪੜੇ ਜਿਹੜੇ ਉਸਦੇ ਪਹਿਨਣਯੋਗ ਹੋਣ, ਨਹੀਂ ਤਾਂ ਵਿਛੜੀ ਰੂਹ ਨੂੰ ਕਸ਼ਟ ਝੱਲਣਾ ਪਵੇਗਾ।

ਇਸੇ ਪ੍ਰਕਾਰ ਇਹ ਅਖੌਤੀ ਧਰਮ ਗੁਰੂ ਮਨੁੱਖ ਦੀ ਹੈਸੀਅਤ ਵੇਖ ਕੇ ਕਹਿੰਦੇ ਹਨ ਕਿ ਤੁਹਾਡਾ ਪਿਤਰ ਤਾਂ ਪਿਆਸਾ ਹੈ, ਪਾਣੀ ਦਾ ਪ੍ਰਬੰਧ ਕਰੋ, ਚਾਂਦੀ ਜਾਂ ਫਿਰ ਸੋਨੇ ਜਾਂ ਪਿੱਤਲ ਦੀ ਗਾਗਰ ਲੈ ਕੇ ਪੁੰਨ ਕਰੋ ਤਾਂ ਹੀ ਕਿਤੇ ਜਾ ਕੇ ਤੁਹਾਡੇ ਪਿਤਰ ਦੇ ਪੀਣ ਲਈ ਪਾਣੀ ਦਾ ਪ੍ਰਬੰਧ ਹੋਵੇਗਾ। ਪੀੜਤ ਮਨੁੱਖ ਇਹ ਨਹੀਂ ਸੋਚਦਾ ਕਿ ਜਿਹੜੀ ਆਤਮਾ ਦਾ ਸਰੀਰ ਹੀ ਨਹੀਂ ਉਹ ਪਾਣੀ ਕਿਵੇਂ ਪੀਵੇਗੀ। ਜੇਕਰ ਕੋਈ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਆਖਦੇ ਹਨ, "ਗੁਰੂ 'ਤੇ ਪੂਰੀ ਸ਼ਰਧਾ ਰੱਖੋ। ਨਹੀਂ ਤਾਂ ਸਾਰੇ ਕਰਮ ਨਿਸ਼ਫਲ ਜਾਣਗੇ।" ਸਾਧਾਰਨ ਮਨੁੱਖ ਹਮੇਸ਼ਾ ਡਰਦਾ ਹੈ।

ਸੋ, ਧਰਮ ਗੁਰੂ ਮਰਨ ਉਪਰੰਤ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਡਰ ਦੇ ਕੇ ਬਹੁਤ ਸਾਰੀਆਂ ਆਰਥਿਕ ਵਸਤਾਂ ਮਰਨ ਵਾਲੇ ਦੇ ਪਰਿਵਾਰ ਕੋਲੋਂ ਠੱਗ ਲੈਂਦੇ ਹਨ ਜਾਂ ਫਿਰ ਉਸਦੇ ਜਿਉਂਦੇ ਜੀਅ ਵੀ ਅਜਿਹਾ ਕਰ ਲੈਂਦੇ ਹਨ। ਸਵਰਗਾਂ ਦੇ ਰਾਹ ਵਿੱਚ ਪੈਣ ਵਾਲੀ ਇੱਕ ਨਦੀ ਦਾ ਜ਼ਿਕਰ ਆਮ ਹੀ ਕੀਤਾ ਜਾਂਦਾ ਹੈ ਜਿਸ ਨੂੰ 'ਬੈਤਰਨੀ' ਆਖਿਆ ਜਾਂਦਾ ਹੈ। ਇਸ ਨਦੀ ਵਿੱਚ ਲਹੂ ਤੇ ਰਾਧ (ਪੀਕ) ਵਗਦੀ ਆਖੀ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਇਸ ਨੂੰ ਪਾਰ ਕਰਨਾ ਅਤਿਅੰਤ ਔਖਾ ਹੈ। ਇਸ ਨੂੰ ਉਹੋਂ ਮਨੁੱਖ ਪਾਰ ਸਕਦਾ ਹੈ ਜਿਸਨੇ ਆਪਣੇ ਜੀਵਨ ਵਿੱਚ ਗਊ ਦਾਨ ਕੀਤੀ ਹੋਵੇ ਜਾਂ ਫਿਰ ਉਸਦੇ ਵਾਰਸ ਅਜਿਹਾ ਕਰਨ, ਨਹੀਂ ਤਾਂ ਉਹ ਨਦੀ ਦੇ ਕਿਨਾਰੇ 'ਪ੍ਰੇਤ' ਬਣਿਆ ਵਿਚਰਦਾ ਰਹਿੰਦਾ ਹੈ। ਭਲਾ ਕੋਈ ਪੁੱਛੇ ਕਿ ਅਖੌਤੀ ਸਵਰਗਾਂ ਤੱਕ ਪਹੁੰਚਣ 'ਚ ਉਸ ਦੀ ਸਹਾਇਤਾ ਗਾਂ ਕਿਵੇਂ ਕਰੇਗੀ, ਹੈ ਨਾ ਅਣਹੋਣੀ ਗੱਲ। ਇਹ ਸਾਰਾ ਕੁੱਝ ਸਾਧਾਰਨ ਲੋਕਾਂ ਦੀ ਜੇਬ 'ਚੋਂ ਪੈਸਾ ਕਢਵਾਉਣ ਨਾਲ ਜੁੜਿਆ ਹੋਇਆ ਹੈ, ਕੁੱਝ ਵਿਹਲੜ ਲੋਕ ਪਖੰਡ ਦੇ ਸਹਾਰੇ ਮੌਜ ਕਰ ਰਹੇ ਹਨ ਤੇ ਸਾਧਾਰਨ ਮਨੁੱਖਾਂ ਨੂੰ ਗੁੰਮਰਾਹ ਕਰਕੇ ਆਨੰਦ ਮਾਣਦੇ ਹਨ। ਸੋ ਲੋਕਾਂ ਨੂੰ ਇਸ ਲੁੱਟ ਤੋਂ ਬਚਾਉਣ ਲਈ ਤਰਕਸ਼ੀਲਤਾ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਜਦੋਂ ਮਨੁੱਖ ਸੋਚਣਸ਼ੀਲ ਹੋ ਜਾਵੇਗਾ, ਅੰਧਵਿਸ਼ਵਾਸਾਂ ਦਾ ਇਹ ਹਨੇਰਾ ਦੂਰ ਹੋਵੇਗਾ। ਅਧਿਐਨ ਅਤੇ ਚਿੰਤਨ ਨਾਲ ਹੀ ਇਹ ਸੰਭਵ ਹੋ ਸਕਦਾ ਹੈ।



(ਸ੍ਰੋਤ : ਕਿਤਾਬ 'ਮਰਨ ਕਿਨਾਰੇ ਆਦਮੀ ਦੀ ਆਤਮ ਕਥਾ' ਵਿੱਚੋਂ)

**ਪੰਜਾਬੀ ਅਨੁਵਾਦ : ਪਵਨ ਰੱਤੋਂ**

# ਕੋਰੋਨਾ ਤੋਂ ਪਹਿਲਾਂ ਅਤੇ ਬਾਅਦ ਦੀ ਦੁਨੀਆਂ



**ਜਸਵੰਤ ਮੋਹਾਲੀ**

ਕਹਿੰਦੇ ਹਨ ਕਿ ਕੋਰੋਨਾ ਤੋਂ ਬਾਅਦ ਦੁਨੀਆਂ ਪਹਿਲਾਂ ਵਰਗੀ ਨਹੀਂ ਰਹੇਗੀ, ਇਹ ਬਦਲੇਗੀ। ਪਰ ਇਹ ਬਦਲੇਗੀ ਉੱਥੇ ਹੀ ਜਿੱਥੇ ਮੱਥਿਆਂ ਵਿੱਚ ਸੁਆਲ ਉੱਠਣਗੇ। ਜਿੱਥੇ ਦਿਮਾਗਾਂ 'ਤੇ ਲੌਕਡਾਊਨ ਨਹੀਂ। ਵੈਸੇ ਕੋਰੋਨਾ ਤੋਂ ਪਹਿਲਾਂ ਦੀ ਦੁਨੀਆਂ ਕੀ ਸੀ? ਕੋਵਿਡ-19 ਨਾਲ ਭਾਰਤ ਵਿੱਚ ਹੁਣ ਤੱਕ ਇੱਕ ਦਿਨ ਵਿੱਚ ਔਸਤ 140 ਮੌਤਾਂ ਹੋਈਆਂ ਹਨ। ਇੱਕ ਹੋਰ 'ਬਿਮਾਰੀ' ਜੋ ਪਹਿਲਾਂ ਵੀ ਸੀ ਅਤੇ ਹੁਣ ਵੀ ਹੈ, ਜਿਸ ਨਾਲ ਭਾਰਤ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਔਸਤ ਤਿੰਨ ਹਜ਼ਾਰ ਬੱਚੇ ਹਰ ਰੋਜ਼ ਮਰ ਜਾਂਦੇ ਹਨ। ਇਹ ਬਿਮਾਰੀ ਹੈ ਭੁੱਖਮਰੀ ਦੀ।ਇਸਦੀ ਵੈਕਸੀਨੇਸ਼ਨ ਵੀ ਮੌਜੂਦ ਹੈ- ਭੋਜਨ। ਅਤੇ ਉਸਦੀ ਕੋਈ ਘਾਟ ਵੀ ਨਹੀਂ। ਪਰ ਇਨ੍ਹਾਂ ਮੌਤਾਂ ਦੀ ਚਰਚਾ ਕੋਈ ਮੁੱਖ ਧਾਰਾਈ ਮੀਡੀਆ ਨਹੀਂ ਕਰਦਾ ਕਿਉਂਕਿ ਉਸਨੇ ਕਮਾਈ ਇਸ਼ਤਿਹਾਰਾਂ ਤੋਂ ਕਰਨੀ ਹੈ। ਜਿੰਨਾਂ ਦੇ ਇਸ਼ਤਿਹਾਰ ਦੇਣੇ ਹਨ ਅਤੇ ਜਿੰਨਾਂ ਲਈ ਦੇਣੇ ਹਨ ਦੋਵਾਂ ਦੀ ਬਿਨਾਂ ਮਾਸ ਹੱਡੀਆਂ ਦੇ ਪਿੰਜਰਾਂ ਵਿੱਚ ਕੋਈ ਦਿਲਚਸਪੀ ਨਹੀਂ ਹੈ।ਜਿਵੇਂ ਜਿਵੇਂ ਅਸੀਂ ਪੰਜ ਟ੍ਰਿਲੀਅਨ ਇਕੌਨਮੀ ਵੱਲ ਵਧਾਂਗੇ, ਪੂੰਜੀ ਦੇ ਅੰਬਾਰ ਹੋਰ ਉੱਚੇ ਹੋਣਗੇ, ਗਰੀਬੀ ਦੀ ਖਾਈ ਹੋਰ ਡੂੰਘੀ ਹੋਵੇਗੀ ਅਤੇ ਇਸ ਤਰ੍ਹਾਂ ਸਿਸਟਮ ਵੱਲੋਂ ਮਾਰੇ ਜਾ ਰਹੇ ਇਨ੍ਹਾਂ ਬੱਚਿਆਂ ਦੀ ਗਿਣਤੀ ਉਸੇ ਤੇਜੀ ਨਾਲ ਵਧੇਗੀ। ਟੀਵੀ ਕੁੱਝ ਵੀ ਨਾ ਹੋਣ ਦੀਆਂ ਖਬਰਾਂ ਦਿੰਦਾ ਰਹੇਗਾ। ਕਰੋਨਾ ਤੋਂ ਅਸੀਂ ਏਨਾ ਕਿਉਂ ਡਰੇ ਹੋਏ ਹਾਂ? ਕਿਉਂਕਿ ਇਹ ਲਾਗ ਨਾਲ ਫੈਲਣ ਵਾਲੀ ਬਿਮਾਰੀ ਹੈ। ਉਂਝ ਹਰ ਸਾਲ ਡੇਂਗੂ ਨਾਲ ਮੌਤਾਂ ਹੁੰਦੀਆਂ ਹਨ, ਪਰ ਕਦੇ ਏਨੇ ਨਹੀਂ ਡਰੇ ਕਿ ਕੂਲਰਾਂ ਚੋਂ ਪਾਣੀ ਕੱਢ ਦੇਈਏ ਜਾਂ ਆਪਣੇ ਆਸਪਾਸ ਪਾਣੀ ਜਮਾਂ ਨਾ ਹੋਣ ਦੇਈਏ। ਕੈਂਸਰ ਤੋਂ ਏਨੇ ਭੈਭੀਤ ਨਹੀਂ ਹੁੰਦੇ ਕਿ ਸਪਰੇਆਂ ਦੀ ਬੇਲੋੜੀ ਵਰਤੋਂ ਨਾ ਕਰੀਏ, ਸਿਗਰਟ ਬੀੜੀ ਤਮਾਕੂ ਛੱਡ ਦੇਈਏ। ਜੇਕਰ ਪੰਜਾਬ ਵਿੱਚ ਹਾਦਸਿਆਂ ਦੀ ਦਰ ਦੇਖੀਏ ਤਾਂ ਲੌਕਡਾਊਨ ਦੇ ਦੋ ਮਹੀਨਿਆਂ ਵਿੱਚ 900 ਤੋਂ ਵੱਧ ਬੰਦੇ ਮਰਨੇ ਸਨ। ਜਦਕਿ ਕੋਵਿਡ ਨਾਲ ਅਜੇ ਤੱਕ ਮਰਣ ਵਾਲਿਆਂ ਦੀ ਗਿਣਤੀ 150 ਵੀ ਨਹੀਂ ਟੱਪੀ। ਪਰ ਕਾਰ ਜਾਂ ਮੋਟਰਸਾਈਕਲ ਚਲਾਉਂਦਿਆਂ ਕਿੰਨਿਆਂ ਕੁ ਨੇ ਬੈਲਟ ਲਾਈ ਹੁੰਦੀ ਹੈ ਜਾਂ ਹੈਲਮਟ ਪਾਇਆ ਹੁੰਦਾ ਹੈ। ਜਨਤਕ ਥਾਂਵਾਂ 'ਤੇ ਥੁੱਕਣਾ ਸਾਡੀ ਆਦਤ ਹੈ। ਇੰਝ ਲਗਦਾ ਹੈ ਕਿ ਅਸੀਂ ਜਾਗਰੂਕ ਨਾਗਰਿਕ ਬਨਣਾ ਹੀ ਨਹੀਂ ਚਾਹੁੰਦੇ। ਕਤਾਰ ਵਿੱਚ ਖੜ੍ਹੇ ਅਖੀਰਲੇ ਗਰੀਬ ਬੰਦੇ ਵੱਲ ਦੇਖ ਕੇ ਨੀਤੀ ਬਨਾਉਣ ਦੀ ਗੱਲ ਕਦੋਂ ਦੀ ਭੁਲਾਈ ਜਾ ਚੁੱਕੀ ਹੈ। ਮੋਦੀ ਸਰਕਾਰ ਨੇ ਪਹਿਲਾਂ ਨੋਟਬੰਦੀ ਕੀਤੀ ਸੀ। ਹੁਣ ਤਾਲਾਬੰਦੀ। ਕੋਈ ਤਿਆਰੀ ਨਹੀਂ ਕੀਤੀ। ਸਿਰਫ ਹੁਕਮ ਦਿੱਤਾ, 'ਘਰ ਪਰ ਹੀ ਰਹੋਂ'। ਗਰੀਬ ਕਿਰਤੀ ਕੋਲ ਘਰ ਨਹੀਂ ਹੁੰਦਾ, ਕਿਰਾਏ ਦੀ ਖੋਲੀ ਹੈ ਜਿਸ ਤੋਂ ਬਾਹਰ ਕੰਮ ਲਈ ਜਾਏਗਾ ਤਾਂ ਹੀ ਜਿਉਂਦਾ ਰਹਿ ਸਕੇਗਾ। ਉਹ ਹਰ ਪਲ ਜਿਉਂਦੇ ਰਹਿਣ ਦੀ ਕਮਾਈ ਨਾਲੋ-ਨਾਲ ਕਰਦਾ ਹੈ। ਇੱਕੀ ਦਿਨਾਂ ਬਾਦ ਉਸ ਦਾ ਸਬਰ ਉਦੋਂ ਟੁੱਟ ਗਿਆ ਜਦੋਂ ਅਗਲੇ ਹੋਰ ਵੀਹ ਦਿਨਾਂ ਲਈ 'ਘਰ ਪੇ ਹੀ ਰਹੋਂ' ਦਾ ਹੁਕਮ ਹੋ ਗਿਆ। ਫਿਰ ਉਹ ਘਰੇ ਜਾਣ ਲਈ ਦਿੱਲੀ, ਬੰਬੇ, ਸੂਰਤ ਆਦਿ ਦੇ ਰੇਲਵੇ ਸਟੇਸ਼ਨਾਂ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚ ਗਏ। ਪੁਲੀਸ ਦੀ ਲਾਠੀ ਡਿਊਟੀ 'ਤੇ ਹਾਜ਼ਰ ਹੋ ਗਈ। ਰਾਸ਼ਨ ਦਾ ਸਟਾਕ ਕਰਕੇ ਬੈਠਿਆਂ ਨੂੰ ਟੀਵੀ ਦੇ ਇਸ ਸੀਨ ਚੋਂ ਮੋਦੀ ਦੀ ਅਸਫਲਤਾ ਦੀ ਝਲਕ ਅਜੇ ਮਿਲੀ ਹੀ ਸੀ ਕਿ ਗੋਦੀ ਮੀਡੀਆ ਦੀ ਬੰਬੇ ਬਾਂਦਰਾ ਸਟੇਸ਼ਨ ਦੀ ਰਿਪੋਰਟ ਨੇ ਉਸਨੂੰ ਇਕ ਨਵਾਂ ਮੋੜ ਦੇ ਦਿੱਤਾ। 'ਆਖਰ ਕਿਰਤੀਆਂ ਦੀ ਇਹ ਭੀੜ ਮਸਜਿਦ ਦੇ ਬਾਹਰ ਕਿਉਂ ਇਕੱਠੀ ਹੋਈ'? ਟੀਵੀ ਦੇ ਦਰਸ਼ਕ ਨੂੰ ਇਸ ਨਾਲ ਮੋਦੀ ਨੀਤੀ ਦੀ ਅਸਫਲਤਾ ਤੋਂ ਹੋਣ ਜਾ ਰਹੀ ਬੇਅਰਾਮੀ ਤੋਂ ਕੁੱਝ ਰਾਹਤ ਮਿਲੀ। ਮਨ ਵਿੱਚੋਂ ਉੱਠੇ ਭਾਵਾਂ ਨੇ ਘੱਟ ਗਿਣਤੀ ਪ੍ਰਤੀ ਨਫਰਤ ਵੱਲ ਮੋੜਾ ਕੱਟ ਲਿਆ। ਲੌਕਡਾਊਨ-1 ਸਮੇਂ ਪ੍ਰਧਾਨ ਮੰਤਰੀ ਦਾ ਬਿਆਨ ਸੀ 'ਜਾਨ ਹੈ ਤਾਂ ਜਹਾਨ ਹੈ'। ਅਗਲੀ ਵਾਰੀ ਹੋ ਗਿਆ, 'ਜਾਨ ਵੀ ਜਹਾਨ ਵੀ'। ਪਰ ਲੌਕਡਾਊਨ ਵਿੱਚੋਂ ਨਿਕਲਣ ਦਾ ਰਸਤਾ ਨਜ਼ਰ ਨਹੀਂ ਆਇਆ ਤਾਂ ਸਿਰਫ ਜਹਾਨ ਯਾਨਿ ਇਕੌਨਮੀ ਦਾ ਫਿਕਰ ਰਹਿ ਗਿਆ, ਜਾਨ ਦੀ ਤੁਸੀਂ ਖੁਦ ਜਾਣੋ। ਫਿਰ ਤਾਂ ਪ੍ਰਵਚਨ ਸ਼ੁਰੂ ਹੋ ਗਏ। 'ਇਸ ਬਿਮਾਰੀ ਕੋ ਅਵਸਰ ਮੇਂ ਬਦਲ ਦੋ'। ਅਵਸਰ ਮਿਲ ਗਿਆ- ਅਜਿਹਾ ਪੀ. ਐਮ. ਕੇਅਰ ਫੰਡ ਬਨਾਉਣ ਦਾ ਜਿਸਦਾ ਕੋਈ ਹਿਸਾਬ ਕਿਤਾਬ ਨਾ ਪੁੱਛ ਸਕੇ, ਮਿੱਲ ਮਾਲਕਾਂ ਵੱਲੋਂ ਅੱਠ ਘੰਟੇ ਦੀ ਥਾਂ ਬਾਰਾਂ ਘੰਟੇ ਕੰਮ ਕਰਾਉਣ ਦਾ। ਜਿੰਨਾਂ ਦੀਆਂ ਅੱਖਾਂ 'ਤੇ 'ਮੋਦੀਆ ਬਿੰਦ' ਉੱਤਰ ਆਇਆ ਹੈ ਉਨ੍ਹਾਂ ਲਈ ਭਾਰਤ ਦਾ ਰੁਤਬਾ ਅਮਰੀਕਾ, ਇਟਲੀ, ਸਪੇਨ ਦੇ ਬਰਾਬਰ ਹੋ

***...ਬਾਕੀ ਪੰਨਾ 49 'ਤੇ***

## ਸੰਘਰਸ਼ਸ਼ੀਲ, ਸਿਰੜੀ ਜ਼ਿੰਦਗੀ ਨੂੰ ਸਿਜਦਾ



ਬਾਪੂ ਗੁਰਦੇਵ ਸਿੰਘ

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਗਿੱਦੜਬਾਹਾ ਇਕਾਈ ਦੇ ਜਥੇਬੰਦਕ ਮੁਖੀ, ਲੋਕ ਗਾਇਕ ਜਗਸੀਰ ਜੀਦਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਜੀਦਾ ਇਕਾਈ ਦੇ ਪ੍ਰਧਾਨ ਕਾਕਾ ਸਿੰਘ ਦੇ ਸਤਿਕਾਰਯੋਗ ਬਾਪੂ ਗੁਰਦੇਵ ਸਿੰਘ ਜੀ 90 ਸਾਲ ਦਾ ਸੰਘਰਸ਼ ਮਈ ਜੀਵਨ ਗੁਜ਼ਾਰ 20 ਮਈ, 20 ਨੂੰ ਆਪਣਾ ਜੀਵਨ ਪੰਧ ਮੁਕਾ ਗਏ। ਤਕਨੀਕੀ ਕਾਰਣਾਂ ਕਰਕੇ ਉਹਨਾਂ ਦਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਭੇਂਟ ਨਹੀਂ ਹੋ ਸਕਿਆ।21 ਮਈ ਨੂੰ ਉਹਨਾਂ ਦੇ ਅੰਤਿਮ ਸੰਸਕਾਰ ਉਪਰੰਤ ਬਾਅਦ ਦੁਪਿਹਰ ਸਤਿਕਾਰ ਸਮਾਗਮ ਵਿੱਚ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਮੁੱਖ ਵਕਤਾ ਵਜੋਂ ਸ਼ਾਮਲ ਹੋਏ। ਉਹਨਾਂ ਵਿਛੜੇ ਸੰਘਰਸ਼ਸ਼ੀਲ ਬਾਪੂ ਦੀ ਜ਼ਿੰਦਗੀ ਨੂੰ ਸਲਾਮ ਕਰਦਿਆਂ ਉਹਨਾਂ ਵੱਲੋਂ ਸੰਘਰਸ਼ ਤੇ ਲੋਕ ਕਲਾ ਦੇ ਪਿੜ ਚ ਦੋ ਹੀਰੇ ਪੁੱਤਰ (ਕਾਕਾ ਸਿੰਘ, ਖੇਤ ਮਜ਼ਦੂਰ ਆਗੂ ਤੇ ਇਨਕਲਾਬੀ ਲੋਕ ਗਾਇਕ ਜਗਸੀਰ ਜੀਦਾ) ਦੇਣ ਦੇ ਮਹੱਤਵਪੂਰਨ ਯੋਗਦਾਨ ਨੂੰ ਸਿਜਦਾ ਕੀਤਾ। ਇੱਕੋ ਦਿਨ ਵਿੱਚ ਹੀ ਬਿਨਾਂ ਕਿਸੇ ਧਾਰਮਿਕ/ਸਮਾਜਿਕ ਅਡੰਬਰਾਂ ਤੋਂ ਹੋਇਆ ਇਹ ਪੰਜਾਬ ਦਾ ਪਹਿਲਾ ਸ਼ਰਧਾਂਜਲੀ ਸਮਾਗਮ ਸੀ। ਸਮਾਪਤੀ 'ਤੇ ਆਏ ਰਿਸ਼ਤੇਦਾਰਾਂ, ਸਨੇਹੀਆਂ ਨੂੰ ਬਾਪੂ ਦੀ ਯਾਦ ਵਿੱਚ ਬੂਟੇ ਵੰਡ ਕੇ ਵਿਦਾ ਕੀਤਾ ਗਿਆ।

**ਵਿਛੜੇ ਬਾਪੂ ਨੂੰ ਨਮਨ ਹੈ : ਬਿਖੜੇ ਪੈਂਡਿਆਂ ਤੇ ਸਿਦਕਦਿਲੀ ਨਾਲ ਤੁਰਨਾ ਕਿਰਤੀ ਬਾਪੂ ਦੇ ਜੀਵਨ ਦਾ ਸਬਕ ਹੈ। ਅਲਵਿਦਾ ਬਾਪੂ, ਤੇਰਾ ਲਹਿਰਾਉਂਦਾ ਸੂਹਾ ਪਰਚਮ ਸੰਘਰਸ਼ਾਂ ਨਾਲ ਚੰਗੇਰੇ ਭਵਿੱਖ ਦੀ ਆਸ ਬਣਿਆ ਰਹੇਗਾ।**

*...ਅਦਾਰਾ*

*ਵਾਰਤਕ ਅੰਸ਼*

## ਜਿਉਣ ਦੀ ਰਾਹ

ਜ਼ਿੰਦਗੀ ਦੀ ਮੜ੍ਹਕ ਕਾਇਮ ਰੱਖਣ ਤੇ ਇਸ 'ਚ ਬਰਾਬਰੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਰਾਹਾਂ 'ਚ ਅਨੇਕਾਂ ਔਕੜਾਂ ਹਨ ਤੇ ਨਿੱਤ ਨਵੀਆਂ ਚੁਣੌਤੀਆਂ। ਜੀਵਨ ਦੇ ਅਜਿਹੇ ਰਾਹਾਂ 'ਤੇ ਤੁਰਨਾ ਹਰੇਕ ਦੇ ਵੱਸ ਦਾ ਰੋਗ ਨਹੀਂ। ਘਰ ਪਰਿਵਾਰ ਦੀਆਂ ਸੀਮਤਾਈਆਂ, ਕੰਮ-ਕਾਜ ਤੇ ਦਫ਼ਤਰ ਦੇ ਰੁਝੇਵੇਂ, ਰਿਸ਼ਤੇਦਾਰ-ਮਿੱਤਰਾਂ ਦੀ ਕਬੀਲਦਾਰੀ ਮਨੁੱਖ ਨੂੰ ਘਰ ਤੱਕ ਹੀ ਸੀਮਤ ਰਹਿਣ ਲਈ ਮਜਬੂਰ ਕਰਦੀ ਹੈ ਪਰ ਜਦੋਂ 'ਤੀਸਰੀ ਅੱਖ' ਖੁਲ੍ਹਦੀ ਹੈ ਤਾਂ ਨਿੱਜ ਸਮੂਹ 'ਚ ਤਬਦੀਲ ਹੋਣ ਲਗਦਾ ਹੈ। ਮਨ ਜ਼ਿੰਦਗੀ ਦੇ ਪੈਰਾਂ 'ਚੋ ਅਗਿਆਨਤਾ, ਮਜਬੂਰੀਆਂ ਤੇ ਦੁਸ਼ਵਾਰੀਆਂ ਦੀਆਂ ਜ਼ੰਜ਼ੀਰਾਂ ਕੱਟਣ ਲਈ ਕੁਝ ਕਰਨ ਲਈ ਅਹੁਲਦਾ ਹੈ। ਮਨ 'ਚ ਅਜਿਹੀ ਇੱਛਾ ਜਾਗੇ ਤਾਂ ਆਪਣੇ ਘਰਾਂ, ਖੇਤਾਂ, ਦਫ਼ਤਰਾਂ ਤੇ ਸਕੂਲਾਂ 'ਚ ਹੱਕ ਤੇ ਇਨਸਾਫ਼ ਲੈਣ ਲਈ ਤੁਰੇ ਲੋਕਾਂ ਨਾਲ ਮੇਲ-ਮਿਲਾਪ ਹੁੰਦਾ ਹੈ। ਇਸ ਰਾਹ ਤੁਰਨ ਦਾ ਆਪਣਾ ਹੀ ਮਿਜ਼ਾਜ਼ ਹੈ। ਰਾਹ ਦੇ ਕੰਡੇ ਵੀ ਅੱਗੇ ਵੱਧਣ ਦਾ ਸਬੱਬ ਬਣਦੇ ਹਨ। ਮੰਜ਼ਿਲ 'ਤੇ ਸਾਬਤ ਕਦਮੀਂ ਤੁਰਨਾ ਜੀਵਨ ਦਾ ਸਕੂਨ ਬਣਨ ਲਗਦਾ ਹੈ। ਇਸ ਰਾਹ ਤੁਰਦਿਆਂ ਹੀ ਆਪਣੇ-ਬੇਗਾਨਿਆਂ ਦੀ ਪਛਾਣ ਹੁੰਦੀ ਹੈ। ਇਹੋ ਰਾਹ ਜ਼ਿੰਦਗੀ ਦੀ ਜਿੱਤ ਵੱਲ ਜਾਂਦਾ ਹੈ। ਇਸ ਮਾਰਗ 'ਤੇ ਤੁਰਦਿਆਂ ਅਨੇਕਾਂ ਅਜਿਹੇ ਮੰਜ਼ਰ ਆਉਂਦੇ ਹਨ ਜਿਹੜੇ ਪ੍ਰੇਰਨਾ ਸਰੋਤ ਬਣਨ ਦੇ ਨਾਲ ਨਾਲ ਯਾਦਾਂ ਦੇ ਝਰੋਖੇ 'ਚ ਸੁਰੱਖਿਅਤ ਹੋ ਕੇ ਇਕ ਸਬਕ ਛੱਡ ਜਾਂਦੇ ਹਨ। ਅਜਿਹਾ ਸਬਕ ਜਿਸ ਵਿਚ ਖੁਸ਼ੀ, ਸਕੂਨ ਤੇ ਜਿੱਤ ਦਾ ਨਸ਼ਾ ਹੁੰਦਾ ਹੈ। ਜੀਵਨ ਦੇ ਇਸ ਨਿਵੇਕਲੇ ਰਾਹ 'ਤੇ ਚੱਲਣ ਵਾਲੇ ਰਾਹੀ ਜੀਵਨ ਦੇ ਸੱਚੇ ਰਾਹੀ ਹੁੰਦੇ ਹਨ ਜਿੰਨ੍ਹਾਂ ਦੇ ਮਨਾਂ 'ਚ ਮੰਜ਼ਿਲ 'ਤੇ ਪਹੁੰਚਣ ਦੀ ਆਸ ਬੁਲੰਦੀ 'ਤੇ ਰਹਿੰਦੀ ਹੈ। ਇਹ ਆਸ ਹੀ ਉਨ੍ਹਾਂ ਦੇ ਕਦਮਾਂ 'ਚ ਸਿਦਕ ਬਣਕੇ ਲਗਾਤਾਰ ਤੁਰਦੇ ਰਹਿਣ ਦਾ ਕਾਰਣ ਬਣਦੀ ਹੈ। ਇਹੋ ਜਿਉਣ ਦਾ ਰਾਹ ਹੈ, ਜਿਸ ਵਿੱਚ ਭਰਮ ਮੁਕਤ ਸਮਾਜ, ਬਰਾਬਰੀ ਤੇ ਸੁਖਾਵੀਂ ਜ਼ਿੰਦਗੀ ਦਾ ਰਾਜ ਹੈ।

# ਨਾਇਕਾਂ ਦੀ ਆਸ

ਆਜ਼ਾਦੀ ਦੇ ਸੰਗਰਾਮ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ, ਫਾਂਸੀ ਦੇ ਰੱਸਿਆਂ ਨੂੰ ਹੱਸ ਕੇ ਚੁੰਮਣ ਵਾਲੇ ਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਭੁਗਤਣ ਵਾਲੇ ਨਾਇਕਾਂ ਨੇ ਅਜਿਹੀ ਆਜ਼ਾਦੀ ਦੀ ਕਲਪਨਾ ਹਰਗਿਜ਼ ਨਹੀਂ ਸੀ ਕੀਤੀ, ਜਿਸ ਵਿੱਚ ਅਸੀਂ ਜੀ ਰਹੇ ਹਾਂ। ਚੁਣੌਤੀਆਂ ਭਰੇ ਵਕਤ ਵਿੱਚ ਸਾਡੇ ਸ਼ਹੀਦ ਸਾਥੋਂ ਕੁਝ ਆਸ ਰੱਖਦੇ ਹਨ।

## ਕ੍ਰਾਂਤੀਕਾਰੀ ਜਰਨੈਲ : ਆਜ਼ਾਦ


ਜਨਮ ਦਿਨ
23 ਜੁਲਾਈ 1906

15 ਸਾਲ ਦੀ ਉਮਰ ਵਿੱਚ ਆਪਣਾ ਤੇ ਪਿਤਾ ਦਾ ਨਾਂ ਆਜ਼ਾਦੀ ਤੇ ਘਰ ਜੇਲ੍ਹ ਕਹਿਣ ਵਾਲਾ ਚੰਦਰ ਸੇਖਰ ਆਜ਼ਾਦ ਨਿਡਰ ਕ੍ਰਾਂਤੀਕਾਰੀ ਸੀ ਤੇ ਇਨਕਲਾਬੀ ਦਲ ਦਾ ਜਰਨੈਲ। 28 ਫਰਵਰੀ 1931 ਦੀ ਸ਼ਾਮ ਨੂੰ ਇਲਾਹਾਬਾਦ ਦੇ ਅਲਫਰੈਡ ਪਾਰਕ ਵਿੱਚ ਅੰਗਰੇਜ ਪੁਲਿਸ ਨਾਲ ਮੁਕਾਬਲਾ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਿਆ।

## ਗ਼ਦਰੀ ਸੂਰਬੀਰ: ਸ਼ਹੀਦ ਊਧਮ ਸਿੰਘ


ਸ਼ਹਾਦਤ
31 ਜੁਲਾਈ 1940

ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂ ਵਾਲਾ ਬਾਗ ਕਤਲੇਆਮ ਦੇ ਦੋਸ਼ੀ ਮਾਈਕਲ ਅਡਵਾਇਰ ਨੂੰ ਲੰਡਨ ਦੇ ਕੈਕਸਟਨ ਹਾਲ ਵਿੱਚ ਗੋਲੀ ਨਾਲ ਉਡਾਉਣ ਉਪਰੰਤ ਆਖਿਆ ਕਿ ਅੰਗਰੇਜਾਂ ਲਈ ਭਾਰਤੀ ਲੋਕਾਂ ਨੂੰ ਕੁਚਲ ਸਕਣਾ ਅਸੰਭਵ ਹੈ। ਮੈਂ ਅੰਗਰੇਜੀ ਆਤੰਕਵਾਦ ਦੇ ਪ੍ਰਭਾਵ ਹੇਠ ਤਰਸਯੋਗ ਹਾਲਤ ਵਿੱਚ ਜਿਉਣ ਨਾਲੋਂ ਆਪਣੇ ਲੋਕਾਂ ਖਾਤਰ ਮਰਨਾ ਚਾਹਾਂਗਾ।

## ਛੋਟੀ ਉਮਰ ਦਾ ਸ਼ਹੀਦ : ਖੁਦੀ ਰਾਮ ਬੋਸ


ਸ਼ਹਾਦਤ
11 ਅਗਸਤ 1908

ਆਜ਼ਾਦੀ ਦੇ ਸੰਗਰਾਮ ਵਿੱਚ ਮੁਜੱਫਰਪੁਰ ਕਾਂਸਪੀਰੇਸੀ (ਸਾਜਿਸ਼) ਵਿੱਚ ਗ੍ਰਿਫਤਾਰ ਹੋਇਆ ਬੋਸ ਛੋਟੀ ਉੱਮਰ ਵਿਚ ਸ਼ਹਾਦਤ ਦਾ ਜਾਮ ਪੀ ਗਿਆ। ਦੇਸ਼ ਭਗਤੀ ਦੀ ਪ੍ਰਚੰਡ ਭਾਵਨਾ ਨਾਲ ਆਜ਼ਾਦੀ ਦੇ ਘੋਲ ਵਿੱਚ ਕੁੱਦਿਆ ਬੋਸ 18 ਸਾਲ 8 ਮਹੀਨੇ ਤੇ 11 ਦਿਨ ਜਿਉਂ ਕੇ ਆਜ਼ਾਦੀ ਲਈ ਜਾਨ ਨਿਛਾਵਰ ਕਰ ਗਿਆ।

## ਸੁਹਿਰਦ ਇਨਕਲਾਬੀ : ਰਾਜਗੁਰੂ


ਜਨਮ ਦਿਨ
24 ਅਗਸਤ 1908

ਸੋਸ਼ਲਿਸਟ ਰੀਪਬਲਿਕਨ ਆਰਮੀ ਦਾ ਸੁਹਿਰਦ ਘੁਲਾਟੀਆ, ਸ਼ਹੀਦ ਭਗਤ ਸਿੰਘ ਹੁਰਾਂ ਦਾ ਪਿਆਰਾ ਸਾਥੀ, ਖੂਬਸੂਰਤ ਚੀਜਾਂ ਦਾ ਕਦਰਦਾਨ ਤੇ ਨਿਸ਼ਾਨੇ ਵੱਲ ਅਡੋਲ ਤੁਰਨ ਵਾਲਾ ਸੀ। ਉਹ ਸੁਹਿਰਦ ਇਨਕਲਾਬੀ ਸੀ। ਆਪਣੇ ਦੋ ਪਿਆਰੇ ਸਾਥੀਆਂ ਸ਼ਹੀਦ ਭਗਤ ਸਿੰਘ ਤੇ ਸੁਖਦੇਵ ਨਾਲ ਉਸਨੇ 23 ਮਾਰਚ, 1931 ਨੂੰ ਫਾਂਸੀ ਦਾ ਰੱਸਾ ਚੁੰਮਦਿਆਂ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕਰਕੇ ਦੇਸ਼ ਲਈ ਸ਼ਹਾਦਤ ਦਿੱਤੀ।

If undelivered please return to :

**Tarksheel**

Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..................................................

..................................................

..................................................